(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

# ਪਰਵਾਸ

ਜੁਲਾਈ-ਸਤੰਬਰ 2019




ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀ 21-22 ਫਰਵਰੀ, 2019 ਨੂੰ ਸ. ਰਵਨੀਤ ਸਿੰਘ ਬਿੱਟੂ (ਮੈਂਬਰ ਲੋਕ ਸਭਾ) ਦੀ ਪ੍ਰਧਾਨਗੀ ਹੇਠ ਕਰਵਾਈ ਗਈ ਅੰਤਰਰਾਸ਼ਟਰੀ ਕਾਨਫਰੰਸ ਦੀਆਂ ਝਲਕਾਂ






# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)

**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਸਰਪ੍ਰਸਤ**
ਸ. ਗੁਰਸ਼ਰਨ ਸਿੰਘ ਨਰੂਲਾ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ

**ਸੰਪਾਦਕ**
ਡਾ. ਭੁਪਿੰਦਰ ਸਿੰਘ
ਡਾ. ਤੇਜਿੰਦਰ ਕੌਰ
ਡਾ. ਮੁਨੀਸ਼ ਕੁਮਾਰ

**ਸਲਾਹਕਾਰ**
ਡਾ. ਗੁਰਪ੍ਰੀਤ ਸਿੰਘ
ਪ੍ਰੋ. ਸ਼ਰਨਜੀਤ ਕੌਰ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
9872631199
ਪ੍ਰੋ. ਮਨਜੀਤ ਸਿੰਘ ਛਾਬੜਾ
9815100791
ਡਾ. ਅੰਮ੍ਰਿਤਪਾਲ ਕੌਰ
8146565014
ਡਾ. ਲਖਵਿੰਦਰ ਸਿੰਘ ਜੌਹਲ
9417194812
ਡਾ. ਹਰਚੰਦ ਸਿੰਘ ਬੇਦੀ
9872867377

**ਸਹਿਯੋਗੀ (ਵਿਦੇਸ਼)**
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ.ਕੇ)
+447491073808
ਕੁਲਵਿੰਦਰ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

**ਪਰਵਾਸੀ ਸਾਹਿਤ ਅਧਿਅਨ ਕੇਂਦਰ**
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
**ਈ-ਮੇਲ: parvasggn@gmail.com**
**ਮੋ: 87290-80250,78379-01025**

# ਇਸ ਅੰਕ ਵਿਚ


| | | |
|---|---|---|
| **ਸੰਪਾਦਕੀ** | ਡਾ. ਸ. ਪ. ਸਿੰਘ | 5 |
| **ਇਸ ਅੰਕ ਦੇ ਲੇਖਕ: ਜਰਨੈਲ ਸਿੰਘ ਸੇਖਾ** | | |
| ਗਲਪਕਾਰ ਜਰਨੈਲ ਸਿੰਘ ਸੇਖਾ: ਮੁਲਾਕਾਤ | ਪ੍ਰੋ. ਸਰਬਜੀਤ ਸਿੰਘ | 6-13 |
| ਜਰਨੈਲ ਸਿੰਘ ਸੇਖਾ ਅਭਿਨੰਦਨ ਗ੍ਰੰਥ: ਜਾਣ-ਪਛਾਣ | ਡਾ. ਮੁਨੀਸ਼ ਕੁਮਾਰ | 14-16 |
| **ਕਹਾਣੀਆਂ**: | | |
| ਕਹਾਣੀ /ਨਾਬਰੀ | ਜਰਨੈਲ ਸਿੰਘ ਸੇਖਾ | 17-29 |
| ਕਹਾਣੀ /ਪਾਰਲੇ ਪੁਲ | ਸੁਰਜੀਤ ਕੌਰ | 30-43 |
| **ਕਵਿਤਾਵਾਂ/ ਨਜ਼ਮਾਂ /ਗ਼ਜ਼ਲਾਂ**: | | |
| ਪੰਜ /ਨਜ਼ਮਾਂ | ਸਰਬਜੀਤ ਸੋਹੀ | 44-47 |
| ਛੇ /ਨਜ਼ਮਾਂ | ਸੁਖਿੰਦਰ | 48-53 |
| ਤਿੰਨ /ਨਜ਼ਮਾਂ | ਮੋਹਨ ਗਿੱਲ | 54-55 |
| ਤਿੰਨ /ਗ਼ਜ਼ਲਾਂ | ਸੁਰਿੰਦਰ ਸਿਦਕ | 56-58 |
| ਦੋ /ਗ਼ਜ਼ਲਾਂ | ਰੁਪਿੰਦਰ ਸਿੰਘ ਦਿਓਲ | 59 |
| **ਸਮੀਖਿਆ**: | | |
| ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ | ਡਾ. ਅੰਮ੍ਰਿਤਪਾਲ ਕੌਰ | 60-68 |
| **ਪੁਸਤਕ ਚਰਚਾ** | | |
| ਯੁੱਗ ਬੋਧ: ਪਰਵਾਸੀ ਪੰਜਾਬੀ ਸਾਹਿਤ | ਡਾ. ਤੇਜਿੰਦਰ ਕੌਰ | 69-70 |
| ਪਰਵਾਸੀ ਪੰਜਾਬੀ ਸਾਹਿਤ ਵਿਭਿੰਨ ਸਰੋਕਾਰ | ਡਾ. ਕੁਲਦੀਪ ਸਿੰਘ ਧੀਰ | 71 |
| ਇਟਲੀ ਵਿਚ ਸਿੱਖ ਫ਼ੌਜੀ (ਦੂਜਾ ਵਿਸ਼ਵ ਯੁੱਧ) | ਮੋਤਾ ਸਿੰਘ ਸਰਾਏ | 72 |
| The Camel Merchant of Philadelphia | ਸ. ਸਰਬਪ੍ਰੀਤ ਸਿੰਘ | 73 |
| ਦਲਜੀਤ ਮੋਖਾ: ਅੱਗ ਦੀ ਤਾਰੀਖ਼ | ਡਾ. ਸਰਬਜੀਤ ਸਿੰਘ | 74-82 |
| ਹਰਕੀਰਤ ਕੌਰ ਚਹਿਲ ਨਾਵਲ: 'ਆਦਮ ਗ੍ਰਹਿਣ' | ਪ੍ਰੋ. ਸੋਨੀਆ ਰਾਣੀ | 83 |
| ਸੁਰਿੰਦਰ ਸਿਦਕ ਗ਼ਜ਼ਲ ਸੰਗ੍ਰਹਿ: 'ਕੁਝ ਤਾਂ ਕਹਿ' | ਡਾ. ਮੁਨੀਸ਼ ਕੁਮਾਰ | 84 |
| **ਸਾਹਿਤਕ ਸਰਗਰਮੀਆਂ**: | | |
| ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਸਰਗਰਮੀਆਂ: | | 85-90 |
| ਦੇਸ਼/ਵਿਦੇਸ਼ ਦੀਆਂ ਸਾਹਿਤਕ ਸਰਗਰਮੀਆਂ | | 91-97 |
| ਸ਼ਰਧਾਂਜਲੀ ਪੂਰਨ ਸਿੰਘ ਯੂ. ਕੇ. | | 98 |

# ਸੰਪਾਦਕੀ:



ਪਰਵਾਸ ਦੀ ਪ੍ਰਕਿਆ ਅਜੋਕੇ ਦੌਰ ਵਿੱਚ ਗਲੋਬਲੀ ਵਰਤਾਰੇ ਦਾ ਅੰਗ ਬਣ ਚੁੱਕੀ ਹੈ ਅਤੇ ਪਰਵਾਸੀ ਪੰਜਾਬੀ ਸਾਹਿਤ ਜਿਹੜਾ ਕਿ ਕੁਝ ਦਹਾਕਿਆਂ ਪਹਿਲਾਂ ਬਿਲਕੁਲ ਅਣਗੌਲਿਆ ਸੀ ਤੇ ਵਿਕੋਲਿਤਰੇ ਸਰੋਕਾਰਾਂ ਤੱਕ ਹੀ ਸੀਮਤ ਸੀ,ਅੱਜ ਇੱਕਵੀਂ ਸਦੀ ਦੇ ਵਿਕਸਤ ਪੂੰਜੀਵਾਦੀ ਵਿਵਸਥਾ, ਸੂਚਨਾ ਤੇ ਤਕਨਾਲੋਜੀ ਦੇ ਯੁੱਗ ਵਿਚ ਬਦਲਦੇ ਵਿਸ਼ਵੀ ਸਰੋਕਾਰਾਂ, ਵਿਚਾਰਧਾਰਾਵਾਂ, ਪ੍ਰਸਥਿਤੀਆਂ ਦੇ ਅੰਤਰਗਤ, ਪਰਵਾਸੀ ਪੰਜਾਬੀ ਸਾਹਿਤ ਵਿੱਚ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ।ਇਸ ਸਾਹਿਤਧਾਰਾ ਨੇ ਹਰ ਤਰ੍ਹਾਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਦਾ ਨਿਰੰਤਰ ਵਿਕਾਸ ਹੀ ਨਹੀਂ ਕੀਤਾ ਸਗੋਂ ਸਾਹਿਤਕਾਰਾਂ ਨੇ ਹਰ ਵਰਤਾਰੇ ਨੂੰ ਆਪਣੇ ਸਿਰਜਣਾਤਮਕ ਅਮਲ ਵਿੱਚ ਢਾਲਣ ਦਾ ਯਤਨ ਵੀ ਕੀਤਾ ਹੈ।

ਮੇਰੇ ਲਈ ਇਹ ਬੜੀ ਖੁਸ਼ੀ ਵਾਲੀ ਗੱਲ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਨੱਬੇਵਿਆਂ ਦਹਾਕੇ 'ਚ 'ਪਰਵਾਸ' ਨਾਂ ਦਾ ਸਾਹਿਤਕ ਮੈਗਜ਼ੀਨ ਹੋਂਦ ਵਿੱਚ ਆਇਆ। ਇਹ ਭਾਰਤ ਦਾ ਪਹਿਲਾ ਸਾਹਿਤਕ ਮੈਗਜ਼ੀਨ ਸੀ, ਜੋ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਸੀ ਪਰੰਤੂ ਮੇਰੇ ਕੁਝ ਪ੍ਰਸ਼ਾਸਨਿਕ ਰੁਝੇਵਿਆਂ ਕਾਰਨ ਇਹ ਸਾਹਿਤਕ ਮੈਗਜ਼ੀਨ ਪੰਜ ਸਾਲਾਂ ਤੀਕ ਹੀ ਆਪਣੀ ਨਿਰੰਤਰਤਾ ਬਰਕਰਾਰ ਰੱਖ ਸਕਿਆ ਪਰ ਹੁਣ ਇਸ ਸਾਹਿਤਕ ਮੈਗਜ਼ੀਨ ਨੂੰ ਗੁੱਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਨੇ ਇਸ ਦੀ ਪਰਵਾਸੀ ਪੰਜਾਬੀ ਸਾਹਿਤ ਪ੍ਰਤੀ ਸੁਹਿਰਦਤਾ ਦੀ ਪਛਾਣ ਕਰਦਿਆਂ ਹੋਇਆਂ ਅਤੇ ਗੁੱਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੀ ਸਰਪ੍ਰਸਤੀ ਅਧੀਨ ਇਸ ਨੂੰ 'ਤ੍ਰੈ-ਮਾਸਿਕ ਸਾਹਿਤਕ ਮੈਗਜ਼ੀਨ' ਵਜੋਂ ਰੂਪਾਂਤਰਿਤ ਕਰਨ 'ਚ ਅਹਿਮ ਤੇ ਸਾਰਥਕ ਯਤਨ ਆਰੰਭਿਆ ਹੈ।ਮੈਂ ਆਸ ਕਰਦਾ ਹਾਂ ਕਿ ਪਰਵਾਸੀ ਸਾਹਿਤ ਅਧਿਅਨ ਕੇਂਦਰ ਇਸ ਸਾਹਿਤਕ ਮੈਗਜ਼ੀਨ ਰਾਹੀਂ ਪਰਵਾਸੀ ਪੰਜਾਬੀ ਸਾਹਿਤਕਾਰਾਂ, ਉਨ੍ਹਾਂ ਦੀਆਂ ਸਾਹਿਤਕ ਸਿਰਜਣਾਵਾਂ ਦੇ ਨਾਲ-ਨਾਲ ਨਵੇਂ ਪਾਠਾਂ ਨੂੰ ਸਮੀਖਿਆਤਮਕ ਨਜ਼ਰੀਏ ਤੋਂ ਨਵੀਂ ਛੋਹ ਤੇ ਨਵੀਂ ਦਿੱਖ ਪ੍ਰਦਾਨ ਕਰਨ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਵੇਗਾ।ਇਸ ਦੇ ਲਈ ਮੈਂ ਗੁੱਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਦੇ ਅਹੁੱਦੇਦਾਰਾਂ, ਕਾਲਜ ਦੇ ਪ੍ਰਿੰਸੀਪਲ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਅਧਿਆਪਕ ਸਾਹਿਬਾਨਾਂ, ਪਰਵਾਸੀ ਸਾਹਿਤ ਅਧਿਅਨ ਕੇਂਦਰ ਅਤੇ ਇਸ ਮੈਗਜ਼ੀਨ ਨਾਲ ਸੰਬੰਧਤ ਸਰਪ੍ਰਸਤ, ਪ੍ਰਬੰਧਕ, ਸੰਪਾਦਕ, ਸਹਿਯੋਗੀ ਤੇ ਸਲਾਹਕਾਰਾਂ ਨੂੰ ਤਹਿ ਦਿਲੋਂ ਮੁਬਾਰਕਬਾਦ ਦਿੰਦਾ ਹਾਂ।

**ਡਾ. ਸ. ਪ. ਸਿੰਘ**
**ਸਾਬਕਾ ਵਾਈਸ ਚਾਂਸਲਰ**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

# ਗਲਪਕਾਰ ਜਰਨੈਲ ਸਿੰਘ ਸੇਖਾ: ਮੁਲਾਕਾਤ

**ਪ੍ਰੋ. ਸਰਬਜੀਤ ਸਿੰਘ**



ਕੈਨੇਡੀਅਨ ਪੰਜਾਬੀ ਸਹਿਤਕਾਰ ਜਰਨੈਲ ਸਿੰਘ ਸੇਖਾ ਨੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਜਿਵੇਂ ਕਹਾਣੀ, ਨਾਵਲ, ਕਵਿਤਾ, ਸਫ਼ਰਨਾਮਾ ਸਵੈ-ਜੀਵਨੀ ਵਿਚ ਰਚਨਾਤਮਕ ਯੋਗਦਾਨ ਪਾਇਆ ਹੈ ਪਰ ਸਾਹਿਤਕ ਜਗਤ ਵਿਚ ਉਨ੍ਹਾਂ ਦੀ ਪਛਾਣ ਇਕ ਗਲਪਕਾਰ ਵੱਜੋਂ ਸਥਾਪਿਤ ਹੋਈ ਹੈ।ਜਰਨੈਲ ਸਿੰਘ ਸੇਖਾ ਦੀ ਨਾਵਲ ਨਿਗਾਰੀ ਵਿਚੋਂ ਕੈਨੇਡੀਅਨ ਜੀਵਨ ਦੀਆਂ ਵਿਭਿੰਨ ਝਲਕਾਂ ਵੇਖਣ ਨੂੰ ਮਿਲਦੀਆਂ ਹਨ। ਜਰਨੈਲ ਸੇਖਾ ਨੂੰ ਹੁਣ ਤੱਕ ਵੱਖ-ਵੱਖ ਸਭਾਵਾਂ ਵੱਲੋਂ ਅਨੇਕਾਂ ਹੀ ਮਾਨ- ਸਨਮਾਨਾ ਨਾਲ ਨਿਵਾਜਿਆ ਗਿਆ ਹੈ।ਜਿਨਾਂ ਵਿਚੋਂ 'ਬਲਰਾਜ ਸਾਹਨੀ ਯਾਦਗਾਰੀ ਐਵਾਰਡ', ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ 'ਇਕਬਾਲ ਅਰਪਨ ਯਾਦਗਾਰੀ ਐਵਾਰਡ' 'ਤੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵੱਲੋਂ 'ਹਰਜੀਤ ਕੌਰ ਸਿੱਧੂ ਯਾਦਗਾਰੀ ਐਵਾਰਡ' ਪ੍ਰਮੁੱਖ ਹਨ। ਪਰਵਾਸ ਦੇ ਇਸ ਅੰਕ ਵਿਚ ਸੇਖਾ ਜੀ ਨਾਲ ਹੋਈ ਮੁਲਾਕਾਤ ਦੇ ਵੇਰਵਾ ਛਾਪਣ ਜਾ ਰਹੇ ਹਾਂ। ਮੁਲਾਕਾਤ ਕਰਤਾ ਹਨ ਪ੍ਰੋ ਸਰਬਜੀਤ ਸਿੰਘ ਸਰੀ (ਕੈਨੇਡਾ) ਤੋਂ ਤੇ (ਸਾਬਕਾ ਮੁਖੀ) ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ।



**ਸ. ਜਰਨੈਲ ਸਿੰਘ ਸੇਖਾ ਜੀ ਆਪਣੇ ਪਰਿਵਾਰਕ ਪਿਛੋਕੜ ਅਤੇ ਮੁੱਢਲੇ ਜੀਵਨ ਬਾਰੇ ਚਾਨਣਾ ਪਾਉ?**

**ਜ.** ਮੈਂ ਇਕ ਨਿਮਨ ਮੱਧ ਵਰਗ ਕਿਸਾਨੀ ਪਰਿਵਾਰ ਵਿਚ ਪੈਦਾ ਹੋਇਆ।ਦਸਵੀਂ ਦੇ ਸਰਟੀਫੀਕੇਟ ਅਨੁਸਾਰ ਮੇਰੀ ਜਨਮ ਤਰੀਕ 01 ਅਗਸਤ 1934 ਹੈ, ਪਰ ਮੇਰੀ ਮਾਂ ਦੇ ਦੱਸਣ ਅਨੁਸਾਰ ਇਹ ਸਹੀ ਨਹੀਂ ਹੈ। ਮੇਰਾ ਜਨਮ ਸਾਉਣ ਮਹੀਨੇ ਵਿਚ ਨਹੀਂ ਪੋਹ ਦੇ ਮਹੀਨੇ ਵਿਚ ਹੋਇਆ ਸੀ।ਪਿੰਡ ਸਾਡਾ ਸੇਖਾ ਕਲਾਂ, ਜ਼ਿਲਾ ਮੋਗਾ ਹੈ। ਮੈਂ 'ਪਿਦਰਮ ਸੁਲਤਾਨ ਬੂਦ' ਵਾਲੀ ਗੱਲ ਤਾਂ ਨਹੀਂ ਕਰਾਂਗਾ ਪਰ ਗੱਲ ਆਪਣੇ ਪੜਦਾਦੇ ਜਿਉਣ ਸਿੰਘ ਤੋਂ

ਸ਼ੁਰੂ ਕਰਦਾਂ। ਪੜਦਾਦੇ ਕੋਲ ਜੱਦੀ ਜ਼ਮੀਨ ਭਾਵੇਂ ਦਸ ਘੁਮਾਂ ਹੀ ਸੀ ਪਰ ਉਸ ਨੇ ਗਹਿਣੇ,ਬੈਅ ਜ਼ਮੀਨ ਲੈ ਕੇ ਦੋ ਹਲ਼ ਦੀ ਵਾਹੀ ਕੀਤੀ ਹੋਈ ਸੀ। ਮੇਰਾ ਦਾਦਾ ਸੱਜਣ ਸਿੰਘ ਉਹਦਾ ਇਕਲੋਤਾ ਪੁੱਤਰ ਸੀ, ਜਿਸ ਨੇ ਨਿੱਠ ਕੇ ਖੇਤੀ ਦਾ ਕੰਮ ਨਾ ਕੀਤਾ। ਅਗਾਂਹ ਮੇਰੇ ਦਾਦੇ ਦੇ ਚਾਰ ਪੁੱਤਰ ਸਨ। ਸਾਂਝਾ ਪਰਿਵਾਰ ਸੀ। ਤਿੰਨ ਭਰਾ ਖੇਤੀ ਕਰਦੇ ਸਨ ਅਤੇ ਚੌਥਾ ਭਰਾ ਟੀਚਰ ਸੀ। ਮੇਰਾ ਬਾਪ ਸ. ਮੁਹਿੰਦਰ ਸਿੰਘ ਸਭ ਤੋਂ ਵੱਡਾ ਸੀ। ਛੋਟੇ ਹੁੰਦੇ ਨੇ ਹੀ ਹਲ਼ ਦਾ ਮੁੰਨਾ ਫੜ ਲਿਆ ਸੀ। ਜਦੋਂ ਮੇਰੇ ਬਾਪ ਦਾ ਪਰਿਵਾਰ ਕੁੱਝ ਵੱਡਾ ਹੋਇਆ ਤਾਂ ਉਸ ਨੂੰ ਭਰਾਵਾਂ ਨਾਲੋਂ ਅੱਡ ਹੋਣਾ ਪੈ ਗਿਆ। ਤਿੰਨ ਕੁ ਘੁਮਾਂ ਜ਼ਮੀਨ ਹੀ ਹਿੱਸੇ ਆਈ, ਜਿਹੜੀ ਇਕ ਹਲ਼ ਲਈ ਥੋੜੀ ਸੀ, ਹਿੱਸੇ ਠੇਕੇ ਉੱਪਰ ਜ਼ਮੀਨ ਲੈ ਕੇ ਹਲ਼ ਵਾਹੀ ਦਾ ਕੰਮ ਚਲਾਉਣਾ ਪਿਆ।

ਅਸੀਂ ਦਸ ਭੈਣ ਭਰਾ ਸੀ। ਛੇ ਭਰਾ ਤੇ ਚਾਰ ਭੈਣਾਂ। ਖੇਤੀ ਤੋਂ ਬਿਨਾਂ ਹੋਰ ਕੋਈ ਆਮਦਨ ਦਾ ਵਸੀਲਾ ਹੀ ਨਹੀਂ ਸੀ। ਇਸ ਕਰਕੇ ਬਚਪਨ ਘੋਰ ਗਰੀਬੀ ਵਿਚ ਬੀਤਿਆ। ਭਾਵੇਂ ਕਿ ਘਰ ਵਿਚ ਗਰੀਬੀ ਸੀ ਪਰ ਸਾਡੇ ਬਾਪ ਨੇ ਸਾਨੂੰ ਪਿੰਡ ਦੇ ਸਕੂਲ ਵਿਚ ਪੜ੍ਹਨ ਜ਼ਰੂਰ ਲਾ ਦਿੱਤਾ ਸੀ। ਮੇਰਾ ਵੱਡਾ ਭਰਾ, ਮੱਲ ਸਿੰਘ, ਪੰਜਵੀਂ ਵਿਚੋਂ ਹਟ ਕੇ ਖੇਤੀ ਦੇ ਕੰਮ ਵਿਚ ਹੱਥ ਵਟਾਉਣ ਲੱਗ ਪਿਆ ਸੀ। ਦੂਸਰੀ ਸੰਸਾਰ ਜੰਗ ਸਮੇਂ ਤੇਰਾਂ ਕੁ ਸਾਲ ਦੇ ਮੁੰਡਿਆਂ ਨੂੰ ਬੱਚਾ ਕੰਪਨੀ ਵਿਚ ਭਰਤੀ ਕਰ ਲਿਆ ਜਾਂਦਾ ਸੀ। ਮੇਰਾ ਵੱਡਾ ਭਰਾ ਬੱਚਾ ਕੰਪਨੀ ਵਿਚ ਭਰਤੀ ਹੋ ਕੇ ਫੌਜ ਵਿਚ ਚਲਾ ਗਿਆ। ਮੈਥੋਂ ਵੱਡਾ ਮਲਕੀਤ ਸਿੰਘ, ਪੜ੍ਹਾਈ ਛੱਡ ਕੇ ਸਾਡੇ ਇਕ ਰਿਸ਼ਤੇਦਾਰ, ਸ. ਕੇਹਰ ਸਿੰਘ ਵਾਂਦਰ ਜਟਾਨਾ ਕੋਲ ਸਿਲਾਈ ਸਿੱਖਣ ਚਲਾ ਗਿਆ। ਮੈਂ ਭਰਾਵਾਂ ਵਿਚੋਂ ਤੀਜੇ ਨੰਬਰ 'ਤੇ ਹਾਂ। ਉਹਨਾਂ ਦੇ ਘਰੋਂ ਚਲੇ ਜਾਣ ਮਗਰੋਂ ਮੈਨੂੰ ਪੜ੍ਹਾਈ ਦੇ ਨਾਲ ਨਾਲ ਆਪਣੇ ਬਾਪ ਨਾਲ ਖੇਤੀਬਾੜੀ ਦਾ ਕੰਮ ਵੀ ਕਰਵਾਉਣਾ ਪੈਂਦਾ ਸੀ ਅਤੇ ਆਪਣੀ ਮਾਂ ਨਾਲ ਘਰੇਲੂ ਕੰਮਾਂ ਵਿਚ ਵੀ ਹੱਥ ਵਟਾਉਣਾ ਪੈਂਦਾ ਸੀ।

ਸ਼ਾਇਦ ਮੇਰੇ ਹੱਥੋਂ ਵੀ ਪੜ੍ਹਾਈ ਡੋਰ ਛੁੱਟ ਜਾਂਦੀ ਜੇ ਇਕ ਸਾਧਾਰਨ ਜਿਹੀ ਘਟਨਾ ਨਾ ਵਾਪਰਦੀ।ਮੈਂ ਉਹ ਘਟਨਾ ਆਪ ਜੀ ਨਾਲ ਸਾਂਝੀ ਕਰਨੀ ਚਾਹੁੰਦਾ। ਮੇਰਾ ਇਕ ਚਾਚਾ ਟੀਚਰ ਸੀ ਤੇ ਉਹ ਸਾਡੇ ਪਿੰਡ ਦੇ ਲੋਇਰ ਮਿਡਲ ਸਕੂਲ (ਛੇਵੀਂ ਜਮਾਤ ਤਕ) ਵਿਚ ਪੜ੍ਹਾਉਂਦਾ ਸੀ। ਉਦੋਂ ਡਾਕੀਆ ਹਫਤੇ ਵਿਚ ਇਕ ਵਾਰੀ ਹੀ ਪਿੰਡ ਵਿਚ ਡਾਕ ਵੰਡਣ ਆਉਂਦਾ ਹੁੰਦਾ ਸੀ। ਡਾਕੀਆ ਪਿੰਡ ਵਿਚ ਡਾਕ ਵੰਡਣ ਦੀ ਥਾਂ ਮੇਰੇ ਚਾਚੇ ਨੂੰ ਡਾਕ ਘਰ ਵਿਚ ਹੀ ਫੜਾ ਜਾਂਦਾ ਕਿ ਮੁੰਡਿਆਂ ਰਾਹੀਂ ਉਹ ਵੰਡ ਦੇਵੇਗਾ। ਡਾਕ ਵਿਚ ਬੱਚਿਆਂ ਦਾ ਰਸਾਲਾ 'ਬਾਲ ਦਰਬਾਰ' ਤੇ ਹਫਤਾਵਾਰੀ ਅਖ਼ਬਾਰ 'ਲਲਕਾਰ' ਆਉਂਦਾ ਹੁੰਦਾ ਸੀ।

ਕਿਉਂਕਿ ਮੈਂ ਪੰਜਾਬੀ ਗੁਰਦਵਾਰੇ ਵਿਚ ਹੀ ਪੜ੍ਹਨੀ ਸਿੱਖ ਲਈ ਹੋਈ ਸੀ। ਜਦੋਂ ਡਾਕ ਆਉਣੀ ਮੈਂ ਉਹ ਅਖ਼ਬਾਰ ਪੜ੍ਹਨ ਲਈ ਚੁੱਕ ਲੈਣਾ। ਇਕ ਦਿਨ ਮੇਰੀ ਚਾਚੀ ਨੇ ਮੇਰੇ ਹੱਥੋਂ ਉਹ ਅਖ਼ਬਾਰ ਫੜਦਿਆਂ ਕਿਹਾ, "ਮੱਲਾ ਪੰਜਵੀਂ ਹਟ ਗਿਐ ਤੇ ਮੀਤਾ ਚੌਥੀ 'ਚੋਂ। ਤੂੰ ਵੀ ਪੰਜਵੀਂ ਕਰ ਕੇ ਹਟ ਜਾਣੈ।ਫੇਰ ਤੈਨੂੰ ਕੀ ਲੋੜ ਐ ਇਹ ਪੜ੍ਹਨ ਦੀ!" ਮੈਂ ਕਿਹਾ, "ਚਾਚੀ, ਮੈਂ ਤਾਂ ਬੀਆ ਪਾਸ ਕਰਨੀ ਐ।" (ਉਸ ਸਮੇਂ ਮੈਨੂੰ ਬੀ.ਏ. ਦੇ ਉਚਾਰਨ ਦਾ ਵੀ ਪਤਾ ਨਹੀਂ ਸੀ। ਉਸ ਕਿਹਾ, "ਹੂੰਅ! ਬੀਆ ਨਾ ਬੀਆ! ਕਰਾ ਦੂ ਭਾਈ ਜੀ ਤੈਨੂੰ ਬੀਆ ਪਾਸ!" (ਸਾਡੇ ਪਾਸੇ ਪਿੰਡਾਂ ਵਿਚ ਜੇਠ ਨੂੰ ਭਾਈ ਜੀ ਕਿਹਾ ਜਾਂਦਾ ਸੀ) ਚਾਚੀ ਨੇ ਹੋਰ ਵੀ ਕੁਝ ਕਿਹਾ ਹੋਵੇ ਮੈਨੂੰ ਯਾਦ ਨਹੀਂ ਪਰ ਚਾਚੀ ਦੇ ਉਹ ਬੋਲ ਸਦਾ ਮੇਰੇ ਨਾਲ ਰਹੇ। ਪ੍ਰਾਇਮਰੀ ਪਾਸ ਕਰਨ ਮਗਰੋਂ ਮੇਰਾ ਬਾਪ ਮੈਨੂੰ ਵੀ ਸਲਾਈ ਦੇ ਕੰਮ ਵਿਚ ਪਾਉਣਾ ਚਾਹੁੰਦਾ ਸੀ ਪਰ ਮੈਂ ਹਰ ਹਾਲਤ ਵਿਚ ਅਗਾਂਹ ਪੜ੍ਹਨ ਦਾ ਤਹੱਈਆ ਕੀਤਾ ਹੋਇਆ ਸੀ। ਉਸ ਸਮੇਂ ਪਿੰਡ ਦੇ ਨੇੜੇ ਨਾ ਕੋਈ ਹਾਈ ਸਕੂਲ ਸੀ ਤੇ ਨਾ ਹੀ ਪਿੰਡ ਵਿਚ ਪੜ੍ਹਾਈ ਵਾਲਾ ਮਾਹੌਲ। ਮੇਰੇ ਹਾਈ ਸਕੂਲ ਜਾਣ ਤਕ ਪਿੰਡ ਦੇ ਦੋ ਹੀ ਮੁੰਡੇ ਉਸੇ ਸਾਲ ਦਸਵੀਂ ਪਾਸ ਹੋਏ ਸਨ। ਆਪਣੀ ਵੱਡੀ ਭੈਣ, ਜਿਹੜੀ ਮੋਗੇ ਵਿਆਹੀ ਹੋਈ ਸੀ, ਦੀ ਸਿਫਾਰਸ਼ ਨਾਲ ਮੈਂ ਰੋਡਿਆਂ ਵਾਲੇ ਖ਼ਾਲਸਾ ਹਾਈ ਸਕੂਲ ਵਿਚ ਦਾਖ਼ਲ ਹੋ ਹੀ ਗਿਆ, ਜਿਹੜਾ ਪਿੰਡ ਤੋਂ ਸੱਤ ਅੱਠ ਮੀਲ ਦੂਰ ਸੀ। ਫੀਸਾਂ ਤੇ ਕਿਤਾਬਾਂ ਖਰੀਦਣ ਦਾ ਜੁਗਾੜ ਬੜੀ ਮੁਸ਼ਕਲ ਨਾਲ ਹੁੰਦਾ। ਗਰਮੀਆਂ ਵਿਚ, ਨੰਗੇ ਪੈਰੀਂ ਰੇਤਲੇ ਟਿੱਬਿਆਂ ਵਿਚੋਂ ਦੀ ਜਾਣਾ ਪੈਂਦਾ। ਕਈ ਵਾਰ ਰੇਤਾ ਇੰਨਾ ਗਰਮ ਹੋਣਾ ਕਿ ਪੈਰਾਂ ਹੇਠ ਅੱਕ ਦੇ ਪੱਤਿਆਂ ਨੂੰ ਬੰਨ੍ਹ ਕੇ ਟਿੱਬਿਆਂ ਨੂੰ ਪਾਰ ਕਰਨਾ ਪੈਂਦਾ। ਮੈਨੂੰ ਅੱਠਵੀਂ ਤਕ ਜੁੱਤੀ ਨਸੀਬ ਨਹੀਂ ਸੀ ਹੋਈ। ਸਕੂਲੋਂ ਆ ਕੇ ਖੇਤੀ ਦੇ ਕੰਮ ਵਿਚ ਵੀ ਹੱਥ ਵਟਾਉਣਾ ਪੈਂਦਾ। ਮੁੰਡਿਆਂ ਨੇ ਰੌੜਾਂ ਵਿਚ ਖੇਡਦੇ ਹੋਣਾ ਤੇ ਮੇਰੇ ਹੱਥ ਕਹੀ, ਕਸੀਆ ਜਾਂ ਦਾਤੀ ਹੋਣੀ। ਤਰਸੇਵੇਂ ਭਰੀਆਂ ਅੱਖਾਂ ਨਾਲ ਉਹਨਾਂ ਨੂੰ ਖੇਡਦੇ ਦੇਖਦਿਆਂ ਕੋਲੋਂ ਦੀ ਲੰਘ ਜਾਣਾ ਪੈਂਦਾ। ਘਰੇ ਪੜ੍ਹਨ ਦਾ ਮੌਕਾ ਹੀ ਨਹੀਂ ਸੀ ਮਿਲਦਾ। ਆਪਣੀਆਂ ਰੀਝਾਂ ਨੂੰ ਦਬਾ ਕੇ ਘਰ ਦਾ ਕੰਮ ਵੀ ਕਰਨਾ ਤੇ ਸਕੂਲ ਵੀ ਜਾਣਾ। ਪਰ ਮੈਂ ਸ੍ਰਿੜ ਨਹੀਂ ਸੀ ਹਾਰਿਆ। ਲਗਾਤਾਰ ਛੇ ਸਾਲ, ਚੌਦਾਂ- ਪੰਦਰਾਂ ਮੀਲ ਸਫ਼ਰ ਕਰਦਾ ਰਿਹਾ, ਜਦੋਂ ਕਿ ਨਾਲ ਦੇ ਬਹੁਤੇ ਪਾੜ੍ਹਿਆਂ ਕੋਲ ਸਾਈਕਲ ਹੋ ਗਏ ਸਨ ਜਾਂ ਕਈ ਬੋਰਡਿੰਗ ਵਿਚ ਰਹਿਣ ਲੱਗ ਪਏ ਸਨ। ਅਜੇਹੀਆਂ ਹਾਲਤਾਂ ਵਿਚ ਮੈਂ ਸਕੂਲ ਦੀ ਪੜ੍ਹਾਈ ਪੂਰੀ ਕੀਤੀ। ਅਗਲੇਰੀ ਪੜ੍ਹਾਈ ਮੈਂ ਟੀਚਰ ਬਣਨ ਮਗਰੋਂ ਪ੍ਰਾਈਵੇਟ ਹੀ ਕੀਤੀ। ਇਸ ਤਰ੍ਹਾਂ ਚਾਚੀ ਨੂੰ ਕਹੇ ਸ਼ਬਦ 'ਬੀਆ ਪਾਸ' ਤੋਂ ਵੀ ਅਗਾਂਹ ਲੰਘ ਗਿਆ।

**ਸ. ਆਪਣੇ ਸਾਹਿਤਕ ਸਫ਼ਰ ਬਾਰੇ ਦੱਸੋ?**

**ਜ.** ਮੇਰਾ ਇਕ ਚਾਚਾ ਸ਼ੌਕੀਆ ਕਵੀਸ਼ਰੀ ਕਰਦਾ ਸੀ। ਉਨ੍ਹਾਂ ਦੀ ਰੀਸੇ ਮੈਂ ਵੀ ਛੋਟੀ ਉਮਰ ਵਿਚ ਹੀ ਤੁਕ ਨਾਲ ਤੁਕ ਜੋੜਨ ਲੱਗ ਗਿਆ ਸੀ। ਫਿਰ ਤੁਕ ਨਾਲ ਤੁਕ ਜੋੜਦਾ ਹੋਇਆ ਕਵਿਤਾ ਲਿਖਣ ਲੱਗ ਪਿਆ। ਜਦੋਂ ਮੈਂ ਸੰਨ 1954 ਵਿਚ ਟੀਚਰ ਟਰੇਨਿੰਗ ਲਈ ਮਿਸ਼ਨ ਸਕੂਲ ਮੋਗਾ ਵਿਚ ਦਾਖ਼ਲਾ ਲਿਆ ਤਾਂ ਉਦੋਂ ਸ. ਜਸਵੰਤ ਸਿੰਘ ਕੰਵਲ ਨਾਲ ਮੇਲ ਹੋਇਆ। ਅਸੀਂ ਲਿਖਾਰੀ ਸਭਾ ਮੋਗਾ ਦਾ ਗਠਣ ਕੀਤਾ। ਉਹ ਮੇਰੇ ਪ੍ਰੇਰਨਾ ਸਰੋਤ ਵੀ ਬਣੇ ਤੇ ਸਾਹਿਤਕ ਰਾਹ ਦਸੇਰਾ ਵੀ।ਉਹਨਾਂ ਦੀ ਪ੍ਰੇਰਨਾ ਨਾਲ ਮੈਂ ਕਵਿਤਾ ਤੋਂ ਕਹਾਣੀ ਵੱਲ ਆ ਗਿਆ। ਜਿਹੜੀ ਵੀ ਕਹਾਣੀ ਲਿਖਦਾ, ਉਸ ਨੂੰ ਲਿਖਾਰੀ ਸਭਾ ਦੀ ਮੀਟਿੰਗ ਵਿਚ ਪੜ੍ਹਦਾ, ਉਥੋਂ ਮਿਲੇ ਸੁਝਾਵਾਂ ਨੂੰ ਮੁੱਖ ਰੱਖ ਕੇ ਮੁੜ ਕਹਾਣੀ ਨੂੰ ਸੋਧ ਕੇ ਲਿਖਦਾ। ਸਮਕਾਲੀ ਨਾਮਵਰ ਪੰਜਾਬੀ ਲੇਖਕਾਂ ਦੀਆਂ ਕਹਾਣੀਆਂ ਪੜ੍ਹਦਾ ਅਤੇ ਹਿੰਦੀ ਤੇ ਉਰਦੂ ਦੇ ਮਸ਼ਹੂਰ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ ਪੜ੍ਹਦਾ ਅਤੇ ਆਪਣੀਆਂ ਕਹਾਣੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਕਹਾਣੀ ਉੱਪਰ ਹੋਰ ਮਿਹਨਤ ਕਰਦਾ। ਇਸ ਤਰ੍ਹਾਂ ਸਮੇਂ ਦੀ ਗਤੀ ਨਾਲ ਕਹਾਣੀ ਵੀ ਵਿਕਾਸ ਦੇ ਰਾਹ 'ਤੇ ਚਲਦੀ ਗਈ। ਭਾਵੇਂ ਕਿ ਮੈਂ ਕਹਾਣੀਆਂ ਸੰਨ 1956 ਤੋਂ ਹੀ ਲਿਖਦਾ ਆ ਰਿਹਾ ਸੀ, ਸੰਨ 62- 63 ਵਿਚ ਮੈਂ ਆਪਣੀ ਕਹਾਣੀਆਂ ਦੀ ਪੁਸਤਕ ਛਪਵਾਉਣੀ ਵੀ ਚਾਹੁੰਦਾ ਸੀ ਪਰ ਕਈ ਕਾਰਨਾਂ ਕਰਕੇ ਛਪਵਾ ਨਾ ਸਕਿਆ। ਮੇਰੀ ਪਹਿਲੀ ਪੁਸਤਕ 'ਉਦਾਸੇ ਬੋਲ' 1992 ਵਿਚ ਛਪੀ। ਕਬੀਲਦਾਰੀ ਨੇ ਮੇਰੀ ਲੇਖਣੀ ਉਪਰ ਵੀ ਬਹੁਤ ਪ੍ਰਭਾਵ ਪਾਇਆ ਜਿਸ ਕਾਰਨ ਮੇਰੇ ਕੋਲੋਂ ਬਹੁਤਾ ਸਾਹਿਤ ਰਚਿਆ ਵੀ ਨਹੀਂ ਸੀ ਜਾ ਸਕਿਆ।ਕੈਨੇਡਾ ਆ ਕੇ ਮਾਹੌਲ ਅਜਿਹਾ ਮਿਲਿਆ ਕਿ ਮੇਰੀ ਕਲਮ ਮੁੜ ਹਰਕਤ ਵਿਚ ਆ ਗਈ। ਏਥੇ ਆ ਕੇ ਹਰ ਵਿਧਾ ਵਿਚ ਹੀ ਕਲਮ ਅਜ਼ਮਾਈ ਕੀਤੀ ਹੈ।

**ਸ. ਤੁਹਾਨੂੰ ਕੀ ਲੱਗਦਾ ਹੈ ਕਿ ਪਰਵਾਸ ਦੇ ਸਰੋਕਾਰ ਪਹਿਲਾਂ ਨਾਲੋਂ ਕਾਫੀ ਹੱਦ ਤੱਕ ਬਦਲ ਚੁੱਕੇ ਹਨ ਤੇ ਜੇ ਬਦਲੇ ਹਨ ਤਾਂ ਸਾਹਿਤ ਵਿਚ ਵੀ ਰੂਪਾਂਤਰਿਤ ਹੋ ਰਹੇ ਹਨ ਜਾਂ ਨਹੀਂ?**

**ਜ.** ਜੀ ਹਾਂ! ਪਰਵਾਸ ਦੇ ਸਰੋਕਾਰ ਪਹਿਲਾਂ ਨਾਲੋਂ ਬਹੁਤ ਬਦਲ ਗਏ ਹਨ।ਜਦੋਂ ਪਹਿਲੀਆਂ ਵਿਚ ਪੰਜਾਬੀਆਂ ਨੇ ਇੰਗਲੈਂਡ ਵਿਚ ਪਰਵਾਸ ਧਾਰਨ ਕੀਤਾ ਤਾਂ ਉਹਨਾਂ ਦੇ ਸਰੋਕਾਰ ਵੱਖਰੇ ਸਨ।ਉਹ ਕਮਾਈ ਕਰ ਕੇ ਵਾਪਸ ਪੰਜਾਬ ਮੁੜ ਜਾਣ ਲਈ ਹੀ ਇੰਗਲੈਂਡ ਆਏ ਸੀ ਪਰ ਉਹ ਮੁੜ ਨਹੀਂ ਸਕੇ। ਉਹ ਏਨੀ ਥੋੜ੍ਹੀ ਗਿਣਤੀ ਵਿਚ ਸਨ ਤੇ ਮੁਖ ਧਾਰਾ ਦੇ ਭਾਈਚਾਰੇ ਨੇ ਵੀ ਨਵੇਂ ਦੇਸ਼ ਵਿਚ ਸਵੀਕਾਰ ਨਹੀਂ ਸੀ ਕੀਤਾ।ਉਹਨਾਂ ਨੂੰ ਜਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ, ਉਹਨਾਂ ਦਾ ਵਿਵਰਣ ਉਸ ਸਮੇਂ ਦੇ ਪਰਵਾਸੀ ਸਾਹਿਤ ਵਿਚ ਆਇਆ। ਜਿਵੇਂ ਭੂ-ਹੇਰਵਾ, ਨਸਲੀ ਵਿਤਕਰਾ, ਪੀੜ੍ਹੀ- ਪਾੜ੍ਹਾ, ਸੱਭਿਆਚਾਰਕ ਸੰਕਟ

ਆਦਿ। ਇਹ ਵਰਤਾਰਾ ਇੰਗਲੈਂਡ ਵਿਚ ਰਚੇ ਸਹਿਤ ਵਿਚ ਥੋੜਾ ਸਮਾਂ ਹੀ ਰਿਹਾ। ਸਮੇਂ ਦੀ ਗਤੀ ਦੇ ਨਾਲ ਨਾਲ ਪਰਵਾਸ ਦੇ ਸਰੋਕਾਰ ਵੀ ਬਦਲਦੇ ਗਏ ਤੇ ਪੰਜਾਬੀਆਂ ਵਿਚ ਪਰਵਾਸ ਦਾ ਰੁਝਾਨ ਵੀ ਵਧਦਾ ਗਿਆ। ਹੁਣ ਪੰਜਾਬੀ ਤਕਰੀਬਨ ਹਰ ਦੇਸ਼ ਦੇ ਵਸਨੀਕ ਬਣ ਚੁੱਕੇ ਹਨ। ਕਈ ਦੇਸਾਂ ਵਿਚ ਤਾਂ ਪੰਜਾਬੀਆਂ ਦੀ ਤੀਜੀ ਚੌਥੀ ਪੀੜ੍ਹੀ ਵਿਚਰ ਰਹੀ ਹੈ ਅਤੇ ਉਹ ਉਸ ਦੇਸ ਦੇ ਨਾਗਰਿਕ ਹੋਣ 'ਤੇ ਮਾਣ ਵੀ ਕਰ ਰਹੀ ਹੈ। ਉਹ ਮੁੱਖ ਭਾਈਚਾਰੇ ਵਿਚ ਆਪਣੇ ਆਪ ਨੂੰ ਓਪਰੀ ਨਹੀਂ ਸਮਝਦੀ। ਹੁਣ ਬਹੁਤ ਸਾਰੇ ਲੇਖਕ ਆਪਣੇ ਦੁੱਖਾਂ ਦੇ ਕੀਰਨੇ ਨਹੀਂ ਪਾਉਂਦੇ। ਉਹ ਬਦਲਦੇ ਸਰੋਕਾਰਾਂ ਨੂੰ ਆਪਣੀਆਂ ਲਿਖਤਾਂ ਵਿਚ ਰੂਪਾਂਤਰਿਤ ਕਰ ਰਹੇ ਹਨ। ਪਰ ਬਦਕਿਸਮਤੀ ਨੂੰ ਕਾਨਫਰੰਸਾਂ ਵਿਚ ਖੋਜਾਰਥੀਆਂ ਵਲੋਂ ਜਿਹੜੇ ਖੋਜ ਨਿਬੰਧ ਪੇਸ਼ ਕੀਤੇ ਜਾਂਦੇ ਹਨ ਉਹਨਾਂ ਵਿਚੋਂ ਬਹੁਤਿਆਂ ਵਿਚ ਭੂ-ਹੇਰਵਾ, ਨਸਲੀ ਵਿਤਕਰਾ ਤੇ ਪੀੜ੍ਹੀ-ਪਾੜੇ ਆਦਿ ਦਾ ਹੀ ਰਾਗ ਅਲਾਪਿਆ ਗਿਆ ਹੁੰਦਾ ਹੈ। ਜਦੋਂ ਕਿ ਬਦਲ ਰਹੇ ਸਰੋਕਾਰਾਂ ਵਿਚ ਇਹ ਧਾਰਨਾਵਾਂ ਪ੍ਰਸੰਗਕ ਨਹੀਂ ਰਹੀਆਂ।

**ਸ. ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਨਾਵਲ ਗਲੋਬਲੀ ਚੇਤਨਾ ਨੂੰ ਅੰਗੀਕਾਰ ਕਰਨ ਵਿਚ ਕਾਮਯਾਬ ਹੋਏ ਹਨ ਜਾਂ ਨਹੀਂ?**

**ਜ.** ਜਦੋਂ ਅੱਜ ਸਾਰਾ ਵਿਸ਼ਵ ਹੀ ਇਕ ਗਲੋਬਲੀ ਪਿੰਡ ਬਣ ਗਿਆ ਹੈ ਤਾਂ ਲੇਖਕ ਨੂੰ ਵੀ ਗਲੋਬਲੀ ਚੇਤਨਾ ਨੂੰ ਅੰਗੀਕਾਰ ਕਰਨ ਵਿਚ ਝਿਜਕ ਕਿਉਂ ਹੋਵੇ! ਮੇਰੇ ਨਾਵਲ ਬੇਸ਼ੱਕ ਪੰਜਾਬੀ ਪਰਵਾਸੀਆਂ ਦੀਆਂ ਸਮੱਸਿਆਵਾਂ ਦੀ ਤਰਜਮਾਨੀ ਕਰਦੇ ਹਨ ਪਰ ਉਹਨਾਂ ਵਿਚ ਗਲੋਬਲੀ ਚੇਤਨਾ ਵੀ ਦ੍ਰਿਸ਼ਟੀਗੋਚਰ ਹੁੰਦੀ ਪ੍ਰਤੀਤ ਹੋਵੇਗੀ। ਮੇਰੇ ਚਾਰਾਂ ਨਾਵਲਾਂ ਵਿਚੋਂ ਗਲੋਬਲੀ ਚੇਤਨਾ ਦੀ ਝਲਕ ਵਾਚੀ ਜਾ ਸਕਦੀ ਹੈ।

**ਸ. ਤੁਸੀਂ ਆਪਣੇ ਨਾਵਲਾਂ ਦੇ ਪਾਤਰਾਂ ਦੀ ਜਦੋਂ ਸਿਰਜਣਾ ਕਰਦੇ ਹੋ ਤਾਂ ਆਪਣੇ ਸਵੈ ਨੂੰ ਇਨ੍ਹਾਂ ਪਾਤਰਾਂ ਵਿਚ ਕਿੱਥੇ ਰੱਖਦੇ ਹੋ?**

**ਜ.** ਪਾਤਰ ਸਿਰਜਣ ਸਮੇਂ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਪਾਤਰ ਦੀ ਸ਼ਖਸੀਅਤ ਹੀ ਉੱਭਰ ਕੇ ਸਾਹਮਣੇ ਆਵੇ, ਮੇਰਾ ਸਵੈ, ਪਾਤਰ ਨੂੰ ਪ੍ਰਭਾਵਿਤ ਨਾ ਕਰੇ। ਵੈਸੇ ਤਾਂ ਹਰ ਗਲਪਕਾਰ ਹੀ ਕਈ ਸ਼ਖਸੀਅਤਾਂ ਦੇ ਕਿਰਦਾਰ ਨੂੰ ਜੋੜ ਕੇ ਇਕ ਪਾਤਰ ਦੀ ਸਿਰਜਣਾ ਕਰਦਾ ਹੈ। ਪਾਤਰਾਂ ਦੀ ਸਿਰਜਣਾ ਕਰਦਿਆਂ ਮੈਂ ਵੀ ਉਸੇ ਵਿਧੀ ਵਰਤੋਂ ਕਰਦਾ ਹਾਂ। ਇਕ ਪਾਤਰ ਵਿਚ ਕਈ ਚਿਹਰੇ ਰਲ਼ਗੱਡ ਹੋਏ ਹੁੰਦੇ ਹਨ। ਇਸ ਲਈ ਪਾਤਰ ਦੀ ਸਿਰਜਣਾ ਕਰਦਿਆਂ ਕਿਸੇ ਨਾ ਕਿਸੇ ਪਾਤਰ ਦੇ ਕਿਰਦਾਰ ਵਿਚ ਆਪਣਾ ਸਵੈ ਸੁਭਾਵਕ ਹੀ ਆ ਜਾਂਦਾ ਹੈ ਜਿਵੇਂ ਕਿ ਮੇਰੇ ਨਾਵਲ 'ਦੁਨੀਆ ਕੈਸੀ ਹੋਈ' ਦੇ ਪਾਤਰ ਜਗਤਾਰ ਸਿੰਘ ਵਿਚ ਮੇਰਾ ਸਵੈ ਅਚੇਤ ਹੀ ਆ ਗਿਆ ਅਤੇ ਇਸੇ ਪਾਤਰ ਜਗਤਾਰ ਸਿੰਘ ਦੀ ਝਲਕ 'ਭਗੌੜਾ' ਨਾਵਲ ਵਿਚ ਵੀ ਝਲਕਾਰੇ ਮਾਰਦੀ ਹੈ।

**ਸ. ਤੁਸੀਂ ਕਹਾਣੀ, ਸਵੈ-ਜੀਵਨੀ, ਸਫ਼ਰਨਾਮਾ, ਅਨੁਵਾਦਕ ਤੇ ਸੰਪਾਦਕ ਵੱਜੋਂ ਵੀ ਕਾਫੀ ਕਾਰਜ ਕੀਤਾ ਹੈ। ਤਹਾਨੂੰ ਨਹੀਂ ਲੱਗਦਾ ਕਿ ਇਕ ਨਾਵਲਕਾਰ ਦੇ ਬਿੰਬ ਹੇਠ ਤੁਹਾਡੀ ਬਾਕੀ ਦੀ ਸਾਹਿਤਕ ਪ੍ਰਤਿਭਾ ਦੇ ਰੰਗ ਅਣਪਛਾਤੇ ਹੀ ਰਹਿ ਗਏ ਹਨ?**

**ਜ.** ਮੈਂ ਮੂਲ ਰੂਪ ਵਿਚ ਕਹਾਣੀ ਲੇਖਕ ਹੀ ਹਾਂ। ਮੇਰਾ ਨਾਵਲ 'ਦੁਨੀਆ ਕੈਸੀ ਹੋਈ' ਦਾ ਹਰ ਕਾਂਡ ਇਕ ਮੁਕੰਮਲ ਕਹਾਣੀ ਹੈ ਤੇ ਹਰ ਕਾਂਡ ਜੁੜ ਕੇ ਨਾਵਲ ਦਾ ਰੂਪ ਧਾਰਨ ਕਰਦਾ ਹੈ। ਜੇ ਇਕ ਵੱਖਰੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਮੇਰੇ ਸਾਰੇ ਨਾਵਲ, ਸਫ਼ਰਨਾਮਾ ਤੇ ਸਵੈ ਜੀਵਨੀ ਦੇ ਦੋਵੇਂ ਭਾਗ ਵੀ ਕਾਂਡ ਦਰ ਕਾਂਡ ਕਹਾਣੀ ਦਾ ਪ੍ਰਭਾਵ ਹੀ ਸਿਰਜਦੇ ਜਾਪਦੇ ਹਨ। ਬੇਸ਼ਕ ਮੈਨੂੰ ਨਾਵਲਕਾਰ ਦੇ ਤੌਰ 'ਤੇ ਮਾਨਤਾ ਮਿਲੀ ਹੈ ਪਰ ਦੂਜੇ ਸਾਹਿਤਕ ਰੰਗ ਅਣਪਛਾਤੇ ਨਹੀਂ ਰਹੇ। ਮੇਰਾ ਪਾਕਿਸਤਾਨੀ ਸਫ਼ਰਨਾਮਾ ਉਰਦੂ ਵਿਚ ਵੀ ਅਨੁਵਾਦ ਹੋ ਕੇ ਛਪਿਆ ਹੈ, ਜਿਸ ਦਾ ਮੁੱਖਬੰਦ ਡਾ. ਮੁਹੰਮਦ ਨਿਜ਼ਾਮੁਲਦੀਨ, ਵਾਈਸ ਚਾਂਸਲਰ, ਯੂਨੀਵਰਸਿਟੀ ਆਫ ਗੁਜਰਾਤ (ਪਾਕਿਸਤਾਨ) ਨੇ ਲਿਖਿਆ ਹੈ ਅਤੇ ਟਾਈਟਲ ਮਗਰਲੇ ਪਾਸੇ ਜਨਾਬ ਫ਼ਖ਼ਰ ਜ਼ਮਾਂ ਸਾਹਿਬ, ਚੇਅਰਮੈਨ ਵਰਲਡ ਪੰਜਾਬੀ ਕਾਂਗਰਸ (ਪਾਕਿਸਤਾਨ) ਨੇ ਸਫ਼ਰਨਾਮੇ ਸ਼ਲਾਘਾ ਹਿਤ ਚੰਦ ਸ਼ਬਦ ਲਿਖੇ ਹਨ। ਮੇਰੀ ਸਵੈ-ਜੀਵਨੀ ਦੇ ਪਹਿਲੇ ਭਾਗ 'ਚੇਤਿਆਂ ਦੀ ਚਿਲਮਨ' ਨੂੰ ਪਾਠਕਾਂ ਵਲੋਂ ਚੰਗਾ ਹੁੰਗਾਰਾ ਮਿਲਿਆ ਹੈ। ਸਵੈ-ਜੀਵਨੀ ਦਾ ਦੂਜਾ ਭਾਗ 'ਚੇਤਿਆਂ ਦੀ ਚਿਤਵਨ' ਹੁਣੇ ਛਪ ਕੇ ਮਾਰਕੀਟ ਵਿਚ ਆਇਆ ਹੈ। ਪ੍ਰਕਾਸ਼ਕ ਦੇ ਦੱਸਣ ਅਨੁਸਾਰ ਇਸ ਨੂੰ ਵੀ ਚੰਗਾ ਹੁੰਗਾਰਾ ਮਿਲ ਰਿਹਾ ਹੈ। ਸੋ ਮੈਂ ਨਹੀਂ ਸਮਝਦਾ ਕਿ ਬਾਕੀ ਸਾਹਿਤਕ ਪ੍ਰਤਿਭਾ ਦੇ ਰੰਗ ਅਣਪਛਾਤੇ ਰਹਿ ਗਏ ਹਨ।

**ਸ. ਤੁਸੀਂ ਹਰ ਸਾਹਿਤ ਰੂਪ ਰਚਿਆ ਹੈ। ਕਿਹੜਾ ਸਾਹਿਤ ਰੂਪ ਤਹਾਨੂੰ ਆਤਮ ਸੰਤੁਸ਼ਟੀ ਪ੍ਰਦਾਨ ਕਰਦਾ ਹੈ ?**

**ਜ.** ਮੈਂ ਤਕਰੀਬਨ ਸਾਹਿਤ ਦੀ ਹਰ ਵਿਧਾ ਉੱਪਰ ਕਲਮ ਚਲਾਈ ਹੈ। ਪਰ ਜੋ ਸੰਤੁਸ਼ਟੀ ਮੈਨੂੰ ਨਾਵਲ ਲਿਖਣ ਤੋਂ ਬਾਅਦ ਮਿਲਦੀ ਹੈ, ਉਹ ਦੂਸਰੀ ਵਿਧਾ ਵਿਚ ਲਿਖਣ ਮਗਰੋਂ ਘੱਟ ਹੀ ਮਿਲਦੀ ਹੈ।

**ਸ. ਤੁਹਾਨੂੰ ਕੀ ਲੱਗਦਾ ਹੈ ਕਿ ਤੁਹਾਡੀ ਹੁਣ ਤੱਕ ਦੀ ਸਿਰਜਣਾ ਨਾਲ ਸਮੀਖਿਆ ਨਿਆਂ ਕਰ ਸਕੀ ਹੈ?**

**ਜ.** ਮੇਰੀ ਪਹਿਲੀ ਪੁਸਤਕ 'ਉਦਾਸੇ ਬੋਲ' ਸਮੀਖਿਆਕਾਰਾਂ ਦਾ ਬਹੁਤਾ ਧਿਆਨ ਨਹੀਂ ਸੀ ਖਿੱਚ ਸਕੀ ਪਰ ਉਸ ਤੋਂ ਮਗਰੋਂ ਮੇਰੇ ਉਪਰ ਸਮੀਖਿਅਕਾਰਾਂ ਦੀ ਮਿਹਰ ਹੀ ਰਹੀ ਹੈ। ਜਦੋਂ ਮੇਰਾ ਪਹਿਲਾ ਨਾਵਲ 'ਦੁਨੀਆ ਕੈਸੀ ਹੋਈ' ਡਾ. ਐਸ. ਪੀ. ਸਿੰਘ ਜੀ (ਉਸ ਸਮੇਂ

ਉਪਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਦੀ ਨਜ਼ਰ ਚੜ੍ਹਿਆ ਤਾਂ ਉਹ ਨਾਵਲ ਐਮ.ਏ. ਪੰਜਾਬੀ ਦੇ ਸਿਲੇਬਸ ਦਾ ਹਿੱਸਾ ਬਣਾ ਦਿੱਤਾ ਅਤੇ ਦੋ ਹੋਰ ਪਰਵਾਸੀ ਲੇਖਕਾਂ ਦੀਆਂ ਪੁਸਤਕਾਂ ਨਾਲ ਪੀ.ਐਚ.ਡੀ. ਕਰਵਾਈ। ਉਸੇ ਸਮੇਂ ਹੀ ਡਾ. ਰਘਬੀਰ ਸਿੰਘ ਸਿਰਜਣਾ ਦੇ ਗਾਈਡੈਂਸ ਹੇਠ ਪੰਜਾਬ ਯੂਨੀਰਸਿਟੀ ਵਿਚ ਇਕ ਲੜਕੀ ਨੇ ਇਸ ਨਾਵਲ ਉੱਪਰ ਐਮ.ਫਿਲ. ਕੀਤੀ। ਡਾ. ਵਰਿਆਮ ਸਿੰਘ ਸੰਧੂ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਇਸ ਨਾਵਲ ਉਪਰ ਗੋਸ਼ਟੀ ਕਰਵਾਈ ਜਿੱਥੇ ਸੱਤ ਵਿਦਵਾਨਾਂ ਵਲੋਂ ਪਰਚੇ ਪੜ੍ਹੇ ਗਏ।

ਉੱਤਰੀ ਭਾਰਤ ਦੀਆਂ ਤਕਰੀਬਨ ਸਾਰੀਆਂ ਯੂਨੀਰਸਿਟੀਆਂ, ਜਿੱਥੇ ਪੰਜਾਬੀ ਪੜ੍ਹਾਈ ਜਾਂਦੀ ਹੈ, ਮੇਰੇ ਸਾਰੇ ਨਾਵਲਾਂ ਉੱਪਰ ਖੋਜ ਕਾਰਜ ਹੋਇਆ ਹੈ ਤੇ ਹੋ ਰਿਹਾ ਹੈ। ਡਾ. ਹਰਸਿਮਰਨ ਸਿੰਘ ਰੰਧਾਵਾ, ਕੁਰੂਕਸ਼ੇਤਰ ਯੂਨੀਵਰਸਿਟੀ, ਨੇ ਮੇਰੇ ਨਾਵਲਾਂ ਉੱਪਰ ਲਿਖੇ ਗਏ ਅਲੋਚਨਾਤਮਿਕ ਪਰਚਿਆਂ ਨੂੰ ਇਕੱਤਰ ਕਰ ਕੇ ਇਕ ਪੁਸਤਕ 'ਜਰਨੈਲ ਸਿੰਘ ਸੇਖਾ-ਨਾਵਲ ਸਰੋਕਾਰ ਤੇ ਵਿਧੀ ਵਿਧਾਨ' ਦੀ ਸੰਪਾਦਨਾ ਕੀਤੀ ਹੈ। ਡਾ. ਸੁਖਪ੍ਰੀਤ ਕੌਰ ਨੇ ਵੀ ਇਕ ਪੁਸਤਕ 'ਪਰਵਾਸੀ ਗਲਪਕਾਰ, ਜਰਨੈਲ ਸਿੰਘ ਸੇਖਾ, ਜੀਵਨ ਤੇ ਰਚਨਾ' ਲਿਖੀ ਹੈ।ਪੰਜਾਬੀ ਨਾਵਲ ਅਕਾਡਮੀ ਲੁਧਿਆਣਾ ਵਲੋਂ ਮੇਰੇ ਬਾਰੇ ਸੰਪਾਦਿਤ ਕੀਤਾ ਅਭਿਨੰਦਨ ਗ੍ਰੰਥ, ਜਿਹੜਾ ਕਿ ਜੀ.ਜੀ.ਐਨ. ਖ਼ਾਲਸਾ ਕਾਲਜ ਲੁਧਿਆਣਾ ਵਿਖੇ ਪਿੱਛੇ ਜਿਹੇ ਡਾ. ਐਸ. ਪੀ. ਸਿੰਘ ਦੀ ਪ੍ਰਧਾਨਗੀ ਹੇਠ ਲੋਕ ਅਰਪਨ ਹੋਇਆ ਸੀ, ਛਪਿਆ ਹੈ ਜਿਸ ਵਿਚ ਤਕਰੀਬਨ 60 ਵਿਦਵਾਨਾਂ ਦੇ ਮੇਰੀ ਲੇਖਣੀ ਬਾਰੇ ਵਿਚਾਰ ਦਰਜ ਹਨ।

ਇਸ ਲਈ ਮੈਂ ਸਮਝਦਾ ਹਾਂ ਕਿ ਸਮੀਖਿਆ ਪੱਖੋਂ ਮੇਰੀ ਲਿਖਤ ਨਾਲ ਨਿਆਂ ਹੋਇਆ ਹੈ।

**ਸ. ਤੁਹਾਨੂੰ ਕੀ ਲੱਗਦਾ ਹੈ ਕਿ ਤੁਸੀਂ ਸ਼ਾਹਕਾਰ ਰਚਨਾ ਕਰ ਚੁੱਕੇ ਹੋ,ਜਾਂ ਅਜੇ ਕੁਝ ਬਾਕੀ ਹੈ ?**

**ਜ.** ਵੈਸੇ ਤਾਂ ਹਰ ਲੇਖਕ ਆਪਣੀ ਰਚਨਾ ਦੀ ਸਿਰਜਣਾ ਕਰਨ ਸਮੇਂ ਸੋਚਦਾ ਹੈ ਕਿ ਮੇਰੀ ਇਹ ਰਚਨਾ ਸ਼ਾਹਕਾਰ ਹੋਏਗੀ।ਜਦੋਂ ਉਹ ਆਪਣੀ ਰਚਨਾਂ ਦੀਆਂ ਅੰਤਿਮ ਸਤਰਾਂ ਲਿਖ ਹਟਦਾ ਹੈ ਤਾਂ ਉਸ ਨੂੰ ਕੁਝ ਸਤੁੰਸ਼ਟੀ ਵੀ ਹੁੰਦੀ ਹੈ। ਕੁਝ ਸਮੇਂ ਬਾਅਦ ਉਸ ਨੂੰ ਜਾਪਦਾ ਹੈ ਕਿ ਅਜੇ ਗੱਲ ਬਣੀ ਨਹੀਂ ਤੇ ਉਹ ਅਗਲੀ ਸ਼ਾਹਕਾਰ ਰਚਨਾ ਸਿਰਜਣ ਤੁਰ ਪੈਂਦਾ ਹੈ।ਸ਼ਾਹਕਾਰ ਰਚਨਾ ਲਿਖੀ ਗਈ ਸਮਝ ਕੇ ਜੇ ਲੇਖਕ ਸੰਤੁਸ਼ਟ ਹੋ ਜਾਵੇ ਤਾਂ ਉਸ ਵਿਚ ਖੜੋਤ ਆ ਜਾਵੇਗੀ। ਜਦੋਂ ਲੇਖਕ ਵਿਚ ਖੜੋਤ ਆ ਜਾਂਦੀ ਹੈ ਤਾਂ ਉਸ ਨੂੰ ਆਪਣੀ ਹਰ

ਰਚਨਾ ਨੂੰ ਹੀ ਸ਼ਾਹਕਾਰ ਰਚਨਾ ਸਮਝਣ ਦਾ ਭੁਲੇਖਾ ਪੈਦਾ ਹੋ ਜਾਂਦਾ ਹੈ ਪਰ ਅਸਲ ਰਚਨਾ ਸ਼ਾਹਕਾਰ ਉਹੀ ਬਣਦੀ ਹੈ ਜਿਹੜੀ ਪਾਠਕਾਂ ਦੀ ਨਜ਼ਰ ਵਿਚ ਸ਼ਾਹਕਾਰ ਹੋਵੇ।

ਮੇਰੀਆਂ ਰਚਨਾਵਾਂ ਨੂੰ ਵੀ ਪਾਠਕਾਂ ਵਲੋਂ ਚੰਗਾ ਹੁੰਗਾਰਾ ਮਿਲਿਆ ਹੈ ਪਰ ਜੇ ਮੈਂ ਸਵੈ-ਅਲੋਚਨਾ ਦੇ ਪੱਖ ਤੋਂ ਪੜਚੋਲ ਕਰਾਂ ਤਾਂ ਮੈਂ ਸਮਝਦਾ ਹਾਂ ਕਿ ਸ਼ਾਹਕਾਰ ਰਚਨਾ ਦਾ ਘਰ ਬਹੁਤ ਦੂਰ ਹੈ। ਮੈਂ ਕੋਈ ਸ਼ਾਹਕਾਰ ਰਚਨਾ ਦੀ ਸਿਰਜਣਾ ਕਰਨ ਦਾ ਦਾਅਵਾ ਨਹੀਂ ਕਰਦਾ। ਮੈਂ ਇਕ ਲੇਖਕ ਹਾਂ ਅਤੇ ਉਮਰ ਦੇ ਇਸ ਆਖਰੀ ਪੜਾਅ ‘ਤੇ ਵੀ ਲਿਖੀ ਜਾ ਰਿਹਾ ਹਾਂ। ਕੀ ਪਤਾ ਕੋਈ ਰਚਨਾ ਸ਼ਾਹਕਾਰ ਰਚਨਾ ਹੋਣ ਦਾ ਰੁਤਬਾ ਪਾ ਲਵੇ!

**ਸ. ਪਿੱਛੇ ਜਿਹੇ ਜਰਨੈਲ ਸਿੰਘ ਸੇਖਾ ਅਭਿਨੰਦਨ ਗ੍ਰੰਥ ਲੋਕ ਅਰਪਣ ਹੋਇਆ ਹੈ। ਅਭਿਨੰਦਨ ਗ੍ਰੰਥ ਬਾਰੇ ਕੀ ਕਹਿਣਾ ਚਾਹੋਗੇ ?**

**ਜ.** ਮੈਂ ਸਮਝਦਾ ਹਾਂ ਕਿ ਮੈਂ ਕੋਈ ਅਜੇਹਾ ਮਾਅਰਕਾ ਨਹੀਂ ਮਾਰਿਆ ਕਿ ਮੇਰੇ ਉੱਪਰ ਅਭਿਨੰਦਨ ਗ੍ਰੰਥ ਲਿਖਿਆ ਜਾਂਦਾ ਪਰ ਮੇਰੇ ਸਾਹਿਤਕ ਤੇ ਸਮਾਜਿਕ ਕੰਮ ਅਤੇ ਉਮਰ ਨੂੰ ਧਿਆਨ ਵਿਚ ਰੱਖਦਿਆਂ, ਮੇਰੇ ਮਿੱਤਰ ਪਿਆਰਿਆਂ ਨੇ, ਪੰਜਾਬੀ ਨਾਵਲ ਅਕਾਡਮੀ ਲੁਧਿਆਣਾ ਦੇ ਸਹਿਯੋਗ ਨਾਲ, ਇਹ ਅਭਿਨੰਦਨ ਗ੍ਰੰਥ ਤਿਆਰ ਕਰਵਾਇਆ ਹੈ। ਜਦੋਂ ਇਹ ਗ੍ਰੰਥ ਛਪ ਕੇ ਆ ਗਿਆ ਤਾਂ ਮੈਨੂੰ ਚੰਗਾ ਲੱਗਾ ਅਤੇ ਸੰਪਾਦਕੀ ਮੰਡਲ ਦੀ ਮਿਹਨਤ ਦਾ ਵੀ ਅਹਿਸਾਸ ਹੋਇਆ।ਆਪ ਜੀ ਦੀ ਦੇਖ ਰੇਖ ਹੇਠ ਤੇ ਡਾ. ਐਸ. ਪੀ. ਸਿੰਘ ਜੀ ਦੀ ਪ੍ਰਧਾਨਗੀ ਵਿਚ ਜੀ. ਜੀ. ਐਨ. ਖ਼ਾਲਸਾ ਕਾਲਜ ਲੁਧਿਆਣਾ ਵਿਚ ਇਸ ਗ੍ਰੰਥ ਨੂੰ ਲੋਕ ਅਰਪਨ ਕੀਤਾ ਗਿਆ ਸੀ।ਇਸ ਗ੍ਰੰਥ ਵਿਚ ਜਿਸ ਨੇ ਵੀ ਤੇ ਜਿਸ ਤਰ੍ਹਾਂ ਵੀ ਯਥਾਯੋਗ ਹਿੱਸਾ ਪਾਇਆ, ਮੈਂ ਉਹਨਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

**ਸ. ਆਪਣੀ ਲੇਖਣੀ ਦੀਆਂ ਅਗਾਊਂ ਯੋਜਨਾਵਾਂ ਬਾਰੇ ਦੱਸੋ?**

**ਜ.** ਇਕ ਨਾਵਲ ਅਤੇ ਆਪਣੀ ਸਵੈ-ਜੀਵਨੀ ਦਾ ਤੀਜਾ ਭਾਗ ਲਿਖਣਾ ਸ਼ੁਰੂ ਕੀਤਾ ਹੋਇਆ ਹੈ।ਇਥੋਂ ਦੀਆਂ ਸਾਹਿਤਕ ਗਤੀਵਿਧੀਆਂ ਵਿਚ ਵੀ ਭਾਗ ਲੈਂਦਾ ਹਾਂ। ਇਨ੍ਹਾਂ ਗਤੀਵਿਧੀਆਂ ਵਿਚ ਕਿਸੇ ਦੀ ਪੁਸਤਕ ਉੱਪਰ ਖੋਜ ਨਿਬੰਧ ਵੀ ਲਿਖਣਾ ਪੈ ਜਾਂਦਾ ਹੈ ਪਰ ਮੇਰੀ ਲਿਖਣ ਦੀ ਚਾਲ ਬਹੁਤ ਧੀਮੀ ਹੈ। ਮੈਂ ਸਿੱਧਾ ਕੰਪਿਊਟਰ ‘ਤੇ ਹੀ ਲਿਖਦਾ ਹਾਂ। ਬਹੁਤ ਸਮਾਂ ਕੰਪਿਊਟਰ ਅੱਗੇ ਬੈਠ ਨਹੀਂ ਸਕਦਾ। ਉਮਰ ਦਾ ਵੀ ਚੌਥਾ ਪਹਿਰ ਚੱਲ ਰਿਹਾ ਹੈ। ਸਿਹਤ ਨੇ ਸਾਥ ਦਿੱਤਾ ਤਾਂ ਲੇਖਣ ਪ੍ਰਕਿਰਿਆ ਆਖਰੀ ਦਮ ਤਕ ਚਲਦੀ ਰਹੇਗੀ।

# ਜਰਨੈਲ ਸਿੰਘ ਸੇਖਾ ਅਭਿਨੰਦਨ ਗ੍ਰੰਥ ਲੋਕ ਅਰਪਨ ਸਮਾਗਮ




ਜਰਨੈਲ ਸਿੰਘ ਸੇਖਾ ਆਪਣੀ ਪ੍ਰੋੜ ਸਿਰਜਣਾਤਮਕ ਸੂਝ ਸਦਕਾ ਪਰਵਾਸੀ ਪੰਜਾਬੀ ਗਲਪ ਜਗਤ ਵਿਚ ਆਪਣੀ ਇਕ ਵੱਖਰੀ ਤੇ ਵਿੱਲਖਣ ਪਛਾਣ ਸਥਾਪਤ ਕਰ ਚੁੱਕਾ ਹੈ। ਬੇਸ਼ੱਕ ਉਨ੍ਹਾਂ ਦੇ ਕਈ ਕਹਾਣੀ ਸੰਗ੍ਰਹਿ ਵੀ ਸਾਨੂੰ ਮਿਲਦੇ ਹਨ ਜਿਵੇਂ 'ਉਦਾਸੇ ਬੋਲ', 'ਆਪਣਾ ਆਪਣਾ ਸਵਰਗ' ਆਦਿ। ਉਨ੍ਹਾਂ ਦੀ ਸਵੈ-ਜੀਵਨੀ 'ਚੇਤਿਆ ਦੀ ਚਿਲਮਨ' ਭਾਗ-1 ਤੇ ਦੂਜਾ ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕਈ ਪੁਸਤਕਾਂ ਲਿਪੀਅੰਤਰ ਕਰਨ ਦੇ ਨਾਲ-ਨਾਲ ਸਹਿ-ਸੰਪਾਦਕ ਪੁਸਤਕਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪਰੰਤੂ ਜਰਨੈਲ ਸਿੰਘ ਸੇਖਾ ਦੀ ਪੰਜਾਬੀ ਸਾਹਿਤ ਵਿਚ ਪਛਾਣ ਬਤੌਰ ਨਾਵਲਕਾਰ ਵਜੋਂ ਬਣੀ ਹੈ।ਇਹ ਪਛਾਣ ਉਨ੍ਹਾਂ ਦੇ ਪਹਿਲੇ ਨਾਵਲ 'ਦੁਨੀਆ ਕੈਸੀ ਹੋਈ' ਤੋਂ ਹੀ ਬਣ ਚੁੱਕੀ ਹੈ। ਬਾਅਦ ਵਿਚ ਨਿਰੰਤਰ ਉਨ੍ਹਾਂ ਦੇ ਨਾਵਲ 'ਭਗੌੜਾ' 'ਵਿਗੋਚਾ' 'ਬੇਗਾਨੇ' ਵੀ ਵਧੇਰੇ ਚਰਚਿਤ ਰਹੇ। ਹੱਥਲਾ ਲੇਖ ਹਰਬੀਰ ਸਿੰਘ ਭੰਵਰ ਦੁਆਰਾ ਸੰਪਾਦਿਤ ਪੁਸਤਕ ਜਰਨੈਲ ਸਿੰਘ ਸੇਖਾ: ਅਭਿਨੰਦਨ ਗ੍ਰੰਥ 'ਤੇ ਕੇਂਦਰਿਤ ਹੈ। ਇਸ ਪੁਸਤਕ ਵਿਚ ਵੱਖ-ਵੱਖ ਵਿਦਵਾਨਾਂ ਨੇ ਆਪੋ-ਆਪਣੀ ਸਾਹਿਤਕ ਤੇ ਸਮੀਖਿਆਤਮਕ ਦ੍ਰਿਸ਼ਟੀ ਰਾਹੀਂ ਜਰਨੈਲ ਸਿੰਘ ਸੇਖਾ ਦੇ ਰਚਨਾ ਲੋਕ ਦੇ ਅਵਚੇਤਨੀ ਪਾਸਾਰਾਂ ਨੂੰ ਬਾਖੂਬੀ ਚਿਤਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿਚ 44 ਆਲੋਚਨਾਤਮਕ ਲੇਖ, ਦੋ ਮੁਲਾਕਾਤਾਂ ਤੇ ਵੱਖ-ਵੱਖ ਵਿਦਵਾਨਾਂ ਵੱਲੋਂ

ਕੀਤੀਆਂ ਗਈਆਂ ਟਿੱਪਣੀਆ ਹਨ, ਜੋ ਲੇਖਕ ਦੀ ਸਿਰਜਣਾਤਮਕਤਾ ਦੇ ਨਾਲ-ਨਾਲ ਉਨ੍ਹਾਂ ਦੇ ਨਿੱਜੀ ਜੀਵਨ ਨੂੰ ਵੀ ਪਾਠਕਾਂ ਨਾਲ ਸਾਂਝਾ ਕਰਨ ਦਾ ਯਤਨ ਕਰਦੀਆਂ ਹਨ।

ਇਸ ਅਭਿਨੰਦਨ ਗ੍ਰੰਥ ਦੇ ਕ੍ਰਮਵਾਰ ਤਿੰਨ ਪ੍ਰਵਰਗ ਬਣਦੇ ਹਨ। ਇਸ ਦੇ ਮੁਢਲੇ ਲੇਖ ਸ੍ਰ. ਜਰਨੈਲ ਸਿੰਘ ਸੇਖਾ ਦੀ ਸ਼ਖ਼ਸੀਅਤ ਨੂੰ ਪਾਠਕਾਂ ਦੇ ਰੂਬਰੂ ਕਰਵਾਉਂਦੇ ਹਨ। ਡਾ. ਸ. ਪ. ਸਿੰਘ ,ਰਘਬੀਰ ਸਿੰਘ, ਰਾਮ ਸਰੂਪ ਅਣਖੀ, ਪ੍ਰਿੰ. ਸਰਵਣ ਸਿੰਘ, ਬਲਦੇਵ ਸਿੰਘ ਸੜਕਨਾਮਾ, ਨਦੀਮ ਪਰਮਾਰ, ਡਾ. ਪ੍ਰਿਥੀਪਾਲ ਸੋਹੀ, ਅਜਮੇਰ ਰੋਡੇ, ਜਰਨੈਲ ਸਿੰਘ ਆਰਟਿਸਟ, ਜਰਨੈਲ ਸਿੰਘ ਕਹਾਣੀਕਾਰ, ਅਮਰੀਕ ਪਲਾਹੀ, ਪ੍ਰੋ. ਆਸ਼ਿਕ ਰਹੀਲ, ਨਛੱਤਰ ਸਿੰਘ ਗਿੱਲ, ਪੂਰਨ ਸਿੰਘ ਪਾਂਧੀ, ਗੁਰਦੇਵ ਮਿਨਹਾਸ, ਦਵਿੰਦਰ ਸਿੰਘ ਸੇਖਾ, ਮੇਜਰ ਮਾਂਗਟ, ਪ੍ਰਿੰ. ਸੁਰਿੰਦਰ ਪਾਲ ਕੌਰ, ਕਵਿੰਦਰ ਚਾਂਦ, ਸਤੀਸ਼ ਗੁਲਾਟੀ, ਮੰਗਾ ਬਾਸੀ, ਹਰੀਪਾਲ, ਨਿੰਦਰ ਘੁਗਿਆਣਵੀ, ਹਰਬੀਰ ਸਿੰਘ ਭੰਵਰ, ਮੇਜਰ ਸਿੰਘ ਨੀਰ, ਹਰਦਮ ਸਿੰਘ ਮਾਨ ਆਦਿ ਨੇ ਜਰਨੈਲ ਸਿੰਘ ਸੇਖਾ ਦੀ ਸ਼ਖ਼ਸੀਅਤ ਤੇ ਉਸ ਦੀ ਸਾਹਿਤ-ਸਿਰਜਣਾ ਪ੍ਰਤਿ ਅਪਣੱਤ ਤੇ ਅਨੁਭਵ ਨੂੰ ਸਾਹਿਤ ਪ੍ਰੇਮੀਆਂ ਨਾਲ ਸਾਂਝਾ ਕਰਨ ਦਾ ਯਤਨ ਕੀਤਾ ਹੈ।ਇਸ ਪੁਸਤਕ ਵਿਚ ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਸਿੰਘ ਭੱਠਲ, ਮੋਹਨ ਗਿੱਲ ਤੇ ਜਸਵਿੰਦਰ ਵਰਗੇ ਨਾਮਵਰ ਸ਼ਾਇਰਾਂ ਨੇ ਇਸ ਪ੍ਰੋੜ ਲਿਖਾਰੀ ਨੂੰ ਵੱਖ-ਵੱਖ ਬਿੰਬਾਂ ਰਾਹੀਂ ਤਸ਼ਬੀਹ ਦੇਂਦਿਆਂ ਹੋਇਆਂ ਖ਼ੂਬਸੂਰਤ ਕਾਵਿ-ਚਿੱਤਰਾਂ ਰਾਹੀਂ ਸਲਾਮ ਕੀਤਾ ਹੈ।

ਇਸ ਪੁਸਤਕ ਦਾ ਅਗਲਾ ਪ੍ਰਵਰਗ ਗਲਪਕਾਰ ਜਰਨੈਲ ਸਿੰਘ ਸੇਖਾ ਦੀਆਂ ਸਾਹਿਤਕ ਰਚਨਾਵਾਂ ਨੂੰ ਵੱਖ-ਵੱਖ ਅੰਤਰ ਦ੍ਰਿਸ਼ਟੀਆਂ ਰਾਹੀਂ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਵਿਦਵਾਨ ਚਿੰਤਕਾਂ 'ਚੋਂ ਡਾ. ਗੁਰਇਕਬਾਲ ਸਿੰਘ, ਕਰਮਜੀਤ ਸਿੰਘ ਔਜਲਾ, ਡਾ. ਪਰਮਜੀਤ ਸਿੰਘ ਸਿੱਧੂ, ਅਵਤਾਰ ਸਿੰਘ ਬਿਲਿੰਗ, ਇੰਦਰਜੀਤ ਸਿੰਘ ਸਿੱਧੂ, ਸੁਖਮਨਪ੍ਰੀਤ ਕੌਰ, ਡਾ. ਸੁਰਜੀਤ ਬਰਾੜ, ਸੁਖਪ੍ਰੀਤ ਕੋਰ, ਡਾ. ਕੁਲਵਿੰਦਰ ਕੌਰ ਮਿਨਹਾਸ, ਪੁਸ਼ਪਿੰਦਰ ਕੌਰ, ਪ੍ਰਿੰ. ਹਰੰਬਸ ਸਿੰਘ 'ਘੇਈ', ਰਸ਼ਪਾਲ ਸਿੰਘ ਗਿੱਲ ਆਦਿ ਨੇ ਆਪੋ-ਆਪਣੀ ਸਮੀਖਿਆਤਮਕ ਸੂਝ ਸਦਕਾ ਗਲਪਕਾਰ ਦੀਆਂ ਰਚਨਾਵਾਂ ਦੇ ਕਥਾ ਪ੍ਰਵਾਹ 'ਚੋਂ ਵਿਭਿੰਨ ਪ੍ਰਵਚਨਾਂ ਨੂੰ ਉਭਾਰਨ ਦਾ ਯਤਨ ਕਰਦਿਆਂ ਹੋਇਆਂ ਪਾਠਾਂ ਵਿਚਲੇ ਅਰਥਾਂ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਅਗਰਭੂਮਿਤ ਕਰਨ ਦਾ ਯਤਨ ਕੀਤਾ ਹੈ।

ਇਸ ਪੁਸਤਕ ਦੇ ਅਗਲੇ ਹਿੱਸੇ 'ਚ ਲੇਖਕ ਦੀ ਭਗਵੰਤ ਰਸੂਲਪੁਰੀ ਅਤੇ ਬਲਬੀਰ ਸੰਘੇੜਾ ਨਾਲ ਹੋਈਆਂ ਮੁਲਾਕਾਤਾਂ ਨੂੰ ਅੰਕਿਤ ਕੀਤਾ ਗਿਆ ਹੈ। ਇਨ੍ਹਾਂ ਮੁਲਾਕਾਤਾਂ ਦੌਰਾਨ ਹੋਏ ਸੰਵਾਦ ਦੁਆਰਾ ਲੇਖਕ ਦੀ ਸਿਰਜਣ ਪ੍ਰਕ੍ਰਿਆ, ਉਸਦੇ ਸਾਹਿਤਕ ਸਫ਼ਰ ਤੇ ਸਾਹਿਤਕ ਅਨੁਭਵ ਤੋਂ ਪਾਠਕਾਂ ਨੂੰ ਰੂਬਰੂ ਕਰਵਾਉਣ ਦਾ ਯਤਨ ਕੀਤਾ ਗਿਆ ਹੈ ਇਸ ਪੁਸਤਕ ਵਿਚ ਇਕ ਲੇਖ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਤੋਂ ਪ੍ਰੋ. ਐਨ ਮਰਫ਼ੀ ਨੇ ਡਾਇਸਪੋਰਾ ਦੇ

ਸੰਦਰਭ ਵਿਚ ਲੇਖਕ ਦੀਆਂ ਰਚਨਾਵਾਂ ਦਾ ਅਧਿਐਨ ਕਰਦਿਆਂ ਇਸ ਦੇ ਸਰੋਕਾਰਾਂ, ਰੂਪਾਕਾਰਕ ਵਿਸ਼ੇਸ਼ਤਾਵਾਂ ਤੇ ਕਥਾ-ਬਿਰਤਾਂਤ ਦਾ ਬੜਾ ਸੂਖਮ-ਅਧਿਐਨ ਪ੍ਰਸਤੁਤ ਕਰਨ ਦਾ ਯਤਨ ਹੈ। ਪੁਸਤਕ ਦੇ ਆਖ਼ਰੀ ਹਿੱਸੇ 'ਚ ਵੱਖ-ਵੱਖ ਸਾਹਿਤਕਾਰਾਂ ਅਤੇ ਵਿਦਵਾਨਾਂ ਵੱਲੋਂ ਲੇਖਕ ਬਾਰੇ ਰੌਚਕ ਟਿੱਪਣੀਆਂ ਤੋਂ ਜਰਨੈਲ ਸਿੰਘ ਸੇਖਾ ਦੀ ਹੋਰ ਮਾਅਨੇਖ਼ੇਜ਼ ਸ਼ਖ਼ਸੀਅਤ ਦੇ ਦੀਦਾਰ ਹੁੰਦੇ ਹਨ।

ਨਿਰਸੰਦੇਹ ਹੱਥਲੀ ਪੁਸਤਕ ਵਿਚਲੇ ਵੱਖ-ਵੱਖ ਲੇਖ ਗਲਪਕਾਰ ਜਰਨੈਲ ਸਿੰਘ ਸੇਖਾ ਦੀ ਜਿੱਥੇ ਪ੍ਰੌੜ ਸਿਰਜਣਾਤਮਕਤਾ ਦੀ ਤਸਵੀਰਕਸ਼ੀ ਕਰਦੇ ਹਨ, ਉੱਥੇ ਵੱਖ-ਵੱਖ ਪਹੁੰਚ ਵਿਧੀਆਂ ਰਾਹੀਂ ਉਨ੍ਹਾਂ ਦੇ ਨਾਵਲਾਂ ਦੇ ਅਧਿਐਨ ਕਰਨ ਉਪਰੰਤ ਬਹੁਅਰਥੀ ਸੰਭਾਵਨਾਵਾਂ ਨੂੰ ਵਿਸਤਾਰਨ ਦਾ ਯਤਨ ਕਰਦੇ ਵੀ ਨਜ਼ਰ ਆਉਂਦੇ ਹਨ।ਅਸੀਂ ਆਸ ਕਰਦੇ ਹਾਂ ਕਿ ਇਹ ਪੁਸਤਕ ਪਾਠਕਾਂ ਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ।




**ਜਰਨੈਲ ਸਿੰਘ ਸੇਖਾ ਅਭਿਨੰਦਨ ਗ੍ਰੰਥ ਲੋਕ ਅਰਪਣ ਸਮਾਗਮ**
**ਪ੍ਰੋ. ਗੁਰਭਜਨ ਗਿੱਲ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ**

**ਡਾ. ਮੁਨੀਸ਼ ਕੁਮਾਰ**
**ਜੀ. ਜੀ. ਐਨ ਲੁਧਿਆਣਾ**

# ਕਹਾਣੀ /ਨਾਬਰੀ/ ਜਰਨੈਲ ਸਿੰਘ ਸੇਖਾ

ਜਰਨੈਲ ਸੇਖਾ ਦੀ ਕਹਾਣੀ /ਨਾਬਰੀ/ ਮਰਦ ਦੀ ਔਰਤ 'ਤੇ ਪ੍ਰਭੂਸੱਤਾ ਦਾ ਵਿਰੋਧ ਕਰਦੀ ਹੈ। ਵਿਆਹ ਸੰਸਥਾ ਕਿਸੇ ਵੀ ਸਮਾਜ ਦਾ ਬੁਨਿਆਦੀ ਆਧਾਰ ਹੈ ਪਰੰਤੂ ਇਸ ਸੰਸਥਾ ਨੂੰ ਚਲਾਇਮਾਨ ਰੱਖਣ ਲਈ ਔਰਤ-ਮਰਦ ਵਿਚਕਾਰ ਪਿਆਰ ਵਿਸ਼ਵਾਸ ਅਤੇ ਸੁਹਿਰਦਤਾ ਭਰੇ ਸੰਬੰਧ ਪਹਿਲੀ ਤੇ ਅੱਤ ਲੋੜੀਦੀ ਸ਼ਰਤ ਹਨ।

**ਸੰਪਾਦਕ**

"ਰਾਜੀ, ਵਿਆਹ ਵਿਚ ਮਰਦਾਂ ਵਾਲੇ ਸਾਰੇ ਕੰਮ ਵੀ ਤੂੰ ਆਪ ਹੀ ਕੀਤੇ। ਇਥੋਂ ਤਕ ਕਿ ਮੁੰਡੇ ਦਾ ਪੱਲਾ ਵੀ ਕੁੜੀ ਨੂੰ ਤੂੰ ਆਪ ਹੀ ਫੜਾਇਆ। ਏਸ ਦਾ ਕਿਸੇ ਨੇ ਵਿਰੋਧ ਨਹੀਂ ਕੀਤਾ?" ਕੌਫੀ ਦਾ ਪਹਿਲਾ ਘੁੱਟ ਭਰਦਿਆਂ ਹੀ ਤਨਵੀਰ ਨੇ ਵਿਆਹ ਦੀ ਗੱਲ ਛੇੜ ਲਈ। ਆਪਣੀ ਲੜਕੀ ਦੇ ਵਿਆਹ ਵਾਸਤੇ ਲਈਆਂ ਛੁੱਟੀਆਂ ਖਤਮ ਹੋਣ ਮਗਰੋਂ ਰਾਜੀ ਅੱਜ ਹੀ ਆਪਣੀ ਬੈਂਕ ਡਿਉਟੀ 'ਤੇ ਹਾਜ਼ਰ ਹੋਈ ਸੀ ਤੇ ਡਿਉਟੀ ਖਤਮ ਹੋਣ ਮਗਰੋਂ ਆਪਣੀ ਸਹਿਕਰਮਣ ਨਾਲ ਕੌਫੀ-ਸ਼ਾਪ ਵਿਚ ਆ ਬੈਠੀ ਸੀ।

"ਦੇਖ ਤਨੂ, ਇਹ ਕਿਧਰਲੀ ਸਿਆਣਪ ਐ ਬਈ, ਨਿਆਣਿਆਂ ਨੂੰ ਤੁਸੀਂ ਪਾਲ਼ੋ ਤੇ ਖੁਸ਼ੀ ਗ਼ਮੀਂ ਮੌਕੇ ਬਿਗਾਨੇ ਮਰਦਾਂ ਨੂੰ ਮੂਹਰੇ ਕਰ ਦਿਉ! ਮੈਂ ਗੁਰਦਵਾਰੇ ਦੇ ਪ੍ਰਧਾਨ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ ਕਿ 'ਮੇਰਾ ਪਤੀ ਨਹੀਂ ਹੈ ਤੇ ਕੁਝ ਪਲਾਂ ਵਾਸਤੇ ਮੈਂ ਕਿਸੇ ਸਕੇ ਸਬੰਧੀ ਨੂੰ ਆਪਣਾ ਖਸਮ ਨਹੀਂ ਬਣਾਉਣਾ। ਪਿਉ ਦੀ ਥਾਂ ਵੀ ਸਾਰੀਆਂ ਰਸਮਾਂ ਮੈਂ ਹੀ ਪੂਰੀਆਂ ਕਰੂੰਗੀ।' ਪ੍ਰਧਾਨ ਨੇ ਇਹ ਗੱਲ ਮੰਨ ਲਈ। ਜਦੋਂ ਰਾਗੀ ਨੇ ਮੁੰਡੇ ਦਾ ਪੱਲਾ ਕੁੜੀ ਨੂੰ ਫੜਾਉਣ ਲਈ ਕਿਹਾ ਤਾਂ ਮੈਂ ਆਪਣੇ ਕੋਲ ਫੜਿਆ ਸਨਹਿਰੀ ਪਰਨਾ ਆਪਣੇ ਖੱਬੇ ਸੱਜੇ ਹੱਥ ਨਾਲ ਇਕੱਠਿਆਂ ਹੀ ਦੋਹਾਂ ਦੇ ਹੱਥਾਂ ਵਿਚ ਫੜਾ ਦਿੱਤਾ। ਬੰਦੇ ਦੀ ਥਾਂ 'ਤੇ ਮੈਨੂੰ ਪੱਲਾ ਫੜਾਉਂਦੀ ਨੂੰ ਤਾਂ ਹਰ ਕੋਈ ਅੱਖਾਂ ਪਾੜ ਪਾੜ ਦੇਖ ਰਿਹਾ ਸੀ ਪਰ ਉਸ ਸਮੇਂ ਬੋਲਿਆ ਕੋਈ ਨਹੀਂ ਸੀ।"

"ਊਂ ਰਾਜੀ, ਮੈਂ ਤੇਰੇ ਹੌਸਲੇ ਦੀ ਦਾਦ ਦਿੰਨੀ ਆਂ। ਤੂੰ ਸਾਰੇ ਕੰਮ ਆਪ ਇਕੱਲੀ ਨੇ ਮਰਦ ਬਣ ਕੇ ਸਿਰੇ ਲਾਏ। ਕਿਸੇ ਦੀ ਈਨ ਨਹੀਂ ਮੰਨੀ। "ਤਨਵੀਰ ਨੇ ਰਾਜੀ ਦੇ ਮਰਦਾਵੇਂ ਸੁਭਾਅ ਦੀ ਵਡਿਆਈ ਕੀਤੀ।

"ਤਨੂ, ਮੈਨੂੰ ਤੇਰਾ 'ਮਰਦ ਬਣ ਕੇ ਅਹਿ ਕੀਤਾ, ਮਰਦ ਬਣ ਕੇ ਅਹੁ ਕੀਤਾ' ਕਹਿਣਾ ਬੜੀ ਖਿੱਝ ਚੜ੍ਹਾਉਂਦੈ। ਜਿਵੇਂ ਔਰਤ ਦੀ ਆਪਣੀ ਕੋਈ ਹਸਤੀ ਹੀ ਨਹੀਂ ਹੁੰਦੀ। ਔਰਤ ਜਿਹੜੇ

ਕੰਮ ਆਪ ਦੀਦਾ ਦਲੇਰੀ ਨਾਲ ਕਰਦੀ ਐ, ਉਹ ਮਰਦ ਦੇ ਨਾਂ ਕਿਉਂ ਲਾਏ ਜਾਣ! ਐਵੇਂ ਮਰਦ ਦੀ ਫੋਕੀ ਚੌਧਰ ਬਣਾਉਣ ਲਈ!”

“ਇਹ ਤਾਂ ਸਭਾਉਕੀ ਮੁਹਾਵਰਾ ਵਰਤਿਆ ਗਿਆ ਤੇ ਤੂੰ ਗੁੱਸਾ ਹੀ ਕਰ ਲਿਆ। “ਤਨੂ ਨੇ ਨਿਮੋਝੂਨੀ ਹੁੰਦਿਆਂ ਕਿਹਾ।

“ਨਹੀਂ, ਮੈਂ ਤੇਰੀ ਗੱਲ ਦਾ ਗੁੱਸਾ ਨਹੀਂ ਕੀਤਾ। ਇਹ ਮੁਹਾਵਰੇ ਵੀ ਇਹਨਾਂ ਮਰਦਾਂ ਨੇ ਹੀ, ਆਪਣੀ ਹਉਂ ਦਾ ਵਿਖਾਵਾ ਕਰਨ ਲਈ ਬਣਾਏ ਐ ਤੇ ਸਾਡੀ ਸੋਚ ਵੀ ਅੱਖਾਂ ਮੀਚ ਕੇ ਉਹਨਾਂ ਮਗਰ ਲੱਗਣ ਦੀ ਬਣ ਗਈ ਐ। ਅਸੀਂ ਆਪਣੀਆਂ ਕੁੜੀਆਂ ਨੂੰ ਵੀ ‘ਬੇਟਾ’, ‘ਪੁੱਤਰ’ ‘ਸ਼ੇਰਾ’ ਕਹਿ ਕੇ ਬਲਾਉਣ ਵਿਚ ਫ਼ਖ਼ਰ ਮਹਿਸੂਸ ਕਰਦੀਆਂ। ਏਸ ਤਰ੍ਹਾਂ ਸੁੱਤੇ ਸਿੱਧ ਹੀ ਅਸੀਂ ਮਰਦ ਦੀ ਸੱਤਾ ਨੂੰ ਸਵੀਕਾਰ ਕਰੀ ਜਾਂਦੀਆਂ। ਇਹ ਨਹੀਂ ਸਮਝਦੀਆਂ ਕਿ ਅਸੀਂ ਆਪ ਹੀ ਔਰਤ ਨੂੰ ਦੁਜੈਲਾ ਦਰਜਾ ਦੇ ਰਹੀਆਂ ਹਾਂ।“

“ਜਿਵੇਂ ਤੂੰ ਕਿਹੈ, ਇਸ ਤਰ੍ਹਾਂ ਤਾਂ ਮੈਂ ਕਦੀ ਸੋਚਿਆ ਈ ਨਹੀਂ ਸੀ।“

“ਕਦੀ ਕਦੀ ਇਸ ਤਰ੍ਹਾਂ ਵੀ ਸੋਚ ਲਿਆ ਕਰ। ਸਦਾ ਖਸਮ ਦੀ ਬੁੱਕਲ਼ ਵਿਚ ਹੀ ਨਾ ਵੜੀ ਰਿਹਾ ਕਰ।“

“ਮੈਂ ਖਸਮ ਦੀ ਬੁੱਕਲ਼ ਵਿਚ ਵੜੀ ਰਵ੍ਹਾਂ ਜਾਂ ਨਾ ਪਰ ਤੈਨੂੰ ਮਰਦਾਂ ਨਾਲ ਇੰਨੀ ਨਫਰਤ ਕਿਉਂ ਆ?”

“ਇਹ ਮਰਦ ਪ੍ਰਤੀ ਨਫਰਤ ਨਹੀਂ ਐ, ਤਨੂ! ਮਰਦ ਦੇ ਦਬਦਬੇ ਤੋਂ ਛੁਟਕਾਰੇ ਦੀ ਗੱਲ ਐ। ਮਰਦ ਤੀਵੀਂ ਨੂੰ ਬਰਾਬਰ ਦਾ ਇਨਸਾਨ ਸਮਝਣ ਦੀ ਬਜਾਏ ਉਸ ਨੂੰ ਆਪਣੀ ਵਰਤਣ ਵਾਲੀ ਸ਼ੈਅ ਸਮਝਦੈ। ਵਿਆਹ ਕਰਵਾ ਕੇ ਮਰਦ ਤੀਵੀਂ ਦਾ ਸਾਥੀ ਨਹੀਂ ਬਣਦਾ ਸਗੋਂ ਉਸ ਦਾ ਖਸਮ ਬਣ ਜਾਂਦੈ।“

“ਤਾਂ ਹੀ ਤੂੰ ਆਪਣੇ ਖਸਮ ਨੂੰ ਤਲਾਕ ਦੇ ਦਿੱਤਾ ਤੇ ਮੁੜ ਵਿਆਹ ਨਾ ਕਰਵਾਇਆ?”

“ਇਉਂ ਹੀ ਸਮਝ ਲੈ ਪਰ ਇਸ ਦੇ ਪਿੱਛੇ ਇਕ ਲੰਮੀ ਕਹਾਣੀ ਐ।“

“ਕੀ ਕਹਾਣੀ ਆ, ਮੈਂ ਵੀ ਸੁਣਾਂ?”

“ਅੱਛਾ! ਸਣਾਉਂਦੀ ਆਂ, ਪਹਿਲਾਂ ਮੈਂ ਦੋ ਕੱਪ ਹੋਰ ਭਰਵਾ ਲਿਆਵਾਂ!” ਕਾਊਂਟਰ ਤੋਂ ਕੌਫੀ ਲੈਣ ਜਾਂਦੀ ਰਾਜੀ ਬੋਲੀ।

ਟੇਬਲ ਉੱਪਰ ਕੌਫੀ ਦੇ ਕੱਪ ਰਖਦਿਆਂ ਉਸ ਨੇ ਕਿਹਾ, “ਆਪਣੇ ਜੀਵਨ ਦੀ ਕਹਾਣੀ ਤਾਂ ਮੈਂ ਸੁਣਾ ਦਿੰਦੀ ਆਂ ਪਰ ਤੂੰ ਵਿਚੋਂ ਟੋਕ ਟੁਕਾਈ ਨਾ ਕਰੀਂ।“

“ਨਹੀਂ ਕਰਦੀ, ਤੂੰ ਕਹਾਣੀ ਸੁਣਾ।“

“ਤਾਂ ਸੁਣ! ਮੇਰੀ ਮਾਂ ਨੂੰ ਵਿਆਹਿਆਂ ਅਜੇ ਦੋ ਕੁ ਸਾਲ ਹੋਏ ਸੀ ਤੇ ਮੇਰੇ ਜਨਮ ਨੂੰ ਕੁਝ ਕੁ ਮਹੀਨੇ, ਜਦੋਂ ਮੇਰਾ ਬਾਪ ਚੰਗੀ ਭਲੀ ਹਾਈ ਸਕੂਲ ਦੀ ਨੌਕਰੀ ਛੱਡ ਕੇ ਇੰਗਲੈਂਡ ਚਲਾ ਗਿਆ। ਪਿੱਛੇ ਘਰ ਵਿਚ ਜਿਹੜਾ ਮਰਦ ਰਹਿ ਗਿਆ ਉਹ ਮੇਰਾ ਸਕਾ ਚਾਚਾ ਸੀ। ਚਾਚਾ ਮੈਨੂੰ ਬਹੁਤ ਪਿਆਰ ਕਰਦਾ ਸੀ ਪਰ ਜਦੋਂ ਦਾਦੀ ਘਰ ਨਾ ਹੁੰਦੀ ਤਾਂ ਉਹ ਮਾਂ ਨਾਲ ਲੜਨ

ਲਗਦਾ। ਇਕ ਦਿਨ ਦਾਦੀ ਕਿਤੇ ਵਾਂਢੇ ਗਈ ਹੋਈ ਸੀ। ਉਹ ਰਾਤ ਨੂੰ ਧੱਕੇ ਨਾਲ ਹੀ ਮੇਰੀ ਮਾਂ ਨਾਲ ਆਣ ਪਿਆ ਤੇ ਉਸ ਨਾਲ ਘੁਲ਼ਣ ਲੱਗਾ। ਇਹ ਵੀ ਪਰਵਾਹ ਨਾ ਕੀਤੀ ਕਿ ਮੈਂ ਵੀ ਉਸ ਦੇ ਕੋਲ ਪਈ ਹਾਂ। ਮਾਂ ਉਸ ਨੂੰ ਧੱਕੇ ਮਾਰ ਰਹੀ ਸੀ ਤੇ ਬੋਲੀ ਵੀ ਜਾ ਰਹੀ ਸੀ। ਉਹਨਾਂ ਨੂੰ ਲੜਦਿਆਂ ਸੁਣ ਮੇਰੀ ਜਾਗ ਖੁਲ੍ਹ ਗਈ ਤੇ ਮੈਂ ਉੱਚੀ ਉੱਚੀ ਰੋਣ ਲੱਗ ਪਈ। ਉਹ ਮੇਰੇ ਚੁਪੇੜ ਮਾਰ ਕੇ ਗਾਲ੍ਹਾਂ ਕੱਢਦਾ ਹੋਇਆ ਕਮਰੇ ਵਿਚੋਂ ਬਾਹਰ ਨਿਕਲ ਗਿਆ।

ਅਗਲੇ ਦਿਨ ਜਦੋਂ ਦਾਦੀ ਪਿੰਡ ਮੁੜ ਆਈ ਤਾਂ ਮਾਂ ਨੇ ਉਸ ਕੋਲ ਚਾਚੇ ਦੀ ਸ਼ਕਾਇਤ ਲਾਈ, "ਮਾਤਾ, ਆਪਣੇ ਮੁੰਡੇ ਨੂੰ ਲਗਾਮ ਪਾ ਕੇ ਰੱਖ। ਮੈਂ ਇਕ ਨਾਲ ਵਿਆਹੀ ਆਂ। ਸਾਰੇ ਟੱਬਰ ਦੀ ਰਖੇਲ ਨਹੀਂ।"

"ਬਹੂ, ਘਰ ਦੀ ਇਜ਼ਤ ਘਰ ਵਿਚ ਰਹਿਣੀ ਚਾਹੀਦੀ ਐ। ਬਿਗਾਨੇ ਕੋਠੇ ਟੱਪਣ ਨਾਲੋਂ ਚੰਗਾ ਐ ਕਿ ਤੂੰ ਮੁੰਡੇ ਨੂੰ ਹੱਸ ਕੇ ਬੁਲਾ ਲਿਆ ਕਰੇਂ।" ਦਾਦੀ ਨੇ ਬੜੇ ਸਾਊ ਸ਼ਬਦਾਂ ਵਿਚ ਕਿਹਾ ਸੀ।

ਦਾਦੀ ਦੇ ਬੋਲਾਂ ਨੇ ਮਾਂ ਦਾ ਕਾਲਜਾ ਸਾੜ ਦਿੱਤਾ ਤੇ ਉਹ ਮੈਨੂੰ ਗੋਦੀ ਚੁੱਕ ਮੇਰੇ ਨਾਨਕੀ ਚਲੀ ਗਈ ਪਰ ਮਹੀਨੇ ਕੁ ਮਗਰੋਂ ਮੇਰਾ ਨਾਨਾ ਇਹ ਕਹਿੰਦਾ ਹੋਇਆ ਮਾਂ ਨੂੰ ਪਿੰਡ ਛੱਡ ਗਿਆ ਕਿ 'ਧੀਆਂ ਆਪਣੇ ਘਰੀਂ ਵੱਸਦੀਆਂ ਹੀ ਚੰਗੀਆਂ ਲੱਗਦੀਆਂ।'

ਫਿਰ ਮਾਂ ਨੇ ਆਪਣੇ ਵਸੇਬੇ ਲਈ ਇਕ ਸਮਝੌਤਾ ਕਰ ਲਿਆ। ਉਹ ਚਾਚੇ ਨਾਲ ਹੱਸ ਕੇ ਬੋਲਣ ਲੱਗ ਪਈ। ਸ਼ਾਇਦ ਇਹ ਹੱਸ ਕੇ ਬੋਲਣ ਦਾ ਹੀ ਅਸਰ ਸੀ ਕਿ ਇਕ ਦਿਨ ਜਦੋਂ ਮੈਂ ਚੌਥੀ ਜਮਾਤ ਦੀ ਪ੍ਰੀਖਿਆ ਦੇ ਕੇ ਖੁਸ਼ੀ ਖੁਸ਼ੀ ਘਰ ਮੁੜੀ ਤਾਂ ਮਾਂ ਦੇ ਇਹ ਬੋਲ ਮੇਰੇ ਕੰਨੀ ਪਏ, "... ਛੇਤੀ ਕੋਈ ਹੀਲਾ ਵਸੀਲਾ ਕਰ, ਨਹੀਂ ਤਾਂ ਮੈਂ ਕਿਸੇ ਖੂਹ ਖਾਤੇ ਪੈ ਕੇ ਮਰ ਜਾਣੈ।"

"ਕੱਲ੍ਹ ਨੂੰ ਮਰਦੀ ਐਂ ਅੱਜ ਹੀ ਮਰ। ਮੈਨੂੰ ਕੀ ਪਤਾ ਕ੍ਹੀਦਾ ਤੁਖਮ ਲਈ ਫਿਰਦੀ ਐਂ ਆਵਦੇ ਢਿੱਡ ਵਿਚ।" ਇਹ ਕਹਿੰਦਾ ਹੋਇਆ ਚਾਚਾ ਦਰਾਂ ਤੋਂ ਬਾਹਰ ਹੋ ਗਿਆ ਸੀ।

ਮਾਂ ਕਿਸੇ ਖੂਹ ਖਾਤੇ ਪੈ ਕੇ ਤਾਂ ਨਾ ਮਰੀ ਪਰ ਉਹ ਇਕ ਦਿਨ ਗੁਆਂਢਣ ਚਾਚੀ ਨੂੰ ਲੈ ਕੇ ਵਾਂਢੇ ਜ਼ਰੂਰ ਗਈ ਸੀ। ਜਦੋਂ ਉਹ ਘਰ ਮੁੜ ਕੇ ਆਈ ਤਾਂ ਆਉਂਦੀ ਹੀ ਕੋਠੜੀ ਅੰਦਰ ਵੜ ਕੇ ਪੈ ਗਈ। ਦਾਦੀ ਬਿੰਦੇ ਝੱਟੇ ਪਾਟੇ ਪੁਰਾਣੇ ਕਪੜੇ ਲੈ ਕੇ ਕੋਠੜੀ ਅੰਦਰ ਜਾਂਦੀ। ਅੰਦਰੋਂ ਲਹੂ ਲਿਬੜੇ ਕਪੜੇ ਲਿਆ ਕੇ ਇਕ ਬਾਲਟੀ ਵਿਚ ਸੁੱਟ ਦਿੰਦੀ। ਮੈਂ ਕੋਠੜੀ ਅੰਦਰ ਜਾ ਕੇ ਮਾਂ ਨੂੰ ਦੇਖਣਾ ਚਾਹਿਆ ਤਾਂ ਦਾਦੀ ਨੇ ਅੰਦਰ ਨਹੀਂ ਸੀ ਜਾਣ ਦਿੱਤਾ ਤੇ ਬੜੇ ਪਿਆਰ ਨਾਲ ਕਿਹਾ, 'ਰਾਜੀ ਪੁੱਤਰ, ਤੇਰੀ ਮਾਂ ਬਿਮਾਰ ਐ। ਤੂੰ ਬਾਹਰ ਜਾ ਕੇ ਸੀਬੋ ਨਾਲ ਖੇਡ।' ਜਦੋਂ ਮੈਂ ਗੁਆਂਢਣ ਚਾਚੀ ਦੇ ਘਰ ਆਪਣੀ ਹਾਨਣ ਸੀਬੋ ਨਾਲ ਖੇਡਣ ਜਾ ਰਹੀ ਸਾਂ ਤਾਂ ਗੁਆਂਢਣ ਚਾਚੀ ਹਕੀਮ ਨੂੰ ਲੈ ਕੇ ਸਾਡੇ ਘਰ ਆ ਰਹੀ ਸੀ। ਸੀਬੋ ਨਾਲ ਖੇਡਣ ਨੂੰ ਮੇਰਾ ਜੀਅ ਨਹੀਂ ਸੀ ਕੀਤਾ ਤੇ ਮੈਂ ਚੁੱਪ ਕਰਕੇ ਬੈਠੀ ਰਹੀ। ਜਦੋਂ ਗੁਆਂਢਣ ਚਾਚੀ ਘਰ

ਮੁੜ ਆਈ ਤਾਂ ਮੈਂ ਭੱਜ ਕੇ ਘਰ ਆ ਗਈ। ਉਸ ਸਮੇਂ ਹਕੀਮ ਚਲਾ ਗਿਆ ਸੀ ਤੇ ਮਾਂ ਵਿਹੜੇ ਵਿਚ ਮੰਜੀ 'ਤੇ ਪਈ ਹੂੰਗ ਰਹੀ ਸੀ।

ਮਾਂ ਦੀ ਬਿਮਾਰੀ ਤੋਂ ਅਗਲੇ ਦਿਨ ਹੀ ਦਾਦੀ ਨੇ ਮੇਰੇ ਬਾਪ ਨੂੰ ਗੁਆਂਢੀ ਚਾਚੇ ਕੋਲੋਂ ਚਿੱਠੀ ਲਿਖਵਾਈ ਸੀ। ਦਾਦੀ ਨੇ ਤਾਂ ਪਤਾ ਨਹੀਂ ਕੀ ਲਿਖਵਾਇਆ ਹੋਵੇਗਾ ਪਰ ਜਿਹੜੀ ਚਿੱਠੀ ਮਾਂ ਨੇ ਮੇਰੇ ਕੋਲੋਂ ਲਿਖਵਾਈ, ਉਹ ਕੁਝ ਇਸ ਤਰ੍ਹਾਂ ਸੀ, 'ਹੁਣ ਤਾਂ ਸਾਡੀਆਂ ਕਾਪੀਆਂ ਵੀ ਬਣ ਕੇ ਆ ਗਈਆਂ। ਹੁਣ ਤਾਂ ਸੱਦ ਲੈ ਸਾਨੂੰ ਆਪਣੇ ਕੋਲ। ਅਸੀਂ ਏਥੇ ਬਹੁਤ ਔਖੇ ਆਂ, ਸਾਨੂੰ ਈ ਪਤਾ ਸਾਡੇ ਦਿਨ ਕਿਵੇਂ ਨਿਕਲਦੇ ਆ। ਜੇ ਨਾ ਸੱਦਿਆ ਤਾਂ ਮੈਂ ਊਂ ਕਿਸੇ ਖੂਹ ਖਾਤੇ ਪੈ ਕੇ ਮਰ ਜਾਣੈ ਤੇ ਤੇਰੀ ਕੁੜੀ ਨੇ ਏਥੇ ਰੁਲ਼ ਕੇ ਮਰ ਜਾਣੈ। ਫੇਰ ਨਾ ਕਹੀਂ ਦੱਸਿਆ ਨਹੀਂ ਸੀ। ਜੇ ਸਾਨੂੰ ਨਹੀਂ ਸੱਦਣਾ ਤਾਂ ਫੇਰ ਤੂੰ ਆਪ ਹੀ ਵਾਪਸ ਆ ਜਾ। ਅਸੀਂ ਥੋੜੀ ਨਾਲ ਸਾਰ ਲਵਾਂਗੇ।'

ਹੋ ਸਕਦੈ, ਇਹ ਚਿੱਠੀਆਂ ਦਾ ਅਸਰ ਹੋਵੇ ਜਾਂ ਸਾਡੇ ਪਾਸ ਪੋਰਟ ਬਣਨ ਦੀ ਉਡੀਕ ਵਿਚ ਹੋਵੇ, ਕੁਝ ਦਿਨਾਂ ਬਾਅਦ ਹੀ ਪਾਪਾ ਪਿੰਡ ਆ ਗਿਆ ਤੇ ਵਾਪਸੀ ਸਮੇਂ ਸਾਨੂੰ ਆਪਣੇ ਨਾਲ ਲੈ ਗਿਆ। ਇੰਗਲੈਂਡ ਤੋਂ ਪਾਪਾ ਦੇ ਬਹੁਤ ਸਾਰੇ ਦੋਸਤ ਕੈਨੇਡਾ ਮੂਵ ਹੋ ਗਏ ਸਨ। ਸਾਡੇ ਇੰਗਲੈਂਡ ਜਾਣ ਤੋਂ ਕੁਝ ਮਹੀਨਿਆਂ ਮਗਰੋਂ ਅਸੀਂ ਵੀ ਕੈਨੇਡਾ ਆ ਗਏ। ਅਸੀਂ ਇਕ ਨਵੀਂ ਦੁਨੀਆ ਵਿਚ ਪ੍ਰਵੇਸ਼ ਕੀਤਾ ਤੇ ਛੇਤੀ ਹੀ ਇਹ ਦੁਨੀਆ ਸਾਨੂੰ ਰਾਸ ਵੀ ਆ ਗਈ। ਹੋਰ ਸਭ ਠੀਕ ਚਲ ਰਿਹਾ ਸੀ ਪਰ ਸਾਨੂੰ ਇਥੇ ਆਇਆਂ ਨੂੰ ਚਾਰ ਸਾਲ ਹੋਣ 'ਤੇ ਵੀ ਮਾਂ ਨੇ ਪਾਪਾ ਦੀ ਪੁੱਤਰ ਵਾਲੀ ਚਾਹਤ ਪੂਰੀ ਨਹੀਂ ਸੀ ਕੀਤੀ। ਪਾਪਾ ਕੰਮ ਤੋਂ ਆ ਕੇ ਆਥਣ ਨੂੰ ਜਦੋਂ ਇਕ ਗਲਾਸੀ ਲਾ ਕੇ ਬੈਠਦਾ ਤਾਂ ਮਾਂ ਨੂੰ ਇਹੋ ਨਿਹੋਰਾ ਮਾਰਦਾ ਕਿ ਉਹ ਉਸ ਨੂੰ ਇਕ ਪੁੱਤਰ ਜਣ ਕੇ ਨਹੀਂ ਦੇ ਸਕੀ ਪਰ ਮਾਂ ਅੱਗੋਂ ਰੱਬ ਦੇ ਸਿਰ ਭਾਂਡਾ ਭੰਨ ਦਿੰਦੀ। ਇਕ ਦਿਨ ਗਲਾਸੀ ਲਾਉਣ ਮਗਰੋਂ ਪਾਪਾ ਮਾਂ ਨੂੰ ਆਪਣੇ ਕੋਲ ਸੱਦ ਕੇ ਕਹਿਣ ਲੱਗਾ, 'ਸ਼ਾਮ ਕੁਰੇ, ਚਾਰ ਸਾਲ ਹੋ ਗਏ ਉਡੀਕ ਕਰਦਿਆਂ ਕਿ ਆਪਣੇ ਘਰ ਵਿਚ ਵੀ ਕਦੀ ਕਿਸੇ ਨੰਨ੍ਹੇ ਮੁੰਨੇ ਦੀਆਂ ਕਿਲਕਾਰੀਆਂ ਗੂੰਜਣਗੀਆਂ ਪਰ ਉਹ ਸਮਾਂ ਅਜੇ ਤਾਈਂ ਨਹੀਂ ਆਇਆ। ਹੋ ਸਕਦੈ ਆਪਣੇ ਵਿਚ ਹੀ ਕੋਈ ਘਾਟ ਹੋਵੇ। ਏਸ ਵਾਸਤੇ ਮੈਂ ਡਾਕਟਰ ਕੋਲੋਂ ਸਲਾਹ ਲੈਣ ਬਾਰੇ ਸੋਚਿਐ।'

'ਚੰਗੀ ਗੱਲ ਐ। ਜ਼ਰੂਰ ਸਲਾਹ ਲੈਣੀ ਚਾਹੀਦੀ ਐ।' ਮਾਂ ਨੇ ਝਟ ਹਾਮੀ ਭਰ ਦਿੱਤੀ। ਅਗਲੇ ਦਿਨ ਹੀ ਉਹ ਹਸਪਤਾਲ ਚਲੇ ਗਏ। ਮਾਂ ਦੇ ਸਾਰੇ ਟੈਸਟ ਹੋ ਜਾਣ ਮਗਰੋਂ ਜਿਹੜੀ ਰਿਪੋਰਟ ਸਾਹਮਣੇ ਆਈ, ਉਸ ਨੇ ਘਰ ਵਿਚ ਇਕ ਤਰ੍ਹਾਂ ਦਾ ਭੂਚਾਲ ਹੀ ਲੈ ਆਂਦਾ। ਰਿਪੋਰਟ ਵਿਚ ਬੱਚਾ ਪੈਦਾ ਨਾ ਹੋਣ ਦਾ ਕਾਰਨ ਗਰਭਪਾਤ ਹੋਣ ਸਮੇਂ ਬੱਚੇਦਾਨੀ ਵਿਚ ਨੁਕਸ ਪੈਣਾ ਦੱਸਿਆ ਗਿਆ ਸੀ।

ਪਾਪਾ ਬੜੀ ਦੇਰ ਰਿਪੋਰਟ ਪੜ੍ਹਦਾ ਰਿਹਾ ਤੇ ਕ੍ਰਿਝਦਾ ਰਿਹਾ। ਅਖੀਰ ਜਕੋ ਤਕੀ ਕਰਦਿਆਂ ਉਸ ਨੇ ਮਾਂ ਕੋਲੋਂ ਪੁੱਛ ਹੀ ਲਿਆ, 'ਸ਼ਾਮ ਕੁਰੇ, ਜਦੋਂ ਮੈਂ ਇੰਗਲੈਂਡ ਗਿਆ ਸੀ ਤਾਂ ਰਾਜੀ ਕਿੰਨੇ ਮਹੀਨਿਆਂ ਦੀ ਸੀ?'

'ਏਹੀ ਕੋਈ ਪੰਜ ਛੇ ਮਹੀਨੇ ਦੀ ਹੋਊਗੀ, ਕਿਉਂ?'

'ਹੂੰਅ! ਇੰਗਲੈਂਡ ਗਿਆ ਮੈਂ ਦਸ ਸਾਲਾਂ ਮਗਰੋਂ ਪਿੰਡ ਮੁੜਿਆ ਸੀ, ਫੇਰ ਇਹ ਰਿਪੋਰਟ ਵਿਚ ਗਰਭਪਾਤ ਵਾਲੀ ਗੱਲ ਕਿਵੇਂ ਆ ਗਈ, ਮੈਨੂੰ ਇਸ ਦੀ ਸਮਝ ਨਹੀਂ ਆ ਰਹੀ!'

'ਇਹ ਗੱਲ ਆਵਦੇ ਛੋਟੇ ਭਰਾ ਤੇ ਆਪਣੀ ਮਾਂ ਕੋਲੋਂ ਪੁੱਛੀਂ ਫੇਰ ਆਪੇ ਸਮਝ ਆ ਜਾਊ।' ਮਾਂ ਨੇ ਬੜੇ ਕਟਾਕਸ਼ ਭਰੇ ਲਹਿਜ਼ੇ ਵਿਚ ਕਿਹਾ ਤੇ ਪਾਪਾ ਕੋਲੋਂ ਉਠ ਕੇ ਰਸੋਈ ਵਿਚ ਚਲੀ ਗਈ।

ਉਸ ਦਿਨ ਤੋਂ ਮਗਰੋਂ ਪਾਪਾ ਨੇ ਘਰ ਵੱਲ ਧਿਆਨ ਦੇਣਾ ਛੱਡ ਦਿੱਤਾ ਤੇ ਗਲਾਸੀਆਂ ਦੀ ਗਿਣਤੀ ਵਧਾ ਲਈ। ਸਵੇਰੇ ਘਰੋਂ ਨਿਕਲ ਜਾਂਦਾ ਤੇ ਸ਼ਰਾਬ ਦਾ ਰੱਜਿਆ ਘਰ ਆਉਂਦਾ। ਐਵੇਂ ਹੀ ਕੋਈ ਬਹਾਨਾ ਬਣਾ ਕੇ ਮਾਂ ਨਾਲ ਲੜਨ ਝਗੜਨ ਲਗਦਾ। ਘਰ ਵਿਚ ਨਿੱਤ ਦਾ ਕਲੇਸ਼ ਰਹਿਣ ਲੱਗਾ। ਇਕ ਦਿਨ ਗੱਲ ਹੱਦਾਂ ਬੰਨੇ ਹੀ ਟੱਪ ਗਈ। ਜਦੋਂ ਮਾਂ ਫਿਸ਼ ਕੈਨਰੀ ਵਿਚੋਂ ਆਪਣੀ ਡਿਊਟੀ ਪੂਰੀ ਕਰ ਕੇ ਘਰ ਆਈ ਤਾਂ ਪਾਪਾ ਆਪਣੇ ਕੁਝ ਦੋਸਤਾਂ ਨਾਲ ਬੇਸਮਿੰਟ ਵਿਚ ਮਹਿਫਲ ਜਮਾਈ ਬੈਠਾ ਸੀ। ਮਾਂ ਨੇ ਨਹਾ ਕੇ ਕੰਮ ਵਾਲੇ ਕਪੜੇ ਲਾਂਡਰੀ ਵਿਚ ਰੱਖ ਦਿੱਤੇ ਤੇ ਆਪ ਚਾਹ ਬਣਾਉਣ ਰਸੋਈ ਵਿਚ ਚਲੀ ਗਈ। ਉਸ ਸਮੇਂ ਮੈਂ ਗਿਆਰਵੀਂ ਵਿਚ ਪੜ੍ਹਦੀ ਸੀ ਤੇ ਆਪਣੇ ਕਮਰੇ ਵਿਚ ਬੈਠੀ ਇਕ ਪਰੋਜੈਕਟ ਤਿਆਰ ਕਰ ਰਹੀ ਸੀ। ਆਪਣੇ ਦੋਸਤਾਂ ਨੂੰ ਤੋਰ ਕੇ ਪਾਪਾ ਭਰਿਆ ਪੀਤਾ ਉਪਰ ਆਇਆ ਤੇ ਆਉਂਦਿਆਂ ਹੀ ਮਾਂ ਨੂੰ ਗੁੱਤੋਂ ਫੜ ਲਿਆ, 'ਹਰਾਮਜ਼ਾਦੀਏ, ਤੈਨੂੰ ਪਤਾ ਨਹੀਂ ਸੀ ਕਿ ਉੱਥੇ ਮੇਰੇ ਦੋਸਤ ਬੈਠੇ ਐ ਤੇ ਤੂੰ ਸਾਰੀ ਬੇਸਮਿੰਟ ਵਿਚ ਮੱਛੀ ਦੀ ਬਦਬੂ ਖਿਲਾਰ ਆਈ ਏਂ।'

'ਕਪੜੇ ਤਾਂ ਮੈਂ ਮਸ਼ੀਨ ਵਿਚ ਪਾ ਕੇ ਲਾਂਡਰੀ ਦਾ ਡੋਰ ਬੰਦ ਕਰ ਦਿੱਤਾ ਸੀ ਫੇਰ ਬੂ ਕਿੱਥੋਂ ਆ ਗਈ!' ਮਾਂ ਨੇ ਉਸ ਕੋਲੋਂ ਆਪਣੀ ਗੁੱਤ ਛਡਾਉਂਦਿਆਂ ਕਿਹਾ।

ਉਹਨਾਂ ਨੂੰ ਲੜਦਿਆਂ ਸੁਣ ਕੇ ਮੈਂ ਵੀ ਕਮਰੇ 'ਚੋਂ ਬਾਹਰ ਆ ਗਈ। ਪਾਪਾ ਨੇ ਮਾਂ ਦੀ ਗੱਲ੍ਹ 'ਤੇ ਇਕ ਥੱਪੜ ਮਾਰਦਿਆਂ ਕਿਹਾ, 'ਹੋਰ ਉਹਨਾਂ ਨੂੰ ਬਦਬੂ ਅਕਾਸ਼ ਵਿਚੋਂ ਆ ਗਈ ਸੀ!' ਦੂਜਾ ਥੱਪੜ ਮਾਰਨ ਲਈ ਉਸ ਨੇ ਹੱਥ ਚੁੱਕਿਆ ਹੀ ਸੀ ਕਿ ਮਾਂ ਨੇ ਧੱਕਾ ਮਾਰ ਕੇ ਸੁੱਟ ਦਿੱਤਾ, 'ਹੁਣ ਮਾਰ ਕੇ ਦੇਖ! ਤੇਰਾ ਤਾਂ ਨਿੱਤ ਦਾ ਹੀ ਇਹ ਕੰਮ ਹੋ ਗਿਆ।' ਮਾਂ ਸ਼ੀਹਣੀ ਵਾਗ ਦਹਾੜੀ। ਮੈਂ ਵੀ ਮਾਂ ਦੇ ਕੋਲ ਜਾ ਖੜ੍ਹੀ। ਮੈਨੂੰ ਵੀ ਪਾਪਾ 'ਤੇ ਬਹੁਤ ਗੁੱਸਾ ਆ ਗਿਆ ਸੀ। ਪਾਪਾ ਕੁਝ ਨਹੀਂ ਬੋਲਿਆ ਪਰ ਕਹਿਰੀ ਅੱਖਾਂ ਨਾਲ ਸਾਡੇ ਵੱਲ ਦੇਖਦਾ ਰਿਹਾ ਤੇ ਫੇਰ ਚੁੱਪ ਕਰ ਕੇ ਕਮਰੇ ਅੰਦਰ ਜਾ ਕੇ ਪੈ ਗਿਆ ਅਤੇ ਅਗਲੇ ਦਿਨ ਘਰ ਛੱਡ ਕੇ ਚਲਾ ਗਿਆ। ਉਸ ਨੇ ਮਾਂ ਦੇ ਚਰਿੱਤਰ 'ਤੇ ਊਝ ਲਾ ਕੇ ਤਲਾਕ ਦਾ ਕੇਸ ਕਰ ਦਿੱਤਾ। ਜਿੰਨੀ ਦੇਰ ਤਕ ਕੇਸ ਦਾ ਫੈਸਲਾ ਨਹੀਂ ਹੋ ਗਿਆ ਉਸ ਨੇ ਸਾਡੇ ਨੱਕ ਵਿਚ ਦਮ ਕਰੀ

ਰੱਖਿਆ। ਘਰ ਵੀ ਵਿਕ ਗਿਆ ਤੇ ਕੁਝ ਸਮਾਂ ਸਾਨੂੰ ਕਰਾਏ ਦੀ ਬੇਸਮਿੰਟ ਵਿਚ ਰਹਿਣਾ ਪਿਆ। ਮੈਂ ਅਗਾਂਹ ਯੂਨੀਵਰਸਿਟੀ ਵਿਚ ਪੜ੍ਹਨਾ ਚਾਹੁੰਦੀ ਸੀ ਪਰ ਮਾਂ ਦੀ ਆਮਦਨ ਨਾਲ ਤਾਂ ਘਰ ਦੇ ਖਰਚੇ ਹੀ ਮਸਾਂ ਪੂਰੇ ਹੁੰਦੇ ਸੀ। ਇਸ ਕਰਕੇ ਮੈਂ ਯੂਨੀਵਰਸਿਟੀ ਤਾਂ ਨਾ ਜਾ ਸਕੀ ਪਰ ਰਾਤਰੀ ਕਾਲਜ ਵਿਚੋਂ ਬੈਂਕਿੰਗ ਦਾ ਕੋਰਸ ਜ਼ਰੂਰ ਕਰ ਲਿਆ।

ਜਦੋਂ ਮੈਨੂੰ ਬੈਂਕ ਵਿਚ ਨੌਕਰੀ ਮਿਲ ਗਈ ਤਾਂ ਮਾਂ ਨੂੰ ਮੇਰੇ ਵਿਆਹ ਦੀ ਫਿਕਰ ਹੋ ਗਈ। ਉਸ ਨੇ ਮੇਰੇ ਕੋਲੋਂ ਵਿਆਹ ਬਾਰੇ ਪੁੱਛਿਆ ਤਾਂ ਮੈਂ ਚੰਦਨ ਦਾ ਨਾਮ ਲੈ ਦਿੱਤਾ। ਜਦੋਂ ਅਸੀਂ ਕੈਨੇਡਾ ਆਏ ਸੀ ਤਾਂ ਚੰਦਨ ਦਾ ਪਰਵਾਰ ਸਾਡਾ ਗੁਆਂਢੀ ਸੀ ਤੇ ਅਸੀਂ ਛੇ ਸਾਲ ਇਕੱਠੇ ਹੀ ਪੜ੍ਹਦੇ ਰਹੇ ਸੀ। ਅਸੀਂ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਸੀ। ਉਹਨਾਂ ਦਾ ਫਿਜ਼ੀ ਦਾ ਪਿਛੋਕੜ ਤੇ ਜਾਤੀ ਹੋਰ ਹੋਣ ਕਰਕੇ ਮਾਂ ਕਿਸੇ ਸੂਰਤ ਵਿਚ ਵੀ ਇਸ ਰਿਸ਼ਤੇ ਵਾਸਤੇ ਤਿਆਰ ਨਾ ਹੋਈ। ਚੰਦਰ ਦਾ ਪਰਵਾਰ ਵੀ ਇਸ ਰਿਸ਼ਤੇ ਦੇ ਹੱਕ ਵਿਚ ਨਹੀਂ ਸੀ। ਮਾਂ ਨੇ ਆਪਣੀ ਭੈਣ ਦੀ ਨਣਦ ਦੇ ਮੁੰਡੇ ਨਾਲ ਮੇਰੇ ਵਿਆਹ ਦੀ ਗੱਲ ਚਲਾ ਦਿੱਤੀ, ਜਿਹੜਾ ਕਿ ਇਥੇ ਰਫਿਊਜੀ ਬਣ ਕੇ ਰਹਿ ਰਿਹਾ ਸੀ। ਉਹ ਪਹਿਲਾਂ ਵੀ ਕਈ ਵਾਰ ਸਾਡੇ ਘਰ ਆਇਆ ਸੀ ਤੇ ਸੁਹਣਾ ਸੁਨੱਖਾ ਗੱਭਰੂ ਸੀ। ਇਕ ਦਿਨ ਮਾਂ ਨੇ ਆਪਣੀ ਰਿਸ਼ਤੇਦਾਰੀ ਦਾ ਵਾਸਤਾ ਪਾ ਕੇ ਮੈਨੂੰ ਕਿਹਾ, 'ਤੇਰੀ ਮਾਸੀ ਦੀਆਂ ਕਈ ਚਿੱਠੀਆਂ ਆਈਆਂ। ਉਹ ਤੇਰਾ ਰਿਸ਼ਤਾ ਓਸ ਮੁੰਡੇ ਨਾਲ ਕਰਵਾਉਣਾ ਚਾਹੁੰਦੀ ਐ। ਮੁੰਡਾ ਪੜ੍ਹਿਆ ਲਿਖਿਆ ਤੇ ਦੇਖਣੀ ਪਾਖਣੀ ਵਿਚ ਸੁਹਣਾ ਐ। ਜੇ ਤੂੰ ਇਸ ਨਾਲ ਵਿਆਹ ਕਰਵਾ ਲਵੇਂ ਤਾਂ ਉਹ ਏਥੇ ਪੱਕਾ ਹੋ ਜਾਊ ਤੇ ਤੇਰੀ ਮਾਸੀ ਦੀ ਇੱਜ਼ਤ ਵੀ ਉਹਦੇ ਸਹੁਰਿਆਂ ਵਿਚ ਵਧ ਜਾਊ।'

ਮਾਂ ਦੇ ਬਾਰ ਬਾਰ ਤਰਲੇ ਕਰਨ ਅਤੇ ਪਾਪਾ ਵੱਲੋਂ ਬਣਾਈ ਮਾਂ ਦੀ ਤਰਸਯੋਗ ਹਾਲਤ ਦੇਖ ਕੇ ਮੈਂ ਹਾਮੀ ਭਰ ਦਿੱਤੀ। ਮੈਂ ਵੀ ਸੋਚਿਆ, 'ਜੇ ਚੰਦਨ ਨਾਲ ਵਿਆਹ ਨਹੀਂ ਹੋ ਸਕਦਾ ਤਾਂ ਇਹ ਮੁੰਡਾ ਵੀ ਮਾੜਾ ਨਹੀਂ।'

ਜਦੋਂ ਮੇਰਾ ਵਿਆਹ ਹੋ ਗਿਆ ਤਾਂ ਮੇਰਾ ਪਤੀ, ਗੁਰਚੇਤ ਸਿੰਘ ਪਹਿਲਾਂ ਪਹਿਲਾਂ ਬਹੁਤ ਬੀਬਾ ਰਾਣਾ ਬਣ ਕੇ ਰਿਹਾ। ਮੇਰੇ ਨਾਲ ਬੜਾ ਪਿਆਰ ਜਤਾਉਂਦਾ। ਹਰ ਗੱਲ ਮੇਰੇ ਕੋਲੋਂ ਪੁੱਛ ਕੇ ਕਰਦਾ। ਜੇ ਮੇਰੇ ਕੋਲੋਂ ਪਿਆਰ ਵੀ ਚਾਹੁੰਦਾ ਤਾਂ ਇਸ ਤਰ੍ਹਾਂ ਜਾਪਦਾ ਜਿਵੇਂ ਉਹ ਮੇਰੇ ਕੋਲੋਂ ਪਿਆਰ ਦੀ ਭੀਖ ਮੰਗ ਰਿਹਾ ਹੋਵੇ। ਉਹ ਟੈਕਸੀ ਚਲਾਉਂਦਾ ਸੀ। ਇਕ ਦਿਨ ਬੜਾ ਨਿਮਾਣਾ ਜਿਹਾ ਬਣ ਕੇ ਉਸ ਨੇ ਕਿਹਾ, 'ਇਕ ਟੈਕਸੀ ਦੀ ਪਲੇਟ ਵਿਕ ਰਹੀ ਹੈ। ਬੜੀ ਸਸਤੀ। ਜੇ ਕਹੇਂ ਤਾਂ ਆਪਾਂ ਉਹ ਪਲੇਟ ਖਰੀਦ ਲਈਏ!' ਉਸ ਦੇ ਕਹਿਣ 'ਤੇ ਮੈਂ ਉਸ ਨੂੰ ਟੈਕਸੀ ਪਲੇਟ ਖਰੀਦ ਦਿੱਤੀ। ਉਹ ਟੈਕਸੀ ਦਾ ਮਾਲਕ ਬਣ ਗਿਆ।

ਸਾਲ ਕੁ ਬਾਅਦ ਜਿਉਂ ਹੀ ਉਸ ਨੂੰ ਇਥੇ ਪੱਕੇ ਰਹਿਣ ਦੀ ਆਗਿਆ ਮਿਲ ਗਈ ਤਾਂ ਉਸ ਦਾ ਅੰਦਰਲਾ ਮਰਦ ਬਾਹਰ ਆ ਗਿਆ ਤੇ ਉਸ ਨੇ ਆਪਣਾ ਮਰਦਊਪੁਣਾ ਦਿਖਾਉਣਾ ਸ਼ੁਰੂ ਕਰ ਦਿੱਤਾ। ਮੇਰੇ ਪਹਿਰਾਵੇ ਦੀ ਟੋਕ ਟੁਕਾਈ ਕਰਨ ਲੱਗਾ। ਉਸ ਨੂੰ ਕਿਧਰੋਂ ਚੰਦਨ ਨਾਲ ਮੇਰੇ ਪਹਿਲੇ ਸਬੰਧਾਂ ਦਾ ਪਤਾ ਲੱਗ ਗਿਆ ਸੀ। ਉਹ ਮੇਰੇ ਚ੍ਰਿਤਰ ਉਪਰ ਸ਼ੱਕ ਕਰਦਾ।

ਉਹ ਮੈਨੂੰ ਕੰਮ ਵਾਲੀ ਥਾਂ ਜਾਣ ਤੋਂ ਬਿਨਾਂ ਹੋਰ ਕਿਸੇ ਪਾਸੇ ਜਾਣੋ ਰੋਕਣ ਲੱਗਾ। ਜੇ ਕਿਤੇ ਮੈਂ ਜ਼ਰੂਰੀ ਜਾਣਾ ਹੁੰਦਾ ਤਾਂ ਉਹ ਮੇਰੇ ਨਾਲ ਜਾਂਦਾ। ਚੋਰੀ ਚੋਰੀ ਮੇਰੀ ਨਿਗਰਾਨੀ ਵੀ ਕਰਦਾ। ਕਿਸੇ ਜਾਣੂ ਮਰਦ ਨਾਲ ਗੱਲ ਕਰਨ 'ਤੇ ਸਮਝਦਾ ਜਿਵੇਂ ਮੈਂ ਆਪਣੇ ਕਿਸੇ ਯਾਰ ਨਾਲ ਗੱਲ ਕਰ ਰਹੀ ਹੋਵਾਂ। ਉਸ ਬੰਦੇ ਬਾਰੇ ਉਹ ਬਾਰ ਬਾਰ ਪੁੱਛਦਾ। ਸਾਲ ਬਾਅਦ ਮੈਂ ਇਕ ਕੁੜੀ ਨੂੰ ਜਨਮ ਦਿੱਤਾ ਪਰ ਉਸ ਨੂੰ ਆਪਣੀ ਧੀ ਨਾਲ ਵੀ ਕੋਈ ਮੋਹ ਨਹੀਂ ਜਾਗਿਆ। ਸਗੋਂ ਉਸ ਨੇ ਕੁੜੀ ਦਾ ਪਿਉ ਹੋਣ 'ਤੇ ਵੀ ਸ਼ੱਕ ਕੀਤਾ। ਫਿਰ ਇਕ ਦਿਨ ਉਹ ਟੈਕਸੀ ਵੇਚ ਕੇ ਤੇ ਬੈਂਕ ਦੇ ਸਾਂਝੇ ਖਾਤੇ ਵਿਚੋਂ ਸਾਰੀ ਰਕਮ ਕਢਵਾ ਕੇ ਕਿਧਰੇ ਪਤਰਾ ਵਾਚ ਗਿਆ। ਉਸ ਹੱਥੋਂ ਮੈਂ ਵੀ ਬਹੁਤ ਦੁਖੀ ਸਾਂ ਜਿਸ ਕਾਰਨ ਮੈਂ ਵੀ ਉਸ ਦਾ ਪਿੱਛਾ ਨਹੀਂ ਕੀਤਾ ਤੇ ਤਿੰਨ ਕੁ ਮਹੀਨੇ ਮਗਰੋਂ ਤਲਾਕ ਦਾ ਕੇਸ ਕਰ ਦਿੱਤਾ। ਉਸ ਦੀ ਗ਼ੈਰਹਾਜ਼ਰੀ ਵਿਚ ਛੇਤੀ ਹੀ ਤਲਾਕ ਮਿਲ ਗਿਆ ਤੇ ਮੈਂ ਸੁਰਖਰੂ ਹੋ ਗਈ।

ਮੇਰਾ ਵਿਆਹ ਕਰਨ ਲਈ ਮਾਂ ਫੇਰ ਕਾਹਲੀ ਸੀ ਪਰ ਮੈਂ ਆਨਾਕਾਨੀ ਕਰਦੀ ਰਹੀ। ਜੇ ਐਲੀਸਾ ਬਦਲ ਕੇ ਇਸ ਬੈਂਕ ਵਿਚ ਨਾ ਆਈ ਹੁੰਦੀ ਤਾਂ ਸ਼ਾਇਦ ਮੁੜ ਫੇਰ ਵਿਆਹ ਵਾਲਾ ਕਰੀਂਡਲ ਮੇਰੇ ਗਲ਼ ਵਿਚ ਪੈ ਹੀ ਜਾਂਦਾ ਪਰ ਉਸ ਦੀ ਸੰਗਤ ਨੇ ਤਾਂ ਮਰਦਾਂ ਪ੍ਰਤੀ ਮੇਰੀ ਸੋਚ ਨੂੰ ਹੀ ਬਦਲ ਕੇ ਰੱਖ ਦਿੱਤਾ। ਪਿੱਛਲੇ ਸਾਲ ਜਦੋਂ ਮਾਂ ਦੀ ਮੌਤ ਹੋਈ ਤਾਂ ਚੰਦਨ ਨੇ ਅਖ਼ਬਾਰ ਵਿਚੋਂ ਪੜ੍ਹ ਲਿਆ ਸੀ ਤੇ ਉਹ ਮਾਂ ਦੇ ਸਸਕਾਰ 'ਤੇ ਆਇਆ ਸੀ। ਉਦੋਂ ਹੀ ਉਸ ਨੂੰ ਪਤਾ ਲੱਗਾ ਕਿ ਮੇਰਾ ਤਲਾਕ ਹੋ ਗਿਆ ਹੈ। ਉਹ ਫੇਰ ਇਕ ਵਾਰ ਉਚੇਚਾ ਮੈਨੂੰ ਮਿਲਣ ਆਇਆ ਤੇ ਕਹਿਣ ਲੱਗਾ, 'ਰਾਜੀ, ਮੇਰਾ ਵੀ ਤਲਾਕ ਹੋ ਚੁੱਕਿਆ ਤੇ ਸਾਡੇ ਕੋਈ ਬੱਚਾ ਵੀ ਨਹੀਂ ਸੀ। ਮੈਂ ਚਾਹੁਨਾਂ ਕਿ ਆਪਾਂ ਵਿਆਹ ਕਰਵਾ ਲਈਏ!'

'ਚੰਦਨ, ਇਹ ਗੱਲ ਭੁੱਲ ਕੇ ਵੀ ਨਾ ਕਹਿ ਬੈਠੀਂ। ਵਿਆਹ ਦੇ ਨਾਮ ਤੋਂ ਈ ਮੈਨੂੰ ਨਫਰਤ ਐ।'

'ਚਲ ਵਿਆਹ ਨਾ ਸਹੀ, ਆਪਾਂ ਚੰਗੇ ਦੋਸਤ ਬਣ ਕੇ ਤਾਂ ਰਹਿ ਸਕਦੇ ਹਾਂ।'

'ਨਹੀਂ! ਮੈਨੂੰ ਕਿਸੇ ਮਰਦ ਦੀ ਦੋਸਤੀ ਵੀ ਨਹੀਂ ਚਾਹੀਦੀ।' ਮੈਂ ਉਸ ਨੂੰ ਤੋੜ ਕੇ ਜਵਾਬ ਦੇ ਦਿੱਤਾ ਅਤੇ ਉਹ ਨਿਰਾਸ ਹੋ ਕੇ ਵਾਪਸ ਚਲਾ ਗਿਆ। ਮੁੜ ਉਸ ਦਾ ਫੂਨ ਨਹੀਂ ਸੀ ਆਇਆ। ਪਰ ਜਦੋਂ ਮੈਂ ਬਿੱਟੀ ਦੇ ਵਿਆਹ ਲਈ ਸੱਦਾ ਪੱਤਰ ਦੇਣ ਲਈ ਆਪਣੇ ਜਾਣੂਆਂ ਦੀ ਲਿਸਟ ਬਣਾਉਣ ਲੱਗੀ ਤਾਂ ਚੰਦਨ ਦਾ ਨਾਂ ਵੀ ਸੱਦਾ ਪੱਤਰ ਦੇਣ ਵਾਲੀ ਲਿਸਟ ਵਿਚ ਲਿਖ ਲਿਆ। ਉਹ ਬਿੱਟੀ ਦੇ ਵਿਆਹ ਵਿਚ ਸ਼ਾਮਿਲ ਹੋਇਆ ਸੀ ਤੇ ਤੁਹਫੇ ਵਿਚ ਬਿੱਟੀ ਨੂੰ ਜਮੁਰਦ ਜੜਿਆ ਕੰਙਣ ਦੇ ਗਿਆ ਸੀ। ਕੱਲ੍ਹ ਫੇਰ ਉਹਦਾ ਫੂਨ ਆਇਆ ਸੀ। ਮੈਂ ਜਾਣਦੀ ਹਾਂ ਕਿ ਉਹ ਕਿਉਂ ਫੂਨ ਕਰਦੈ! ਮੈਂ ਨਾਬਰ ਆਂ ਇਹਨਾਂ ਮਰਦ ਦੀ ਸੰਗਤ ਤੋਂ।"

ਕੌਫੀ ਦਾ ਅਖੀਰਲਾ ਘੁੱਟ ਭਰਦਿਆਂ ਰਾਜੀ ਨੇ ਆਪਣੀ ਗੱਲ ਖਤਮ ਕੀਤੀ।

"ਐਲੀਸਾ ਨੂੰ ਤਾਂ ਮਰਦ ਜਾਤ ਨਾਲ ਨਫਰਤ ਹੈ ਹੀ ਸੀ। ਉਸ ਨੇ ਤੈਨੂੰ ਵੀ ਓਸੇ ਰਾਹ ਤੋਰ ਲਿਆ।" ਤਨੂ ਨੇ ਨੱਕ ਚੜ੍ਹਾਇਆ।

"ਤਨੂ, ਨਾਰੀ ਦੀ ਨਾਬਰੀ ਮਰਦ ਦੇ ਖਿਲਾਫ਼ ਨਹੀਂ, ਮਰਦ ਦੀ ਸੱਤਾ ਦੇ ਖਿਲਾਫ ਐ। ਜਦੋਂ ਤਕ ਨਾਰੀ ਮਰਦ ਹੱਥੋਂ ਸੱਤਾ ਖੋਹ ਨਹੀਂ ਲੈਂਦੀ ਤੇ ਆਪਣੀ ਪ੍ਰਭਤਾ ਕਾਇਮ ਨਹੀਂ ਕਰ ਲੈਂਦੀ, ਤਦ ਤਾਈਂ ਨਾਰੀ ਮੁਕਤ ਨਹੀਂ ਹੋ ਸਕਦੀ।"

"ਜੇ ਸੱਤਾ ਨਾਰੀ ਹੱਥ ਆਏਗੀ ਤਾਂ ਮਰਦ ਗੁਲਾਮ ਹੋਏਗਾ। ਮੇਰੇ ਖਿਆਲ ਵਿਚ ਮਰਦ ਦੀ ਸੱਤਾ ਤੋਂ ਨਾਬਰ ਹੋਣ ਨਾਲੋਂ ਨਾਰੀ ਨੂੰ ਬਰਾਬਰੀ ਲਈ ਸੰਘਰਸ਼ ਕਰਨ ਦੀ ਲੋੜ ਹੈ।"

"ਮਰਦ ਨੇ ਅੱਜ ਤਕ ਨਾਰੀ ਨੂੰ ਬਰਾਬਰ ਸਮਝਿਆ ਹੀ ਨਹੀਂ। ਪੂਰਨ ਅਜ਼ਾਦੀ ਤੋਂ ਬਿਨਾਂ ਨਾਰ ਦੀ ਗਤੀ ਨਹੀਂ।"

"ਮੈਂ ਤੇਰੇ ਨਾਲ ਮਿੱਕ ਨਹੀਂ ਸਕਦੀ ਪਰ ਮੈਂ ਸਮਝਦੀ ਆਂ ਕਿ ਸਮਾਜ ਦਾ ਵਿਕਾਸ ਮਰਦ ਤੇ ਔਰਤ ਦੀ ਸਾਂਝ ਨਾਲ ਹੈ, ਪਿਆਰ ਨਾਲ ਹੈ, ਦੋਹਾਂ ਦੀ ਮਿਲਵਰਤਨ ਨਾਲ ਹੈ। ਇਹ ਤਾਂ ਹੀ ਹੋ ਸਕਦਾ ਜੇ ਵਿਆਹ ਵਾਲੀ ਸੰਸਥਾ ਕਾਇਮ ਰਹੇ ਪਰ ਐਲੀਸਾ ਤਾਂ ਵਿਆਹ ਦੀ ਸੰਸਥਾ ਦੇ ਹੀ ਉਲਟ ਆ।"

"ਵਿਆਹ ਨਾਰੀ ਦੀ ਅਜ਼ਾਦੀ ਵਿਚ ਰੋੜਾ ਅਟਕਾਉਂਦੈ। ਸਮਾਜ ਦਾ ਵਿਕਾਸ ਤਾਂ ਵਿਆਹ ਤੋਂ ਬਿਨਾਂ ਵੀ ਹੁੰਦਾ ਰਹੇਗਾ।"

"ਫੇਰ ਤੂੰ ਆਪਣੀ ਕੁੜੀ ਦਾ ਵਿਆਹ ਕਿਉਂ ਕੀਤਾ?" ਤਨਵੀਰ ਨੇ ਇਕ ਹੋਰ ਸਵਾਲ ਖੜ੍ਹਾ ਕਰ ਦਿੱਤਾ।

"ਇਹ ਵਿਆਹ ਮੇਰੀ ਸਲਾਹ ਨਾਲ ਨਹੀਂ ਹੋਇਆ, ਮੈਂ ਵਿਆਹ ਵਾਲੀਆਂ ਰਸਮਾਂ ਜ਼ਰੂਰ ਨਿਭਾਈਆਂ ਸੀ ਕਿਉਂਕਿ ਮੈਂ ਬਿੱਟੀ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ ਕਿ ਉਹ ਆਪਣੀ ਇੱਛਾ ਅਨੁਸਾਰ ਜਿਵੇਂ ਚਾਹੇ ਆਪਣੀ ਜ਼ਿੰਦਗੀ ਬਤੀਤ ਕਰ ਸਕਦੀ ਹੈ। ਲਾਅ ਫਰਮ ਵਿਚ ਕੰਮ ਸ਼ੁਰੂ ਕਰਨ ਤੋਂ ਕੁਝ ਸਮੇਂ ਮਗਰੋਂ ਬਿੱਟੀ ਨੇ ਇਕ ਦਿਨ ਜਦੋਂ ਮੈਨੂੰ ਇਹ ਦੱਸਿਆ, 'ਮੰਮ, ਮੈਂ ਆਪਣੇ ਬਰੈਸਟਰ ਸਾਥੀ ਸੁਦੀਪ ਨਾਲ ਵਿਆਹ ਕਰਵਾਉਣਾ ਚਾਹੁੰਦੀ ਹਾਂ' ਤਾਂ ਇਹ ਸੁਣ ਕੇ ਮੈਨੂੰ ਸ਼ਾਕ ਲੱਗਾ ਸੀ ਤੇ ਮੈਂ ਉਸ ਨੂੰ ਤਾੜਨਾ ਕੀਤੀ ਸੀ, 'ਬਿੱਟੀ, ਵਿਆਹ ਕਰਵਾਉਣਾ ਸੌਖਾ ਹੁੰਦੈ ਤੇ ਨਿਭਾਉਣਾ ਬਹੁਤ ਔਖਾ। ਤੀਵੀਂ 'ਤੇ ਹੁਕਮ ਚਲਾਉਣ ਦੀ ਮਰਦ ਦੀ ਖਸਲਤ ਨਹੀਂ ਜਾਂਦੀ ਤੇ ਤੇਰੇ ਕੋਲੋਂ ਇਹ ਹੁਕਮ ਮੰਨ ਨਹੀਂ ਹੋਣੇ। ਵਿਆਹ ਕਰਵਾਉਣ ਤੋਂ ਪਹਿਲਾਂ ਹੀ ਇਸ ਦੇ ਬੁਰੇ ਭਲੇ ਪੱਖ ਬਾਰੇ ਸੋਚ ਲੈ।'

ਉਸ ਨੇ ਇਕੋ ਜਵਾਬ ਦਿੱਤਾ ਸੀ, 'ਮੰਮ! ਤੂੰ ਮੈਨੂੰ ਪੜ੍ਹਾਇਆ ਤੇ ਜ਼ਿੰਦਗੀ ਦੇ ਉਤਰਾਵਾਂ ਚੜ੍ਹਾਵਾਂ ਤੋਂ ਵੀ ਜਾਣੂ ਕਰਵਾਇਆ ਹੈ। ਹੁਣ ਮੈਂ ਆਪਣੇ ਭਲੇ ਬੁਰੇ ਦੀ ਸਾਰੀ ਸਮਝ ਰਖਦੀ ਹਾਂ। ਤੈਨੂੰ ਮੇਰੇ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਮੈਂ ਇਹ ਕਦਮ ਬਹੁਤ ਸੋਚ ਸਮਝ ਕੇ ਉਠਾਇਆ ਹੈ।' ਸੋ ਮੈਂ ਉਸ ਦੇ ਫੈਸਲੇ ਅੱਗੇ ਸਿਰ ਨਿਵਾ ਦਿੱਤਾ।"

"ਬਿੱਟੀ ਨੇ ਠੀਕ ਫੈਸਲਾ ਕੀਤੈ। ਰਾਜੀ! ਤੂੰ ਇਹ ਕਿਉਂ ਨਹੀਂ ਸਮਝਦੀ ਕਿ ਮਰਦ ਦੇ ਸਾਥ ਬਿਨਾਂ ਤੀਵੀਂ ਅਧੂਰੀ ਏ!"

"ਬੱਸ! ਇਹ ਅਧੂਰੇਪਨ ਦੀ ਸੋਚ ਹੀ ਤੀਵੀਂ ਦੀ ਕਮਜ਼ੋਰੀ ਐ, ਜਿਹੜੀ ਮਰਦ ਦੀ ਹਉਮੈਂ ਨੂੰ ਪੱਠੇ ਪਾਉਂਦੀ ਐ। 'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਮੈਂ ਤਾਂ ਪੱਕਾ ਧਾਰਿਆ ਹੋਇਆ ਐ ਕਿ ਮਰਦ ਨਾਲ ਕੰਮ ਦੀ ਸਾਂਝ ਤੋਂ ਬਿਨਾਂ ਹੋਰ ਕਿਸੇ ਕਿਸਮ ਦੀ ਕੋਈ ਵੀ ਸਾਂਝ ਨਹੀਂ ਰੱਖਣੀ।"

"ਰਾਜੀ! ਜਿਉਂਦੇ ਜੀਆਂ ਦੇ ਮਨ ਵਿਚ ਕਦੀ ਕਦਾਈਂ ਹੱਸਣ ਖੇਡਣ ਦੀ ਇੱਛਾ ਵੀ ਜਾਗ ਪੈਂਦੀ ਆ ਤਾਂ ਸਾਂਝ ਰੱਖਣੀ ਵੀ ਪੈ ਜਾਂਦੀ ਆ।" ਤਨੂ ਨੇ ਗੁੱਝੀ ਰਮਜ਼ ਚਲਾਈ।

"ਇੱਛਾ ਨੂੰ ਸਵਾਉਣ ਦੇ ਢੰਗ ਤ੍ਰੀਕੇ ਵੀ ਹੈਗੇ ਨੇ ਮੇਰੇ ਕੋਲ।" ਰਾਜੀ ਨੇ ਵੀ ਉਸੇ ਲਹਿਜ਼ੇ ਵਿਚ ਜਵਾਬ ਦਿੱਤਾ।

"ਰਾਜੀ, ਮਰਦ ਤੇ ਔਰਤ ਇਕ ਦੂਜੇ ਦੇ ਪੂਰਕ ਨੇ, ਦੁੱਖ ਸੁੱਖ ਦੇ ਸਾਂਝੀ। ਜਦੋਂ ਉਹ ਇਕੱਠੇ ਬੈਠ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਨੇ, ਚੁਹਲ ਮੁਹਲ ਕਰਦੇ ਨੇ ਤਾਂ ਮਨ ਦੀਆਂ ਤਾਰਾਂ ਵਿਚ ਜਿਹੜੀ ਟੁਣਕਾਰ ਪੈਦਾ ਹੁੰਦੀ ਆ, ਉਹਦਾ ਹੋਰ ਕੋਈ ਸਾਨੀ ਨਹੀਂ। ਤੂੰ ਆਪਣੇ ਤਨ 'ਤੇ ਵੀ ਜਬਰ ਕਰ ਰਹੀ ਏਂ ਤੇ ਆਪਣੇ ਮਨ 'ਤੇ ਵੀ।" ਤਨਵੀਰ ਨੇ ਗੰਭੀਰ ਹੁੰਦਿਆ ਕਿਹਾ।

ਇਸ ਤੋਂ ਪਹਿਲਾਂ ਕਿ ਰਾਜੀ ਕੋਈ ਜਵਾਬ ਦਿੰਦੀ, ਉਸ ਦੇ ਫੋਨ 'ਚੋਂ ਟੀਂ, ਟੀਂ ਦੀ ਅਵਾਜ਼ ਆਉਣ ਲੱਗੀ। ਉਹਨੇ ਫੋਨ ਤੋਂ ਸੁਨੇਹਾ ਪੜ੍ਹ ਕੇ ਕਿਹਾ, "ਤੇਰੀ ਏਸ ਗੱਲ ਦਾ ਮੈਂ ਕਿਤੇ ਫੇਰ ਜਵਾਬ ਦਿਊਂ, ਹੁਣ ਮੈਨੂੰ ਘਰ ਜਾਣਾ ਪੈਣੈ। ਬਿੱਟੀ ਹੁਰੀਂ ਆ ਰਹੇ ਨੇ। ਉਹਨਾਂ ਅੱਜ ਮੇਰੇ ਕੋਲ ਰਹਿਣੈ। ਕੱਲ੍ਹ ਨੂੰ ਉਹਨਾ ਦੀ ਫਲਾਈਟ ਐ।" ਇੰਨਾ ਆਖ ਰਾਜੀ ਕੁਰਸੀ ਤੋਂ ਉਠ ਖੜ੍ਹੀ ਹੋਈ।

"ਚੱਲ! ਮੈਂ ਵੀ ਚਲਦੀ ਆਂ।" ਤਨਵੀਰ ਵੀ ਉਹਦੇ ਨਾਲ ਹੀ ਕੌਫੀ ਸ਼ਾਪ ਵਿਚੋਂ ਬਾਹਰ ਆ ਗਈ।

ਤਨਵੀਰ ਦੀ 'ਉਸ ਨੇ ਤੈਨੂੰ ਵੀ ਓਸੇ ਰਾਹ ਤੋਰ ਲਿਆ' ਦੀ ਕਹੀ ਗੱਲ ਨੇ ਰਾਜੀ ਨੂੰ ਐਲੀਸਾ ਦੀ ਯਾਦ ਤਾਜ਼ਾ ਕਰਵਾ ਦਿੱਤੀ। ਉਸ ਦੀਆਂ ਅੱਖਾਂ ਅੱਗੇ ਉਹ ਦ੍ਰਿਸ਼ ਆ ਗਿਆ ਜਦੋਂ ਪਹਿਲੇ ਦਿਨ ਉਹ ਕੰਮ ਤੋਂ ਵਿਹਲੀ ਹੋ ਕੇ ਬੈਂਕ ਤੋਂ ਬਾਹਰ ਨਿਕਲ ਰਹੀ ਸੀ ਤਾਂ ਇਕ ਤੀਹ ਪੈਂਤੀ ਸਾਲ ਦੀ ਬੈਂਕ ਕਰਮਚਾਰੀ ਉਸ ਦੇ ਨਾਲ ਹੋ ਤੁਰੀ, ਜਿਵੇਂ ਉਹ ਉਸੇ ਨੂੰ ਉਡੀਕ ਰਹੀ ਹੋਵੇ। ਉਸ ਨੇ ਬਿਨਾਂ ਕਿਸੇ ਭੂਮਿਕਾ ਦੇ ਉਹਦੇ ਕੋਲੋਂ ਸਿੱਧਾ ਹੀ ਪੁੱਛ ਲਿਆ, "ਹਾਇ, ਕੁੜੀਏ! ਕੀ ਤੂੰ ਵਿਆਹੀ ਹੋਈ ਹੈਂ?"

ਰਾਜੀ ਨੂੰ ਉਸ ਦੇ ਇਸ ਤਰ੍ਹਾਂ ਪੁੱਛਣ 'ਤੇ ਹੈਰਾਨੀ ਹੋਈ ਪਰ ਉਸ ਨੇ ਦੱਸ ਦਿੱਤਾ, "ਵਿਆਹੀ ਤਾਂ ਹਾਂ ਪਰ ਤਲਾਕ ਦਾ ਕੇਸ ਚੱਲ ਰਿਹਾ।"

"ਪਤੀ ਤੰਗ ਕਰਦਾ ਸੀ ਜਾਂ ਤੂੰ ਹੀ ਉਸ ਨੂੰ ਪਸੰਦ ਨਹੀਂ ਕਰਦੀ ਜਾਂ ਕਿ ਤੇਰੇ ਮਾਪਿਆਂ ਨੇ ਬਿਨਾਂ ਤੇਰੀ ਮਰਜ਼ੀ ਤੋਂ ਉਸ ਨਾਲ ਵਿਆਹ ਕਰ ਦਿੱਤਾ ਸੀ?" ਇਹ ਉਸ ਦਾ ਅਗਲਾ ਸਵਾਲ ਸੀ।

"ਮੁਆਫ ਕਰਨਾ, ਤੁਹਾਡਾ ਮੇਰੇ ਕੋਲੋਂ ਮੇਰੀ ਨਿਜੀ ਜ਼ਿੰਦਗੀ ਬਾਰੇ ਸਵਾਲ ਪੁੱਛਣ ਦਾ ਮਤਲਬ!"

"ਆਪਾਂ ਏਥੇ ਇਕੱਠਿਆਂ ਕੰਮ ਕਰਨਾ ਹੈ। ਕੀ ਇਕ ਦੂਸਰੇ ਬਾਰੇ ਜਾਣ ਲੈਣਾ ਚੰਗਾ ਨਹੀਂ ਹੁੰਦਾ! ਠੀਕ ਹੈ! ਪਹਿਲਾਂ ਮੈਂ ਤੈਨੂੰ ਆਪਣੇ ਬਾਰੇ ਦਸ ਦਿੰਨੀ ਹਾਂ। ਮੇਰਾ ਨਾਮ ਐਲੀਸਾ ਮੈਕਮਿੱਲਰ ਹੈ। ਏਥੇ ਡਾਊਨ ਟਾਊਨ ਵਿਚ ਹੀ ਰਹਿੰਦੀ ਹਾਂ। ਮੈਂ ਵਿਆਹ ਨਹੀਂ ਕਰਵਾਇਆ ਤੇ ਨਾ ਹੀ ਕਰਵਾਉਣਾ ਹੈ। ਮੈਂ ਔਰਤ ਦੀ ਪੂਰਨ ਅਜ਼ਾਦੀ ਦੀ ਹਾਮੀ ਹਾਂ। ਅਸੀਂ ਇਕ ਜੱਥੇਬੰਦੀ ਬਣਾਈ ਹੋਈ ਹੈ ਜਿਹੜੀ ਔਰਤ ਨੂੰ ਉਹਦੇ ਹੱਕਾਂ ਪ੍ਰਤੀ ਜਾਗ੍ਰਿਤ ਕਰਨ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਹੋ ਸਕਦਾ ਹੈ ਕਿ ਤਲਾਕ ਦੇ ਕੇਸ ਵਿਚ ਅਸੀਂ ਤੇਰੀ ਕੋਈ ਸਹਾਇਤਾ ਕਰ ਸਕੀਏ!"

ਰਾਜੀ ਨੂੰ ਉਸ ਦੀ ਸਪਸ਼ਟਤਾ ਚੰਗੀ ਲੱਗੀ ਤੇ ਉਸ ਨੇ ਆਪਣੇ ਬਾਰੇ ਸੰਖੇਪ ਵਿਚ ਦੱਸ ਦਿੱਤਾ। ਰਾਜੀ ਦੀ ਗੱਲ ਨੂੰ ਬੜੇ ਧਿਆਨ ਨਾਲ ਸੁਣਨ ਪਿੱਛੋਂ ਐਲੀਸਾ ਬੋਲੀ, "ਅੱਜ ਮੈਂ ਕਿਤੇ ਹੋਰ ਜਾਣਾ ਹੈ, ਕੱਲ੍ਹ ਨੂੰ ਮਿਲਦੀਆਂ।"

ਅਗਲੇ ਦਿਨ ਰਾਜੀ ਦਾ ਐਲੀਸਾ ਨਾਲ ਮੇਲ ਕੀ ਹੋਇਆ, ਉਹ ਨਿੱਤ ਹੀ ਉਸ ਨੂੰ ਮਿਲਣ ਲੱਗੀ। ਹੌਲ਼ੀ ਹੌਲ਼ੀ ਉਸ ਦੀ ਐਲੀਸਾ ਨਾਲ ਗੂੜ੍ਹੀ ਦੋਸਤੀ ਹੋ ਗਈ। ਜਦੋਂ ਵੀ ਉਹ ਘਰ ਆਉਂਦੀ ਤਾਂ ਮਾਂ ਉਸ ਦੇ ਕੋਲ ਮੁੜ ਵਿਆਹ ਕਰਵਾਉਣ ਦੀ ਕਥਾ ਛੇੜ ਕੇ ਬਹਿ ਜਾਂਦੀ। ਕਦੇ ਉਹ ਉਸ ਦੀ ਜਵਾਨੀ ਦਾ ਵਾਸਤਾ ਪਾਉਂਦੀ ਤੇ ਕਦੇ ਧੀ ਦੇ ਭਵਿਖਤ ਦਾ। ਉਹ ਹਰ ਵਾਰ ਮਾਂ ਦੀ ਗੱਲ ਨੂੰ ਟਾਲ ਜਾਂਦੀ ਪਰ ਕਦੀ ਕਦਾਈਂ ਮਨ ਦੀ ਭਟਕਣ ਉਸ ਨੂੰ ਵਿਆਹ ਬਾਰੇ ਸੋਚਣ 'ਤੇ ਮਜ਼ਬੂਰ ਕਰ ਦਿੰਦੀ।

ਇਕ ਦਿਨ ਇਸ ਬਾਰੇ ਉਸ ਨੇ ਐਲੀਸਾ ਨਾਲ ਗੱਲ ਕੀਤੀ ਤਾਂ ਉਸ ਨੇ ਕਿਹਾ ਸੀ, "ਤੂੰ ਆਪਣੇ ਬਾਰੇ ਆਪ ਫੈਸਲੇ ਕਰਨੇ ਹਨ। ਪਰ ਮੈਂ ਇਕ ਗੱਲ ਜਾਣਦੀ ਹਾਂ ਕਿ ਵਿਹਲ ਹੀ ਮਨ ਨੂੰ ਭਟਕਾਉਂਦੀ ਹੈ। ਮੈਂ ਕਦੀ ਵਿਹਲੀ ਨਹੀਂ ਰਹੀ। ਮੈਂ ਕਈ ਸਮਾਜ ਸੇਵੀ ਸੰਸਥਾਵਾਂ ਵਿਚ ਸੇਵਾ ਕਰਨ ਜਾਂਦੀ ਹਾਂ। ਪੁਸਤਕਾਂ ਵੀ ਮੇਰੀਆਂ ਸਾਥੀ ਹਨ। ਸਭਾਵਾਂ ਵਿਚ ਵੁਆਇਲਨ ਵਜਾਉਂਦਿਆਂ ਤੂੰ ਮੈਨੂੰ ਦੇਖਿਆ ਹੀ ਹੈ। ਸੰਗੀਤ ਵੀ ਮੈਨੂੰ ਸਕੂਨ ਦਿੰਦਾ ਹੈ। ਮੇਰਾ ਪਾਮੇਰੀਅਨ ਪੱਪ ਮੈਨੂੰ ਇਕੱਲ ਮਸ੍ਹਿਸ ਹੀ ਨਹੀਂ ਹੋਣ ਦਿੰਦਾ। ਮਨ ਦੀ ਭਟਕਣ ਲਈ ਮੇਰੇ ਕੋਲ ਵਿਹਲ ਹੀ ਕਿੱਥੇ ਹੈ?"

ਰਾਜੀ ਨੂੰ ਐਲੀਸਾ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਸ ਦੀ ਪ੍ਰੇਰਨਾ ਨਾਲ ਰਾਜੀ ਨੇ ਵੀ ਸਵੈਇੱਛਤ ਸੇਵਾ ਲਈ ਆਪਣਾ ਨਾਮ ਦਰਜ ਕਰਵਾ ਦਿੱਤਾ। ਘਰ ਵਿਚ ਬਿੱਟੀ ਨੂੰ ਸੰਭਾਲਣ ਲਈ ਰਾਜੀ ਦੀ ਮਾਂ ਹੈ ਸੀ। ਉਹ ਆਪਣਾ ਵਿਹਲਾ ਸਮਾਂ ਬਾਲ ਸੰਭਾਲ ਘਰ ਵਿਚ ਜਾ ਕੇ ਮੰਦਬੁੱਧੀ ਤੇ ਵਿਕਲਾਂਗ ਬੱਚਿਆਂ ਦੀ ਸੇਵਾ ਸੰਭਾਲ ਵਿਚ ਲਾਉਣ ਲੱਗੀ। ਇਹ ਕੰਮ ਕਰ ਕੇ ਉਹਦੇ ਮਨ ਨੂੰ ਸਕੂਨ ਮਿਲਦਾ। ਕਦੀ ਕਦਾਈਂ ਉਹ ਐਲੀਸਾ ਨਾਲ ਨਾਰੀ ਮੁਕਤੀ ਸਭਾ ਦੀਆਂ ਮੀਟਿੰਗਾਂ ਵਿਚ ਚਲੀ ਜਾਂਦੀ। ਮੀਟਿੰਗਾਂ ਵਿਚ ਔਰਤਾਂ ਵੱਲੋਂ ਇਹੋ ਜੇਹੀਆਂ

ਗੱਲਾਂ ਆਮ ਸੁਣਨ ਨੂੰ ਮਿਲਦੀਆਂ, 'ਕੰਮ ਤੁਹਾਨੂੰ ਰੋਟੀ ਦਿੰਦਾ ਹੈ ਪਰ ਮਰਦ ਧੌਂਸ।', 'ਵਿਆਹ ਇਕ ਬੰਧਨ ਹੈ ਜੋ ਨਾਰੀ ਦੀ ਅਜ਼ਾਦੀ ਵਿਚ ਬਾਧਾ ਬਣਦਾ ਹੈ।', 'ਬੱਚਾ ਜਣਨਾ ਹੈ! ਕਿਵੇਂ ਜਣਨਾ ਤੇ ਕਿਉਂ ਜਣਨਾ ਹੈ, ਇਹ ਨਾਰੀ ਦਾ ਅਧਿਕਾਰ ਹੈ, ਉਸ ਉਪਰ ਕਿੰਤੂ ਪ੍ਰੰਤੂ ਕਿਉਂ!', 'ਅਸੀਂ ਆਪਣਾ ਰਾਹ ਆਪ ਚੁਣਨਾ ਹੈ, ਮਰਦ ਸਾਡਾ ਰਾਹ ਦਸੇਰਾ ਨਹੀਂ।', 'ਨਾਰੀ ਦੀ ਮੁਕਤੀ ਮਰਦ ਦੇ ਦਬਦਬੇ ਤੋਂ ਨਾਬਰੀ ਵਿਚ ਹੈ।', 'ਮਰਦ ਨਾਰੀ ਨੂੰ ਆਪਣੀ ਗੋਲੀ ਸਮਝਦਾ ਹੈ।ਨਾਰੀ ਨੂੰ ਗੋਲੀ ਹੋਣ ਤੋਂ ਨਾਬਰ ਹੋਣਾ ਚਾਹੀਦਾ ਹੈ।', 'ਨਾਰੀ ਦੀ ਬਰਾਬਰਤਾ ਦਾ ਨਾਅਰਾ ਵੀ ਮਰਦ ਦੇ ਢੌਂਗ ਦੀ ਇਕ ਚਾਲ ਹੈ।', 'ਨਾਰੀ ਦੇ ਸੱਤਾ ਵਿਚ ਆਉਣ ਨਾਲ ਹੀ ਉਸ ਦੇ ਹੱਕਾਂ ਦੀ ਰਾਖੀ ਹੋ ਸਕਦੀ ਹੈ।' ' ਅਸੀਂ ਆਪਣੇ ਹੱਕ ਭੈਅ ਰਹਿਤ ਹੋ ਕੇ ਲੈ ਸਕਦੀਆਂ ਹਾਂ।', 'ਨਾਰੀ ਮੁਕਤੀ ਦੇ ਸੰਘਰਸ਼ ਵਿਚ ਕੁੱਦਣ ਲਈ ਸਾਨੂੰ 'ਆਰਥਿਕ, ਮਾਨਸਿਕ ਤੇ ਭਾਵਨਾਤਮਿਕ ਤੌਰ 'ਤੇ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।' ਅਜੇਹੀਆਂ ਗੱਲਾਂ ਰਾਜੀ ਨੂੰ ਚੰਗੀਆਂ ਲਗਦੀਆਂ। ਓਥੇ ਸੁਣੀਆਂ ਗੱਲਾਂ ਉਹ ਹੁੰਦੜ ਹੇਲ ਹੋ ਰਹੀ ਬਿੱਟੀ ਨਾਲ ਵੀ ਸਾਂਝੀਆਂ ਕਰ ਲਿਆ ਕਰਦੀ ਸੀ। ਬਿੱਟੀ ਵੀ ਨਾਰੀ ਦੀ ਅਜ਼ਾਦੀ ਦੇ ਹੱਕ ਦੀਆਂ ਗੱਲਾਂ ਕਰਦੀ ਹੁੰਦੀ ਸੀ। ਉਸ ਨੂੰ ਆਸ ਸੀ ਕਿ ਬਿੱਟੀ ਵੀ ਛੇਤੀ ਹੀ ਇਹਨਾਂ ਮੀਟਿੰਗਾਂ ਵਿਚ ਉਸ ਦੇ ਨਾਲ ਜਾਣਾ ਸ਼ੁਰੂ ਕਰ ਦੇਵੇਗੀ ਪਰ ਉਹ ਆਪਣੀ ਪੜ੍ਹਾਈ ਵੱਲ ਹੀ ਬਹੁਤਾ ਧਿਆਨ ਦਿੰਦੀ। ਉਸ ਦਾ ਕਹਿਣਾ ਸੀ ਕਿ 'ਨਾਰੀ ਦੀ ਅਜ਼ਾਦੀ ਲਈ ਨਾਰੀ ਦਾ ਬਹੁਤੀ ਪੜ੍ਹੀ ਲ਼ਿਖੀ ਹੋਣਾ ਵੀ ਜ਼ਰੂਰੀ ਹੈ। 'ਰੋਜ਼ਗਾਰ ਸਿਰ ਹੋ ਕੇ ਉਸ ਨੇ ਵਿਆਹ ਕਰਵਾਉਣ ਦਾ ਫੈਸਲਾ ਕਰ ਲਿਆ। ਉਹ ਵਿਆਹ ਵੀ ਪਰੰਪਰਿਕ ਰੀਤੀ ਰਵਾਜ਼ਾਂ ਨਾਲ ਹੀ ਕਰਵਾਉਣਾ ਚਾਹੁੰਦੀ ਸੀ ਤਾਂ ਜੋ ਆਪਣੀਆਂ ਯਾਦਾਂ ਨੂੰ ਆਉਣ ਵਾਲੇ ਸਮੇਂ ਲਈ ਸੰਭਾਲ਼ ਕੇ ਰੱਖ ਸਕੇ। ਰਾਜੀ ਨੂੰ ਬਿੱਟੀ ਦਾ ਇਹ ਫੈਸਲਾ ਸੁਣ ਕੇ ਹੈਰਾਨੀ ਹੋਈ ਸੀ।

ਰਾਜੀ ਦੇ ਧੀ ਜੁਆਈ ਹਨੇਰੇ ਹੋਏ ਘਰ ਪੁੱਜੇ। ਖਾਣਾ ਉਹ ਬਾਹਰੋਂ ਹੀ ਖਾ ਆਏ ਸਨ। ਕੁਝ ਦੇਰ ਉਹਨਾਂ ਫੈਮਲੀ ਰੂਮ ਵਿਚ ਬੈਠ ਕੇ ਰਾਜੀ ਨਾਲ ਗੱਲਾਂ ਕੀਤੀਆਂ। ਬਿੱਟੀ ਦੀਆਂ ਗੱਲਾਂ ਵਿਚੋਂ ਵਿਆਹ ਦਾ ਚਾਅ ਡੁੱਲ੍ਹ ਡੁੱਲ੍ਹ ਪੈਂਦਾ ਸੀ। ਗੱਲਾਂ ਕਰਦਿਆਂ ਬਿੱਟੀ ਨੇ ਉਬਾਸੀ ਲਈ ਤਾਂ ਰਾਜੀ ਝਟ ਸਮਝ ਗਈ ਕਿ ਉਹ ਹੁਣ ਸੌਣਾ ਚਾਹੁੰਦੇ ਹਨ। ਉਸ ਨੇ ਝਟ ਉਹਨਾਂ ਨੂੰ ਮਾਸਟਰ ਬੈੱਡ ਰੂਮ ਵੱਲ ਸੌਣ ਲਈ ਤੋਰ ਦਿੱਤਾ ਤੇ ਆਪ ਵਾਸ਼ ਰੂਮ ਵਿਚ ਜਾ ਵੜੀ। ਵਾਸ਼ ਰੂਮ ਵਿਚੋਂ ਬਾਹਰ ਆ, ਉਹ ਵੀ ਆਪਣੇ ਕਮਰੇ ਵਿਚ ਚਲੀ ਗਈ। ਅਜੇ ਉਹ ਆਪਣੇ ਬਿਸਤਰੇ ਵਿਚ ਪਈ ਹੀ ਸੀ ਕਿ ਨਾਲ ਦੇ ਕਮਰੇ ਵਿਚੋਂ ਚੂੜੀਆਂ ਦੀ ਖਣਕਾਰ ਉਹਦੇ ਕੰਨਾਂ ਨਾਲ ਆ ਟਕਰਾਈ। ਉਸ ਦਾ ਧਿਆਨ ਸੁਤੇ ਸਿੱਧ ਹੀ ਕਮਰੇ ਵੱਲ ਚਲਾ ਗਿਆ। ਚੂੜੀਆਂ ਮੁੜ ਖਣਕ ਪਈਆਂ ਅਤੇ ਨਾਲ ਹੀ ਬਿੱਟੀ ਦੀ ਧੀਮੀ ਜਿਹੀ ਅਵਾਜ਼ ਸੁਣਾਈ ਦਿੱਤੀ, "ਇਹ ਚੂੜੀਆਂ ਲਾਹ ਹੀ ਦਿਆਂ!"

"ਇਨ੍ਹਾਂ ਚੂੜੀਆਂ ਦੇ ਸੰਗੀਤ ਵਿਚ ਕਿਤੇ ਮੈਨੂੰ ਨੀਂਦ ਹੀ ਨਾ ਆ ਜਾਵੇ, ਏਸ ਕਰ ਕੇ ਲਾਹ ਹੀ ਦੇਣੀਆਂ ਚਾਹੀਦੀਆਂ।" ਇਹ ਸੁਦੀਪ ਦੀ ਅਵਾਜ਼ ਸੀ।

ਰਾਜੀ ਨੂੰ ਆਪਣੇ ਵਿਆਹ ਦੀ ਪਹਿਲੀ ਰਾਤ ਯਾਦ ਆ ਗਈ, 'ਉਸ ਰਾਤ ਮੇਰਾ ਚੂੜਾ ਵੀ ਇਵੇਂ ਹੀ ਖਣਕਿਆ ਸੀ। ਗੁਰਚੇਤ ਨੇ ਵੀ ਚੂੜਾ ਲਾਹੁਣ ਲਈ ਕਿਹਾ ਸੀ ਪਰ ਉਸ ਦੇ ਬੋਲਾਂ ਵਿਚ ਪਿਆਰ ਦੀ ਥਾਂ ਰੁੱਖਾਪਣ ਸੀ, 'ਇਹ ਚੂੜਾ ਲਾਹ ਕੇ ਪਾਸੇ ਰੱਖ। ਲਕੜ ਦੀਆਂ ਕੰਧਾਂ ਵਿਚਦੀ 'ਵਾਜ ਬਾਹਰ ਜਾਂਦੀ ਐ।' ਮੈਂ ਬਿਨਾਂ ਕਿਸੇ ਉਜਰ ਦੇ ਚੂੜਾ ਲਾਹ ਕੇ ਡਰੈਸਰ 'ਤੇ ਰੱਖ ਦਿੱਤਾ ਸੀ ਪਰ ਮੈਂ ਚਾਹੁੰਦੀ ਸਾਂ ਕਿ ਉਹ ਮੇਰੇ ਨਾਲ ਪਿਆਰ ਦੀਆਂ ਗੱਲਾਂ ਕਰੇ। ਮੇਰੇ ਕੋਲੋਂ ਕੁਝ ਪੁੱਛੇ ਤੇ ਮੈਂ ਵੀ ਸ਼ਰਮਾਉਂਦੀ ਹੋਈ ਉਹਨੂੰ ਕੁਝ ਦੱਸਾਂ। ਪਰ ਜਿਵੇਂ ਉਸ ਨੂੰ ਇਕ ਗੱਲ ਤੋਂ ਬਿਨਾਂ ਹੋਰ ਕੋਈ ਗੱਲ ਹੀ ਨਹੀਂ ਸੀ ਆਉਂਦੀ। ਉਸ ਰਾਤ ਮੇਰੀਆਂ ਰੀਝਾਂ, ਮੇਰੇ ਸੁਪਨੇ ਸਭ ਚੂਰ ਚੂਰ ਹੋ ਗਏ। ਉਂਵ ਪਿਆਰ ਦੇ ਸੁਪਨੇ ਤਾਂ ਉਸ ਦਿਨ ਹੀ ਚੂਰ ਚੂਰ ਹੋ ਗਏ ਸਨ ਜਦੋਂ ਮਾਂ ਨੇ ਮੈਨੂੰ ਚੰਦਨ ਨਾਲੋਂ ਤੋੜ ਕੇ ਗੁਰਚੇਤ ਦੇ ਲੜ ਲਾਉਣ ਦਾ ਫੈਸਲਾ ਕਰ ਲਿਆ ਸੀ।'

ਚੰਦਨ ਦਾ ਨਾਂ ਯਾਦ ਆਉਂਦਿਆ ਹੀ ਕੱਲ੍ਹ ਆਏ ਉਹਦੇ ਫੋਨ ਦਾ ਰਾਜੀ ਨੂੰ ਖਿਆਲ ਆ ਗਿਆ। ਗੁਆਂਢ ਮੱਥਾ ਹੋਣ ਕਾਰਨ ਬਚਪਨ ਤੋਂ ਹੀ ਉਹ ਇਕੱਠੇ ਖੇਡਦੇ, ਸ਼ਰਾਰਤਾਂ ਕਰਦੇ, ਲੜਦੇ ਝਗੜਦੇ, ਘਰਦਿਆਂ ਤੋਂ ਝਿੜਕਾਂ ਖਾਂਦੇ ਵੱਡੇ ਹੋਏ ਸਨ। ਸਕੂਲ ਇਕੱਠੇ ਜਾਣਾ ਆਉਣਾ।ਬਿਨਾਂ ਕਿਸੇ ਗੱਲ ਤੋਂ ਗੱਲਾਂ ਮਾਰੀ ਜਾਣੀਆਂ। ਨਿੱਕੀ ਨਿੱਕੀ ਗੱਲ 'ਤੇ ਐਵੇਂ ਹੀ ਹੱਸੀ ਜਾਣਾ। ਜਮਾਤਾਂ ਚੜ੍ਹਦਿਆਂ ਜਵਾਨੀ ਦੀਆਂ ਪੌੜੀਆਂ ਵੀ ਚੜ੍ਹਦੇ ਗਏ ਤੇ ਪਤਾ ਹੀ ਨਾ ਲਗਿਆ ਕਿ ਕਦੋਂ ਬਚਪਨ ਦੀ ਸਾਂਝ ਪਿਆਰ ਵਿਚ ਬਦਲ ਗਈ।' ਕੱਲ੍ਹ ਉਹ ਰਾਜੀ ਨਾਲ ਪਹਿਲੇ ਪਿਆਰ ਦੇ ਮਾਣ 'ਤੇ ਹੀ ਗੱਲ ਕਰ ਰਿਹਾ ਸੀ, 'ਰਾਜੀ, ਹੁਣ ਆਪਾਂ ਓਸ ਉਮਰ ਵੱਲ ਵਧ ਰਹੇ ਹਾਂ, ਜਿੱਥੇ ਇਕ ਦੂਜੇ ਨੂੰ ਸਹਾਰੇ ਦੀ ਲੋੜ ਹੁੰਦੀ ਐ। ਕਿਉਂ ਨਾ ਆਪਾ ਇਕ ਦੂਜੇ ਦਾ ਸਹਾਰਾ ਬਣ ਕੇ ਤੁਰੀਏ! ਉਹ ਦਿਨ ਯਾਦ ਕਰ ਜਦੋਂ ਆਪਾਂ ਇਕੱਠਿਆਂ ਤੁਰਨ ਦੇ ਵਾਅਦੇ ਕੀਤੇ ਸਨ।'

'ਚੰਦਨ, ਉਹ ਦਿਨ ਬਹੁਤ ਦੂਰ ਨਿਕਲ ਗਏ, ਹੁਣ ਮੈਨੂੰ ਕਿਸੇ ਸਹਾਰੇ ਦੀ ਲੋੜ ਨਹੀਂ। ਮੈਨੂੰ ਇਕੱਲਿਆਂ ਤੁਰਨ ਦੀ ਜਾਚ ਆ ਗਈ ਐ।' ਰਾਜੀ ਨੇ ਇਹ ਕਹਿ ਕੇ ਫੂਨ ਬੰਦ ਕਰ ਦਿੱਤਾ ਸੀ।

ਰਾਜੀ ਦੇ ਮਨ 'ਚ ਖਿਆਲ ਆਇਆ, 'ਮੈਨੂੰ ਏਸ ਤਰ੍ਹਾਂ ਦਾ ਰੁੱਖਾ ਜਵਾਬ ਨਹੀਂ ਸੀ ਦੇਣਾ ਚਾਹੀਦਾ। ਕਿਸੇ ਮਰਦ ਨਾਲ ਗੱਲ ਕਰਦਿਆਂ ਪਤਾ ਨਹੀਂ ਮੇਰੇ ਉਪਰ ਕਿਹੜਾ ਭੂਤ ਸਵਾਰ ਹੋ ਜਾਂਦਾ ਐ ਕਿ ਮੇਰੇ ਕੋਲੋਂ ਸਹਿਜ ਮਤੇ ਗੱਲ ਹੀ ਨਹੀਂ ਹੁੰਦੀ।'

ਕਮਰੇ ਵਿਚੋਂ ਆਈ ਹਾਸੇ ਦੀ ਛਣਕਾਰ ਨੇ ਰਾਜੀ ਦੀ ਸੁਰਤੀ ਮੁੜ ਭੰਗ ਕਰ ਦਿੱਤੀ। ਇਹ ਹਾਸਾ ਬੜੀ ਦੇਰ ਤਕ ਉਹਦੇ ਕੰਨਾਂ ਵਿਚ ਗੂੰਜਦਾ ਰਿਹਾ। ਉਸ ਨੂੰ ਇਹ ਹਾਸਾ ਮਹਿਕ ਬਣ ਕੇ ਸਰੀਰ ਦੀ ਨਸ ਨਸ ਵਿਚ ਜਜ਼ਬ ਹੋ ਰਿਹਾ ਪ੍ਰਤੀਤ ਹੋਇਆ। ਉਸ ਨੂੰ ਇਕ ਝੁਣਝੁਣੀ ਜਿਹੀ ਆਈ ਤੇ ਸਰੀਰ ਦਾ ਅੰਗ ਅੰਗ ਫਰਕਣ ਲੱਗਾ। ਉਸ ਨੇ ਇਕ ਭਰਪੂਰ ਅੰਗੜਾਈ ਲਈ। ਉਸ ਦੇ ਸਾਰੇ ਸਰੀਰ ਵਿਚੋਂ ਸੇਕ ਨਿਕਲਣ ਲੱਗਾ। ਹੁਣ ਉਸ ਨੂੰ ਬਿਸਤਰੇ ਵਿਚ ਚੈਨ ਨਹੀਂ ਸੀ ਆ ਰਹੀ। ਉਹ ਉਠ ਕੇ ਕਮਰੇ ਵਿਚ ਤੁਰਨ ਫਿਰਨ ਲੱਗੀ। ਪੁੱਠੇ ਸਿੱਧੇ ਵਿਚਾਰਾਂ ਨੇ ਉਸ ਦੇ ਦਮਾਗ ਵਿਚ ਘੜਮੱਸ ਪਾਇਆ ਹੋਇਆ ਸੀ। ਉਸ ਨੂੰ ਐਲੀਸਾ ਦੇ ਬੋਲ ਯਾਦ ਅਏ। ਉਸ ਨੇ ਕਲਾਜ਼ਟ ਜਾ ਖੋਲ੍ਹਿਆ ਤੇ ਆਪਣੇ ਅਟੈਚੀ ਖੋਲ੍ਹਣ ਲਈ ਹੱਥ ਵਧਾਇਆ ਪਰ ਕੁਝ ਸੋਚ ਕੇ ਹੱਥ ਪਿਛਾਂਹ ਕਰ ਲਿਆ। ਅਟੈਚੀਕੇਸ ਖੋਲ੍ਹਣ ਦੀ ਥਾਂ ਉਸ ਨੇ ਕਲਾਜ਼ਟ ਵਿਚੋਂ ਮਾਰਗ੍ਰੇਟ ਐਟਵੁੱਡ ਦਾ ਨਾਵਲ 'ਦਾ ਰਾਬਰ ਬਰਾਈਡ' ਚੁੱਕ ਲਿਆ ਤੇ ਬਿਸਤਰੇ ਵਿਚ ਬੈਠ ਕੇ ਪੜ੍ਹਨ ਲੱਗ ਪਈ। ਨਾਵਲ ਦੀਆਂ ਸਤਰਾਂ ਉਸ ਨੂੰ ਇਕ ਦੂਜੀ ਵਿਚ ਰਲਗਡ ਹੁੰਦੀਆਂ ਜਾਪਦੀਆਂ। ਉਹਦਾ ਪੜ੍ਹਨ ਵਿਚ ਮਨ ਨਹੀਂ ਲੱਗਾ। ਉਸ ਨੇ ਨਾਵਲ ਨੂੰ ਨਾਈਟ ਟੇਬਲ ਉਪਰ ਰੱਖ ਦਿੱਤਾ ਤੇ ਬਿਸਤਰੇ ਵਿਚ ਲੇਟ ਗਈ। ਨਾਲ ਦੇ ਕਮਰੇ ਵਿਚ ਪੂਰਨ ਖਾਮੋਸ਼ੀ ਸੀ ਪਰ ਫਿਰ ਵੀ ਉਸ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਨੇ ਸਾਰੀ ਰਾਤ ਉਸਲ ਵੱਟੇ ਲੈਂਦਿਆਂ ਲੰਘਾਈ ਤੇ ਸਵੇਰੇ ਉਠਦਿਆਂ ਹੀ ਆਪਣੇ ਸੈੱਲਫੋਨ ਵਿਚੋਂ ਚੰਦਨ ਦਾ ਫੋਨ ਨੰਬਰ ਟੋਲਣ ਲੱਗ ਪਈ।

**ਜਰਨੈਲ ਸਿੰਘ ਸੇਖਾ**
**ਸਰੀ, ਕੈਨੇਡਾ**
**+1(778)246-1087**
**jarnailarts@gmail.com**

**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਤ੍ਰੈ-ਮਾਸਿਕ ਪੱਤ੍ਰਿਕਾ ਪਰਵਾਸ ਦਾ ਅਗਲਾ ਅੰਕ (ਅਕਤੂਬਰ-ਦਸੰਬਰ 2019) ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਿਤ ਹੋਵੇਗਾ। ਪਰਵਾਸੀ ਪੰਜਾਬੀ ਲੇਖਕਾਂ ਨੂੰ ਇਸ ਅੰਕ ਲਈ ਆਪਣੀਆਂ ਰਚਨਾਵਾਂ parvasggn@gmail.com 'ਤੇ ਆਪਣੀ ਪਾਸਪੋਰਟ ਸਾਈਜ਼ ਫੋਟੋ, ਪੂਰਾ ਪਤਾ ਅਤੇ ਫੋਨ ਨੰਬਰ ਸਮੇਤ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ।**

**ਵਿਸ਼ੇਸ਼ ਸੰਪਾਦਕ: ਪ੍ਰੋ. ਸ਼ਰਨਜੀਤ ਕੌਰ +919501027522**
**ਸੰਪਰਕ: ਡਾ. ਤੇਜਿੰਦਰ ਕੌਰ +918729080250**
**ਡਾ. ਮਨੀਸ਼ ਕੁਮਾਰ +917837901025**

# ਕਹਾਣੀ/ ਪਾਰਲੇ ਪੁਲ /ਸੁਰਜੀਤ ਕੌਰ



ਸੁਰਜੀਤ ਕੌਰ ਪੰਜਾਬੀ ਦੀ ਬਹੁਪੱਖੀ ਸਾਹਿਤਕਾਰ ਹੈ ਸੁਰਜੀਤ ਕੌਰ ਦੀਆਂ ਰਚਨਾਵਾਂ ਦਾ ਧੁਰਾ ਔਰਤ ਹੈ। ਉਹ ਜਿੱਥੇ ਔਰਤ ਨੂੰ ਦਰਪੇਸ਼ ਬਾਹਰੀ ਸੰਕਟਾਂ ਦਾ ਜਿਕਰ ਕਰਦੀ ਹੈ ਉਥੇ ਔਰਤ ਮਨ ਦਾ ਵਿਸ਼ਲੇਸ਼ਨ ਵੀ ਬੜੀ ਡੂੰਘਾਈ ਨਾਲ ਕਰਦੀ ਹੈ ਇਸ ਤੋਂ ਪਹਿਲਾ ਸੁਰਜੀਤ ਕੌਰ ਦੇ ਤਿੰਨ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ ਹੁਣ ਉਹ ਆਪਣੇ ਪਲੇਠੇ ਕਹਾਣੀ ਸ੍ਰੰਗਹਿ ‘ਪਾਰਲੇ ਪੁਲ’ ਨਾਲ ਪਾਠਕਾਂ ਦੇ ਸਨਮੁਖ ਹਾਜ਼ਰ ਹੋਈ ਹੈ।ਪਾਰਲੇ ਪੁਲ ਕਹਾਣੀ ਅਜੋਕੇ ਮੰਡੀ ਕਲਚਰ ਵਿਚ ਮਨੁੱਖ ਅੰਦਰੋਂ ਮਨਫੀ ਹੋ ਰਹੀ ਮਾਨਵੀ ਸੰਵੇਦਨਾ ਪ੍ਰਤੀ ਚਿੰਤਾ ਵਿਅਕਤ ਕਰਦੀ ਹੈ। ਮਸ਼ੀਨੀ ਕਲਚਰ ਨੇ ਮਨੁੱਖ ਅੰਦਰ ਖਲਾਅ ਤੇ ਭਟਕਣਾ ਪੈਦਾ ਕੀਤੀ ਹੈ ਇਸ ਖਲਾਅ ਨੂੰ ਮਨੁੱਖੀ ਸਾਥ ਤੇ ਭਾਈਚਾਰੇ ਨਾਲ ਭਰਨ ਦੀ ਬਜਾਇ ਜਾਨਵਰਾਂ ਦੇ ਸਾਥ ਨਾਲ ਭਰਨ ਲਈ ਅਗਰਸ਼ੀਲ ਹੈ।ਇਹ ਸਥਿਤੀ ਅਜੋਕੇ ਮਨੁੱਖ ਦੀ ਮਾਨਸਿਕ ਹੋਂਦ ਤੇ ਹੋਣੀ ‘ਤੇ ਸਵਾਲਿਆ ਚਿੰਨ੍ਹ ਲਗਾਉਂਦੀ ਹੈ।

**ਸੰਪਾਦਕ**

ਦੋ ਦਿਨਾਂ ਤੋਂ ਬਾਰਿਸ਼ ਰੁਕ ਹੀ ਨਹੀਂ ਰਹੀ ! ਇਸ ਵੇਲੇ ਵੀ ਅਸਮਾਨ ‘ਤੇ ਕਾਲੇ ਘਨਘੋਰ ਬੱਦਲ ਛਾਏ ਹੋਏ ਨੇ ; ਚਾਰ-ਚੁਫੇਰੇ ਸੜਕਾਂ ’ਤੇ ਪਾਣੀ ਵਹਿ ਰਿਹੈ । ਆਫ਼ਿਸ ‘ਚ ਕੋਈ ਆ ਜਾ ਵੀ ਨਹੀਂ ਰਿਹਾ; ਸੋਚਿਆ ‘ਇਹੋ ਜਿਹੇ ਮੌਸਮ’ ਚ ਇੱਥੇ ਵਿਹਲੇ ਬੈਠ ਕੇ ਵੀ ਕੀ ਕਰਨੈ ਘਰ ਹੀ ਚੱਲਦੀ ਹਾਂ’।

ਮੈਂ ਕਾਰ ਸਟਾਰਟ ਕਰਕੇ ਘਰ ਵੱਲ ਤੁਰ ਪਈ ਹਾਂ ਪਰ ਕੈਲੇਫੋਰਨੀਆ ਦਾ ਮੀਂਹ, ਤੌਬਾ ਤੌਬਾ! ਇੰਝ ਲੱਗਦੈ ਜਿਵੇਂ ‘ਵਿੰਡ ਸ਼ੀਲਡ’ ‘ਤੇ ਵੱਟੇ ਪੈ ਰਹੇ ਹੋਣ। ਮੂਸਲੇਧਾਰ ਮੀਂਹ ਅਤੇ ਧੁੰਦਲੇ ਸ਼ੀਸ਼ੇ! ਗੱਡੀ ਚਲਾਉਣੀ ਵੀ ਇਕ ਆਫ਼ਤ ਹੀ ਤਾਂ ਹੈ ਇਸ ਵੇਲੇ! ਅੰਨ੍ਹੇ ਹੋਏ ਇਹ ਸ਼ੀਸ਼ੇ ਕਿਤੇ ਸਾਫ਼ ਹੁੰਦੇ ਨੇ ਵਾਇਪਰਾਂ ਨਾਲ ? ਉੱਪਰੋਂ ਠੰਢ ਵੀ ਏਨੀ ਵੱਧ ਗਈ ਕਿ ਮੈਂ ਕੰਬੀਂ ਜਾ ਰਹੀ ਹਾਂ ਪਰ ਮੈਨੂੰ ਇਹ ਪਤਾ ਨਹੀਂ ਲੱਗ ਰਿਹੈ ਕਿ ਮੇਰਾ ਕਾਂਬਾ ਸਿਰਫ਼ ਠੰਢ ਕਰਕੇ ਹੈ ਜਾਂ ਧੁੰਦਲੇ ਸ਼ੀਸ਼ਿਆਂ ਵਿਚੋਂ ਕੁਝ ਨਾ ਦਿੱਸਣ ਨਾਲ ਲੱਗਦੇ ਡਰ ਕਰਕੇ ...!

'ਲਓ ਜੀ ਆ ਗਿਐ ਘਰ ਵਾਲਾ ਪੁਲ ! ਸ਼ੁਕਰ ਐ ! ਹੁਣ ਰਤਾ ਸੁੱਖ ਦਾ ਸਾਹ ਆਇਐ। ਇਸ ਪੁਲ ਨੂੰ ਤਾਂ ਵੇਖਦਿਆਂ ਹੀ ਸਾਰੀ ਉਦਾਸੀ ਦੂਰ ਹੋ ਜਾਂਦੀ ਐ ਮੇਰੀ !'

ਸਾਡਾ ਇਹ ਪੁਲ, ਵਾਹ!

ਇਕ ਤਰ੍ਹਾਂ ਨਾਲ ਸਾਡੀ ਸਬਡਵੀਜ਼ਨ ਦੇ ਗੇਟਵੇਅ ਦਾ ਕੰਮ ਕਰ ਰਹੇ ਇਸ ਪੁਲ ਤੋਂ ਦੂਰ-ਦੂਰ ਤੱਕ ਕਿੰਨਾ ਖੂਬਸੂਰਤ ਨਜ਼ਾਰਾ ਦਿਸਦੈ! ਲ਼ੱਗਦੈ ਰੋਜ਼ ਰਾਤ ਨੂੰ ਇਹਦੇ ਹੇਠੋਂ ਕੋਈ ਗੱਡੀ ਵੀ ਲੰਘਦੀ ਹੈ ; ਆਵਾਜ਼ ਸੁਣਦੀ ਹੁੰਦੀ ਹੈ ਉਸਦੀ ! 'ਲੰਘਦੀ ਹੋਊ! ਪਰ ਮੈਂ ਕਦੇ ਦੇਖੀ ਤਾਂ ਨਹੀਂ ! ਮੇਰੇ ਲਈ ਤਾਂ ਇਹ ਖੂਬਸੂਰਤ ਲੈਂਡਸਕੇਪ ਦਾ ਕੰਮ ਹੀ ਕਰਦੈ। ਇਹ ਸਾਡੀ ਸਬਡਵੀਜ਼ਨ ਦੀ ਦਿੱਖ ਨੂੰ ਅਤਿਅੰਤ ਖ਼ੂਬਸੂਰਤ ਜੁ ਬਣਾ ਦਿੰਦੈ!

ਉਂਝ ਵੀ ਪੁਲ ਦਾ ਤਾਂ ਕੰਮ ਹੀ ਜੋੜਨਾ ਹੁੰਦੈ। ਇਹ ਪੁਲ ਸਾਡੇ ਘਰਾਂ ਨੂੰ ਰੇਲਵੇ ਲਾਈਨ ਤੋਂ ਪਾਰ 'ਸਾਨਫਰਾਂਸਿਸਕੋ ਬੇਅ' ਨੂੰ ਇਕ ਉੱਚੇਚੀ ਖ਼ੂਬਸੂਰਤੀ ਨਾਲ ਪੇਸ਼ ਕਰਦੈ। ਪੁਲ ਤੋਂ ਲੰਘਦਿਆਂ ਦੂਰ ਤੱਕ ਫੈਲੀ 'ਸਾਂਨਫਰਾਂਸਿਸਕੋ ਬੇਅ' ਦੀ ਦਿੱਖ ਤਲਿੱਸਮੀ ਤਸਵੀਰਾਂ ਵਰਗੀ ਸੁੰਦਰ ਲੱਗਦੀ ਏ। ਸਾਰਾ ਆਲਾ-ਦੁਆਲਾ ਰੁਸ਼ਨਾਇਆ ਜਾਪਦੈ। ਜਦੋਂ ਆਪਣੇ ਘਰਾਂ ਦੀ ਹੱਦ ਤੋਂ ਬਾਹਰ ਵੱਲ ਨੂੰ ਜਾਣ ਲਈ ਪੁਲ ਉੱਤੇ ਚੜ੍ਹੀਦੈ ਤਾਂ ਸਾਹਮਣੇ ਵਾਲੇ 'ਮਿਸ਼ਨ ਹਿਲਜ਼' ਭੂਰੀ ਸੁੰਦਰਤਾ ਦਾ ਪ੍ਰਦਰਸ਼ਨ ਕਰਦੇ, ਸ਼ਾਨ ਅਤੇ ਮਸਤੀ ਨਾਲ ਖੜ੍ਹੇ ਦਿੱਸਦੇ ਨੇ। ਸਾਰਾ ਨਜ਼ਾਰਾ ਹੀ ਅਲੌਕਿਕ ਹੈ। ਵਧੀਆ ਸਾਫ਼ ਤੇ ਧੁੱਪੀਲੇ ਦਿਨਾਂ ਵਿਚ ਤਾਂ ਇਹ ਪੁਲ ਆਸ-ਪਾਸ ਲਾਏ ਹੋਏ ਫੁੱਲਾਂ-ਬੂਟਿਆਂ ਦੀ ਸਜਾਵਟ ਦੇ ਨਾਲ ਸਵਾਗਤੀ ਗੇਟ ਵਰਗਾ ਬਣ ਜਾਂਦੈ ਅਤੇ ਇੰਝ ਲੱਗਣ ਲੱਗਦੈ ਜਿਵੇਂ ਇਹ ਸੁੰਦਰਤਾ ਦਾ ਇਕ ਅਦਭੁੱਤ ਨਜ਼ਾਰਾ ਹੀ ਨਹੀਂ, ਬਲਕਿ ਇਕ ਕੁਦਰਤੀ ਅਜੂਬਾ ਵੀ ਹੋਵੇ। ਮੈਂ ਜਦੋਂ ਵੀ ਇੱਥੋਂ ਲੰਘਦੀ ਹਾਂ, ਹਰ ਵਾਰ ਇਵੇਂ ਹੀ ਮਹਿਸੂਸ ਕਰਦੀ ਹਾਂ।

ਸੜਕ ਦੀ ਤਿਲਕਣ ਤੋਂ ਬਚਣ ਲਈ ਮੈਂ ਪੁਲ ਤੋਂ ਹੇਠਾਂ ਉਤਰਦਿਆਂ 'ਰਾਊਂਡ ਅਬਾਊਟ' ਤੋਂ ਬਹੁਤ ਹੌਲੀ ਸਪੀਡ 'ਚ ਨਿਕਲ ਰਹੀ ਹਾਂ। ਇਹੋ ਜਿਹੇ ਮੌਸਮ ਵਿਚ ਅਕਸਰ ਹਾਦਸੇ ਹੋ ਜਾਂਦੇ ਹਨ। ਇਸ ਲਈ ਮੈਂ ਹੌਲੀ ਹੌਲੀ ਕਾਰ ਚਲਾਉਣ ਵਿਚ ਹੀ ਭਲਾਈ ਸਮਝਦੀ ਹਾਂ। ਏਨੀ ਹੌਲੀ ਕਿ ਚੌਂਕ ਵਿਚਲੇ ਛੋਟੇ-ਛੋਟੇ ਫੁੱਲਾਂ ਦੇ ਬੂਟਿਆਂ ਵਿਚ ਹੋ ਰਹੀ ਹਿੱਲ-ਜੁੱਲ ਨੂੰ ਵੀ ਅੱਖੋਂ ਪਰੋਖੇ ਨਹੀਂ ਕਰ ਸਕਦੀ।

'ਹਾਇ! ਇਹ ਤੇ ਕੋਈ ਜਾਨਵਰ ਲੱਗਦੈ।' ਮੈਂ ਕਾਰ ਦਾ ਸ਼ੀਸ਼ਾ ਖੋਲ੍ਹ ਕੇ ਵੇਖਦੀ ਹਾਂ ਤਾਂ ਇਕ ਕਤੂਰਾ ਫੁੱਲਾਂ ਵਿਚ ਸਹਿਮਿਆ ਬੈਠਾ, ਚੂੰ ਚੂੰ ਕਰ ਰਿਹੈ। ਮੇਰੇ ਰੌਂਗਟ ਖੜੇ ਹੋ ਗਏ ਨੇ। ਸ਼ੀਸ਼ਾ ਖੋਲ੍ਹਣ ਕਰਕੇ ਹੋਰ ਵੀ ਤੇਜ਼ ਕਾਂਬਾ ਛਿੜ ਪਿਐ। ਮੈਂ ਇਕ ਲੰਮਾ ਸਾਹ ਲੈ ਕੇ

ਸ਼ੀਸ਼ਾ ਬੰਦ ਕਰ ਕੇ ਘਰ ਵੱਲ ਤੁਰ ਪਈ ਹਾਂ ਪਰ ਦਿਲ ਵਿਚੋਂ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਆ ਰਹੀਆਂ ਨੇ: 'ਮੈਨੂੰ ਇਸ ਦਾ ਕੁਛ ਕਰਨਾ ਚਾਹੀਦੈ, ਇਸ ਨੂੰ ਠੰਢ ਤੋਂ ਬਚਾਉਣਾ ਚਾਹੀਦੈ।' ਅਗਲੇ ਹੀ ਪਲ ਸੋਚਦੀ ਹਾਂ 'ਜਿਸ ਨੇ ਪੈਦਾ ਕੀਤੈ ਜੇ ਉਸਨੇ ਬਚਾਉਣਾ ਹੋਇਆ ਤਾਂ ਆਪੇ ਬਚਾ ਲਏਗਾ। ਮੈਂ ਕੌਣ ਹੁੰਦੀ ਹਾਂ 'ਉਸ' ਦੇ ਨਿਜ਼ਾਮ ਵਿਚ ਦਖਲ ਦੇਣ ਵਾਲੀ?'ਗੁਰਬਾਣੀ ਵੀ ਤਾਂ ਏਹੀ ਕਹਿੰਦੀ ਐ, 'ਊਡੇ ਊਡ ਆਵੈ ਸੈ ਕੋਸਾ ਤਿਸ ਪਾਛੈ ਬਚਰੇ ਛਰਿਆ'... ਉਂਝ ਮੈਂ ਕਰ ਵੀ ਕੀ ਸਕਦੀ ਹਾਂ, ਜੇ ਇੱਥੋਂ ਚੁੱਕ ਵੀ ਲਵਾਂ ਤਾਂ ਰੱਖਾਂਗੀ ਕਿੱਥੇ? ਪਹਿਲੀ ਤਾਂ ਗੱਲ ਚੁੱਕਾਂਗੀ ਵੀ ਕਿਵੇਂ?'

ਹਜ਼ਾਰ ਸਵਾਲ ਮੇਰਾ ਪਿੱਛਾ ਕਰ ਰਹੇ ਨੇ! ਪਤਾ ਹੀ ਨਹੀਂ ਲੱਗਿਆ ਕਦੋਂ ਘਰ ਆ ਗਿਐ। ਮੈਂ ਕਾਰ ਗੈਰਾਜ ਵਿਚ ਖੜੀ ਕਰ ਕੇ ਅੰਦਰ ਵੜਦਿਆਂ ਹੀ 'ਹੀਟ' ਚਾਲੂ ਕਰਕੇ ਤੇ ਚਾਹ ਬਣਾ ਕੇ ਸੋਫ਼ੇ ਤੇ ਬੈਠ ਕੇ ਕੋਸੇ ਕੋਸੇ ਘੁੱਟ ਭਰਦੀ ਸਹਿਜ ਹੋਣ ਦੀ ਕੋਸ਼ਿਸ਼ ਕਰ ਰਹੀ ਹਾਂ ਪਰ ਦਿਲ 'ਚ ਅਜੇ ਤੱਕ ਕੁਛ ਧੁਖ਼ ਰਿਹੈ। ਦਿਲ ਦੇ ਖੋਰੇ ਤੋਂ ਨਿਜਾਤ ਪਾਉਣ ਲਈ ਮੈਂ ਟੀ ਵੀ ਲਾ ਲਿਐ ਪਰ ਅਪਰਾਧ-ਬੋਧ ਫਿਰ ਵੀ ਅੰਦਰੋ-ਅੰਦਰੀ ਖਾਈ ਜਾ ਰਿਹੈ।

ਟੀ ਵੀ ਸਕਰੀਨ ਉੱਪਰ ਨਿਊਯਾਰਕ ਦੀ ਗਰਾਊਂਡ ਜ਼ੀਰੋ ਦੀਆਂ ਖੌਫ਼ਨਾਕ ਤਸਵੀਰਾਂ ਦਿਖਾਈ ਦੇਣ ਲੱਗ ਪਈਆਂ, ਇੱਥੇ ਕੁਛ ਦਿਨ ਪਹਿਲਾਂ ਹੀ ਤਾਂ ਅੰਬਰ ਛੂੰਹਦੀਆਂ ਦੋ ਸ਼ਾਨਦਾਰ ਇਮਾਰਤਾਂ ਖੜੀਆਂ ਹੁੰਦੀਆਂ ਸਨ। ਹੁਣ ਢੱਠੀਆਂ ਇਮਾਰਤਾਂ ਦਾ ਮਲਬਾ ਚੁੱਕਿਆ ਜਾ ਰਿਹੈ ਅਤੇ ਇਮਾਰਤਾਂ ਦੀ ਥਾਂ ਤਾਂ ਹੁਣ ਬਹੁਤ ਡੂੰਘੇ ਡੂੰਘੇ ਟੋਇਆਂ ਨੇ ਮੱਲ ਲਈ ਹੈ। ਆਲ਼ੇ-ਦੁਆਲ਼ੇ ਇਸ ਆਤੰਕ ਦੀ ਮਾਰ ਹੇਠ ਆਏ ਅਨੇਕਾਂ ਬੰਦਿਆਂ ਦੀਆਂ ਤਸਵੀਰਾਂ ਲਟਕ ਰਹੀਆਂ ਨੇ, ਹਜ਼ਾਰਾਂ ਲੋਕ ਤਸਵੀਰਾਂ 'ਤੇ ਫੁ'ਲ ਚੜ੍ਹਾਉਂਦੇ ਜ਼ਾਰ ਜ਼ਾਰ ਰੋਂਦੇ ਹੋਏ ਦਿਸਦੇ ਨੇ। ਕੋਈ ਇਨ੍ਹਾਂ ਬਿਲਡਿੰਗਾਂ ਵਿਚ ਮਰ ਗਏ ਆਪਣੇ ਰਿਸ਼ਤੇਦਾਰ ਦੀ ਤਸਵੀਰ ਨੂੰ ਬੇਸਬਰੀ ਨਾਲ ਲੱਭ ਰਿਹੈ। ਇਹ ਦ੍ਰਿਸ਼ ਦੇਖ ਕੇ ਮੇਰੀਆਂ ਅੱਖਾਂ ਨਮ ਹੋ ਗਈਆਂ ਨੇ ਅਤੇ ਕਤੂਰੇ ਨੂੰ ਭੁੱਲ ਕੇ ਮੇਰਾ ਪੂਰਾ ਧਿਆਨ ਸਿਰਫ਼ ਨੌਂ-ਗਿਆਰਾਂ ਦੇ ਹਮਲੇ ਵੱਲ ਚਲਾ ਗਿਐ।

'ਹਾਇ ਐਡਾ ਵੱਡਾ ਹਾਦਸਾ ? ਕੀ ਹੋ ਗਿਐ ਮਨੁੱਖ ਨੂੰ ?'

ਹਰ ਪਾਸੇ ਹੀ ਇਸ ਹਮਲੇ ਦਾ ਖੌਫ, ਹਰ ਕਿਸੇ ਦੀ ਜ਼ੁਬਾਨ 'ਤੇ ਇਸੇ ਦੁਰਘਟਨਾ ਦਾ ਜ਼ਿਕਰ, ਹਰ ਕਿਸੇ ਦੇ ਮੂੰਹ ਵਿਚ ਬੱਸ ਇੱਕੋ ਹੀ ਗੱਲ -'ਵਰਲਡ ਟਰੇਡ ਸੈਂਟਰ' ਉੱਪਰ ਗਿਆਰਾਂ ਸਤੰਬਰ ਨੂੰ ਹੋਇਆ ਹਮਲਾ'! ਟੀ ਵੀ ਉੱਪਰ ਵੀ ਬਾਰ ਬਾਰ ਉਹੀ ਦ੍ਰਿਸ਼, ਇਮਾਰਤਾਂ ਨੂੰ ਟਕਰਾਉਂਦੇ ਹੋਏ ਜਹਾਜ਼, ਅੱਗ ਦੀਆਂ ਲਪਟਾਂ ਅਤੇ ਕਾਲੇ ਧੂੰਏਂ ਦੇ ਗੁਬਾਰ, ਢਹਿ ਢੇਰੀ ਹੋ ਰਹੀਆਂ ਗਗਨ-ਚੁੰਬੀ ਇਮਾਰਤਾਂ, ਡਿੱਗ ਰਿਹਾ ਮਲਬਾ, ਜਾਨਾਂ ਬਚਾਉਣ ਲਈ ਅੰਬਰ ਜਿੰਨੀਆਂ ਉੱਚੀਆਂ ਇਮਾਰਤਾਂ 'ਤੋਂ ਹੇਠਾਂ ਛਾਲਾਂ ਮਾਰ ਰਹੇ ਲੋਕ ਅਤੇ ਪਾਗਲਾਂ

ਵਾਂਗ ਇੱਧਰ-ਉੱਧਰ ਦੌੜ ਰਹੇ ਕੁਝ ਹੋਰ ! 'ਮੇਰੀ ਤੌਬਾ ਇੰਨਾ ਭਿਆਨਕ ਤੇ ਹੌਲਨਾਕ ਦ੍ਰਿਸ਼ !'

ਅੱਜ ਫਿਰ ਟੀ ਵੀ ਉੱਪਰ ਉਹੀ ਚੀਕ-ਚਿਹਾੜਾ ਅਤੇ ਅੱਗ 'ਚ ਲਿਪਟੀਆਂ ਇਮਾਰਤਾਂ ਦੇ ਢਹਿ ਢੇਰੀ ਹੋ ਜਾਣ ਦੇ ਇਸ ਖ਼ੌਫ਼ਨਾਕ ਦ੍ਰਿਸ਼ ਨੂੰ ਦੇਖ ਕੇ ਮੇਰੀ ਰੂਹ ਕੰਬ ਜਾਂਦੀ ਏ। ਅੱਖਾਂ 'ਚੋਂ ਹੰਝੂ ਵਗ ਤੁਰਦੇ ਨੇ । 'ਨਹੀਂ ਝੱਲਿਆ ਜਾਂਦਾ ਮੈਥੋਂ ਇਹ ਸਭ ਕੁਝ !'

ਆਪਣੀ ਦੋਸਤ ਚਿੰਤਨ ਨੂੰ ਫ਼ੋਨ ਲਗਾ ਲੈਨੀ ਆਂ,

"ਹੈਲੋ ਚਿੰਤਨ !"

"ਹੈਲੋ ! ਹਾਂ ਬੋਲ ਸ਼ੀਤਲ" ਇੰਨਾ ਹੀ ਕਹਿ ਉਹ ਚੁੱਪ ਕਰ ਜਾਂਦੀ ਏ। ਮੈਨੂੰ ਉਸਦੀ ਆਵਾਜ਼ ਵਿਚ ਉਦਾਸੀ ਮਹਿਸੂਸ ਹੁੰਦੀ ਹੈ।

"ਹੈਲੋ, ਹਾਂ ਕੀ ਹਾਲ ਹੈ ਤੇਰਾ ਚਿੰਤਨ, ਸਭ ਕੁਛ ਠੀਕ ਤਾਂ ਹੈ ਨਾ? ਤੇਰੀ ਆਵਾਜ਼ ਕੁਝ ਧੀਮੀ ਜਿਹੀ ਐ ਅੱਜ !" ਮੈਂ ਰਸਮੀ ਤੌਰ 'ਤੇ ਪੁੱਛ ਲਿਐ।

"ਹਾਲ ਕਿਵੇਂ ਠੀਕ ਹੋਵੇ, ਆਹ ਜੋ ਟੀ ਵੀ 'ਤੇ ਬਾਰ-ਬਾਰ ਦਿਖਾਈ ਜਾ ਰਹੇ ਨੇ, ਇਹ ਵੇਖ ਕੇ ਮਨ ਈ ਨਹੀਂ ਠਹਿਰਦਾ!"

"ਮੇਰਾ ਵੀ, ਮੈਂ ਵੀ ਬੜੀ ਉਦਾਸ ਹਾਂ, ਪਰ ਆਪਾਂ ਕਰ ਵੀ ਕੀ ਸਕਦੇ ਹਾਂ?"

"ਮੇਰਾ ਤਾਂ ਰੋ ਰੋ ਕੇ ਬੁਰਾ ਹਾਲ ਹੋ ਰਿਹੈ।"

"ਪਰ ਤੈਨੂੰ ਹੌਸਲਾ ਕਰਨਾ ਚਾਹੀਦੈ ਨਾ, ਸਾਡੇ ਰੋਇਆਂ ਭਲਾ ਕੀ ਬਣਨੈ!"

"ਕੀ ਕਰਾਂ ਸ਼ੀਤਲ, ਮੇਰਾ ਦਿਲ ਕੰਬ ਰਿਹੈ। ਜਿੱਦਣ ਦਾ ਇਹ ਭਾਣਾ ਵਾਪਰਿਐ, ਬੱਸ ਇੱਕੋ ਕੁਰਸੀ 'ਤੇ ਬੈਠੀ ਰਹਿੰਦੀ ਹਾਂ।" ਉਸ ਨੇ ਰੁਆਂਸੀ ਆਵਾਜ਼ ਵਿਚ ਕਿਹੈ।

"ਕੁਝ ਖਾਧਾ-ਪੀਤਾ ਵੀ ਕਿ ਨਹੀਂ, ਚਿੰਤਨ?"

"ਨਾ ਕਿੱਥੇ ...ਨਾ ਕਿੱਥੇ... ਮੇਰੇ ਤਾਂ ਅੰਦਰ ਇਕ ਗਰਾਹੀ ਵੀ ਨਹੀਂ ਲੰਘਦੀ ਅਤੇ ਤੇ ਨਾ ਹੀ ਡੀਜ਼ਲ ਦੇ।"

'ਡੀਜ਼ਲ' ਚਿੰਤਨ ਦਾ ਕੁੱਤਾ ਉਸਦੀ ਇਕੱਲਤਾ ਦਾ ਸਹਾਰਾ, ਉਹ ਉਸ ਨੂੰ ਬੱਚਿਆਂ ਵਾਂਗ ਪਿਆਰ ਕਰਦੀ ਏ। ਹਰ ਗੱਲ ਨਾਲ ਉਸਦਾ ਜ਼ਿਕਰ ਜਰੂਰ ਕਰੇਗੀ। 'ਭਲਾ ਕੁੱਤੇ ਦਾ ਇਸ ਹਾਦਸੇ ਨਾਲ ਕੀ ਸੰਬੰਧ?' ਮੈਨੂੰ ਸਮਝ ਨਹੀਂ ਲੱਗ ਰਹੀ, 'ਉਸ ਨੇ ਕਿਉਂ ਕੁਛ ਨਹੀਂ ਖਾਧਾ...?' ਮੈਂ ਡੀਜ਼ਲ ਅਤੇ ਚਿੰਤਨ ਬਾਰੇ ਸੋਚਣ ਲੱਗਦੀ ਹਾਂ।

ਉਂਝ ਡੀਜ਼ਲ ਹੈ ਬੜਾ ਮਿਲਾਪੜਾ, ਜਦੋਂ ਕਦੇ ਮੈਂ ਚਿੰਤਨ ਨੂੰ ਮਿਲਣ ਜਾਂਦੀ ਹਾਂ ਉਹ ਦੌੜ ਕੇ ਮੈਨੂੰ ਆ ਚਿੰਬੜਦੈ। ਮੈਨੂੰ ਕੁੱਤਿਆਂ ਤੋਂ ਹਮੇਸ਼ਾਂ ਹੀ ਬੜੀ ਕੱਚਿਆਣ ਜਿਹੀ ਆਉਂਦੀ ਐ। ਮੈਂ ਉਹਨੂੰ ਪਿੱਛੇ ਹਟਾਉਂਦੀ ਹਟਾਉਂਦੀ ਕਿੰਝ ਰੋਣਹਾਕੀ ਹੋ ਜਾਂਦੀ ਹਾਂ, ਇਹ ਯਾਦ ਕਰਕੇ ਮੈਨੂੰ ਹਾਸਾ ਆਉਂਦੈ। ਚਿੰਤਨ ਕਿੰਝ ਡੀਜ਼ਲ ਨੂੰ ਆਖਦੀ ਹੁੰਦੀ, "ਹਟ, ਡੀਜ਼ਲ ਮਾਸੀ ਡਰਦੀ ਆ। ਹਟ, ਨਹੀਂ ਤਾਂ ਮਾਮਾ ਮਾਰੇਗੀ ਤੈਨੂੰ।" ਉਸਦੀ ਗੱਲ ਮੰਨ ਕੇ ਕੁੱਤਾ ਪਰ੍ਹਾਂ ਚਲਾ ਤਾਂ ਜਾਂਦੈ ਪਰ ਦੂਰ ਬੈਠਾ ਵੀ ਮੇਰੇ ਵੱਲ ਇਕ ਟੱਕ ਝਾਕਦਾ ਰਹੇਗਾ।

ਕਈ ਵੇਰ ਚਿੰਤਨ ਉਸਨੂੰ ਅੰਗ੍ਰੇਜ਼ੀ ਵਿਚ ਆਖਦੀ ਹੁੰਦੀ,

"ਵ੍ਹਟੱਸ ਅੱਪ ਡੀਜ਼ਲ! ਡੂ ਯੂ ਲਾਈਕ ਮਾਸੀ ਸੋ ਮਚ? ਸੀ, ਮਾਸੀ ਇਜ਼ ਸਕੇਅਰਡ ਆਫ ਯੂ, ਓ. ਕੇ.!"

ਮੈਂ ਹੱਸ ਦਿੰਦੀ ਹਾਂ, "ਪੰਜਾਬੀ ਨਹੀਂ ਸਮਝਦਾ, ਅਮਰੀਕਨ ਜਿਹਾ ਨਾ ਹੋਵੇ ਤਾਂ!" ਫਿਰ ਚਿੰਤਨ ਨੂੰ ਤਾੜ ਕੇ ਆਖਦੀ ਹਾਂ,

"ਮੈਂ ਨਹੀਂ ਬਣਨਾ ਕੁੱਤੇ ਦੀ ਮਾਸੀ ਮੂਸੀ ...ਓ. ਕੇ.!" ਉਹ ਡੀਜ਼ਲ ਦੀ ਤਾਰੀਫ਼ ਕਰਨ ਲੱਗੇਗੀ, "ਲੈ, ਇਹ ਤਾਂ ਬੰਦਿਆਂ ਤੋਂ ਵੀ ਵੱਧ ਸਿਆਣੈ, ਬੜੀ ਵਧੀਆ ਰੂਹ ਐ ਇਸਦੀ ਤਾਂ, ਸਾਰੀ ਗੱਲ ਝੱਟ ਸਮਝ ਜਾਂਦੈ।"

ਉਹਦੀ ਹਰ ਗੱਲ-ਬਾਤ ਵਿਚ ਉਹ ਹਮੇਸ਼ਾਂ ਡੀਜ਼ਲ ਦੀ ਮਾਂ ਬਣਦੀ ਹੈ ਤੇ ਮੈਂ ਮਾਸੀ! ਜਦੋਂ ਵੀ ਕੋਈ ਗੱਲ ਕਰਦੀ, ਉਸ ਵਿਚ ਡੀਜ਼ਲ ਦੀ ਕੋਈ ਨਾ ਕੋਈ ਗੱਲ ਜ਼ਰੂਰ ਸ਼ਾਮਿਲ ਹੁੰਦੀ । ਜਦੋਂ ਤੋਂ ਉਹਦੇ ਬੱਚੇ ਦੂਜੇ ਸ਼ਹਿਰਾਂ ਵਿਚ ਜਾ ਵੱਸੇ ਨੇ, ਉਹ ਬਹੁਤ ਇਕੱਲੀ ਹੋ ਗਈ ਹੈ ਤੇ ਡੀਜ਼ਲ ਦੇ ਸਹਾਰੇ ਇਸ ਸੁੰਦਰ ਪਰ ਭੀੜ-ਭੜੱਕੇ ਵਾਲੇ ਮਹਾਂਨਗਰ ਸਾਨਫਰਾਂਸਿਸਕੋ ਦੀ ਇਕ ਪਹਾੜੀ ਤੇ ਬਣੇ ਖੁੱਲ੍ਹੇ ਡੁਲ੍ਹੇ ਘਰ ਵਿਚ ਪੂਰੀ ਸ਼ਾਨ ਅਤੇ ਹੌਸਲੇ ਨਾਲ ਰਹਿ ਰਹੀ ਹੈ।

ਪਰ ਅੱਜ ਉਹ ਫ਼ੋਨ 'ਤੇ ਨੌਂ-ਗਿਆਰਾਂ ਦੇ ਹਾਦਸੇ ਬਾਰੇ ਗੱਲਾਂ ਕਰਕੇ ਰੋਈ ਜਾ ਰਹੀ ਹੈ। ਮੈਂ ਕਹਿੰਦੀ ਹਾਂ, "ਜ਼ਰਾ ਸੰਭਲ ਚਿੰਤਨ, ਇੰਜ ਕਿਵੇਂ ਗੁਜ਼ਾਰਾ ਹੋਵੇਗਾ!" ਭਾਂਵੇਂ ਆਪ ਵੀ ਉਦਾਸ ਹਾਂ ਪਰ ਸ਼ੀਤਲ ਇਕੱਲੀ ਹੋਣ ਕਰਕੇ ਮੈਂ ਉਸਨੂੰ ਦਿਲਾਸਾ ਦੇ ਰਹੀ ਹਾਂ।

“ਮੈਨੂੰ ਵੀ ਇਹ ਪਤੈ ਕਿ ਮੈਂ ਕੁਛ ਨਹੀਂ ਕਰ ਸਕਦੀ ਪਰ ਦਿਲ ਨਹੀਂ ਖੜ੍ਹਦਾ। ਦਿਨ ਭਰ ਇੱਕੋ ਕੁਰਸੀ ’ਤੇ ਬੈਠੀ ਰਹਿੰਦੀ ਹਾਂ ਤੇ ਸੋਚਦੀ ਰਹਿੰਦੀ ਹਾਂ, ‘ਆਖਰ ਇਹ ਭਾਣਾ ਵਰਤਿਆ ਕਿਉਂ?’ ਇੰਝ ਸੋਚਣ ਲੱਗਦੀ ਹਾਂ ਤਾਂ ਪਤਾ ਨਹੀਂ ਕਿੱਥੇ ਕਿੱਥੇ ਦਾ ਤੇ ਕਿਸ ਕਿਸ ਦਾ ਲਹੂ ਜ਼ਮੀਨ ਤੇ ਵਹਿੰਦਾ ਦਿਖਣ ਲੱਗ ਜਾਂਦੈ ਤੇ ਮਨ ਹੋਰ ਵੀ ਦੁਖੀ ਹੋ ਜਾਂਦੈ।“

“ਇਹ ਤਾਂ ਮੈਂ ਵੀ ਸੋਚਦੀ ਹਾਂ ਕਿ ਹਰ ਲੜਾਈ, ਹਰ ਫ਼ਸਾਦ ਦਾ ਸ਼ਿਕਾਰ ਆਮ ਲੋਕ ਹੀ ਕਿਉਂ ਹੁੰਦੇ ਨੇ? ਇਨ੍ਹਾਂ ਹਥਿਆਰ-ਬੰਦ ਦਹਿਸ਼ਤਗਰਦਾਂ ਦੇ ਅੰਨ੍ਹੇ ਭੇੜ ਵਿਚ ਨਿਹੱਥੇ ਲੋਕ ਕਿਉਂ ਮਾਰੇ ਜਾਂਦੇ ਨੇ?”

ਮੇਰਾ ਹਉਕਾ ਨਿਕਲ ਗਿਐ ਅਤੇ ਚਿੰਤਨ ਦੀ ਸੁਰ ਹੋਰ ਵੀ ਸੋਗੀ ਹੋ ਗਈ ਏ;

“ਹਾਂ ਸ਼ੀਤਲ, ਇਹ ਸਭ ਤੇ ਹੁਣ ਆਪਣੇ ਵਰਗਿਆਂ ਆਮ ਲੋਕਾਂ ਦੇ ਸੋਚਣ ਲਈ ਹੀ ਬਚਿਆ ਹੈ ... ਤੇ ਇਹੀ ਸੋਚ ਸੋਚ ਕੇ ਮੇਰਾ ਮਨ ਰੋ ਰਿਹੈ ਤੇ ਡੀਜ਼ਲ ਵੀ ਮੇਰੇ ਨਾਲ ਬੜਾ ਈ ਦੁਖੀ ਹੋ ਰਿਹੈ। ਪਹਿਲੇ ਦੋ ਦਿਨ ਤਾਂ ਮੇਰੇ ਕੋਲ ਆ ਕੇ ਮੈਨੂੰ ਪੰਜਿਆਂ ਨਾਲ ਚੁੱਪ ਕਰਾਉਂਦਾ ਰਿਹਾ। ਕਦੇ ਮੇਰੇ ਪੈਰਾਂ ਵਿਚ ਲੇਟੇ, ਕਦੇ ਚੂੰ ਚੂੰ ਕਰਕੇ ਪੂਛ ਹਿਲਾਵੇ, ਕਦੇ ਛਾਲ ਮਾਰ ਕੇ ਮੇਰੀ ਗੋਦੀ ਵਿਚ ਆ ਚੜ੍ਹੇ ... ਇਸ ਨੂੰ ਇਹ ਪਤਾ ਹੀ ਨਾ ਲੱਗੇ ਕਿ ਕੀ ਕਰੇ ਤੇ ਮੈਨੂੰ ਕਿਵੇਂ ਚੁੱਪ ਕਰਾਵੇ। ਹੁਣ ਅਚਾਨਕ ਇਹ ਆਪ ਵੀ ਚੁੱਪ ਜਿਹਾ ਹੋ ਗਿਐ। ਬੱਸ, ਟਿਕ-ਟਿਕੀ ਲਗਾ ਕੇ ਟੀ ਵੀ ਦੀ ਸਕਰੀਨ ਵੱਲ ਵੇਖੀ ਜਾਂਦੈ ਤੇ ਮੇਰੇ ਵਾਂਗ ਹੀ ਰੋਈ ਜਾਂਦੈ। ਜੇ ਤੂੰ ਇਥੇ ਹੁੰਦੀ ਤਾਂ ਦੇਖਦੀ, ਅਜੇ ਵੀ ਇਸਦੀਆਂ ਅੱਖਾਂ ਦਿਆਂ ਕੋਇਆਂ ਵਿਚ ਹੰਝੂ ਫ਼ਸੇ ਹੋਏ ਨੇ।

ਚਿੰਤਨ ਬਹੁਤ ਉਦਾਸ ਰੌਂਅ ਵਿਚ ਬਿਨਾਂ ਹੁੰਗਾਰਾ ਉਡੀਕਿਆਂ ਬੋਲੀ ਜਾ ਰਹੀ ਹੈ। ਮੈਂ ਉਹਨੂੰ ਦਿਲਾਸਾ ਦੇ ਕੇ ਫੋਨ ਬੰਦ ਕਰ ਦਿੱਤੈ। ਮੈਨੂੰ ਲਗਦੈ ਕਿ ਚਿੰਤਨ ਕਿੰਨੀਆਂ ਬਚਕਾਨੀਆਂ ਗੱਲਾਂ ਕਰਦੀ ਏ। ਦੱਸੋ ਇਨ੍ਹਾਂ ਗੋਰਿਆਂ ਵਾਂਗ ਇਸਦੀ ਵੀ ਮੱਤ ਮਾਰੀ ਗਈ ! ਇਹ ਵੀ ਪੂਰੀ ਅਮਰੀਕਨ ਹੋ ਗਈ । ਇਹ ਗੋਰੇ-ਗੋਰੀਆਂ ਵੀ ਜਾਨਵਰਾਂ ਅਤੇ ਬੰਦਿਆਂ ਵਿਚ ਫ਼ਰਕ ਨਹੀਂ ਸਮਝਦੇ ਤੇ ਇਹ ਵੀ ਇਨ੍ਹਾਂ ਵਰਗੀ ਭਾਸ਼ਾ ਹੀ ਬੋਲਣ ਲੱਗੀ ਏ, ਅਖੇ, ‘ਕੁੱਤਾ ਟੀਵੀ ਵੇਖ ਕੇ ਰੋ ਰਿਹੈ, ਮੈਨੂੰ ਚੁੱਪ ਕਰਾ ਰਿਹੈ!’ ਮੰਨਿਆ ਉਹ ਇਕੱਲੀਆਂ, ਉਸ ਨੂੰ ਕੋਈ ਵਹਿਮ ਹੋ ਗਿਆ ਲਗਦ, ‘ਜਾਨਵਰ ਕਿਵੇਂ ਸਮਝ ਸਕਦਾ ਹੈ, ਕਿਸੇ ਬੰਦੇ ਦੇ ਦਰਦ ਨੂੰ ਏਨੀ ਸ਼ਿੱਦਤ ਦੇ ਨਾਲ ... ਇੱਥੇ ਤਾਂ ਇਨਸਾਨ ਵੀ ਇਨਸਾਨ ਦੇ ਦੁੱਖ-ਦਰਦ ਨੂੰ ਨਹੀਂ ਮਹਿਸੂਸ ਕਰਦਾ। ਆਹ ਹਾਦਸੇ ਗਵਾਹ ਨੇ ਇਸ ਗੱਲ ਦੇ ...’

ਮੈਂ ਇਹ ਸੋਚਦੀ ਸੋਚਦੀ, ਚਾਹ ਦਾ ਖਾਲੀ ਕੱਪ ਲਈ ਰਸੋਈ ਵੱਲ ਜਾ ਰਹੀ ਹਾਂ ਕਿ ਅਚਾਨਕ ਟੀ ਵੀ 'ਚੋਂ 'ਚੂੰ ... ਚੂੰ' ਦੀ ਆਵਾਜ਼ ਸੁਣਦੀ ਹਾਂ ! ਪਿੱਛੇ ਮੁੜ ਕੇ ਵੇਖਦੀ ਹਾਂ ਤਾਂ ਟੀ ਵੀ ਤੇ ਪੈੱਟਫੂਡ ਦੀ ਐਡ ਚੱਲ ਰਹੀ ਹੈ ਅਤੇ ਦੋ ਬਿੱਲੀਆਂ ਲਿਫਾਫੇ ਨੂੰ ਖਿੱਚ ਰਹੀਆਂ ਹਨ ! ਮੈਂ ਤ੍ਰਬੱਕ ਗਈ ਹਾਂ ਤੇ ਧਿਆਨ ਫਿਰ ਚੌਰਾਹੇ ਵੱਲ ਚਲਾ ਗਿਐ, 'ਉਹ ਵਿਚਾਰਾ ਉੱਥੇ ਇਕੱਲਾ ਬੈਠਾ ਰੋ ਰਿਹੈ, ਮੈਂ ਵੀ ਤਾਂ ਇਨਸਾਨ ਹਾਂ... ਹਾਇ! ਬਾਹਰ ਕਿੰਨੀ ਠੰਢ ਵਿਚ, ਉਹ ਕਿੰਨੀ ਬੁਰੀ ਤਰ੍ਹਾਂ ਕੰਬ ਰਿਹਾ ਸੀ, ਉਹ ਨਿੱਕਾ ਜਿਹਾ ਜਾਨਵਰ! ਮੈਂ ਉਸ ਦੀ ਤਕਲੀਫ਼ ਨੂੰ ਮਹਿਸੂਸ ਹੀ ਨਹੀਂ ਕਰ ਸਕੀ, ਉਹਨੂੰ ਚੁੱਕ ਕੇ ਲੈ ਹੀ ਆਉਂਦੀ ਤਾਂ ਕੀ ਸੀ?'

ਦੂਜੇ ਹੀ ਪਲ ਮੇਰਾ ਦਿਲ ਦਲੀਲਾਂ ਦਾ ਇਕ ਵੱਖਰਾ ਤਾਣਾ-ਬਾਣਾ ਬੁਣਨ ਲੱਗ ਪਿਐ, 'ਪਰ ਮੈਂ ਉਹਨੂੰ ਰੱਖਦੀ ਕਿੱਥੇ? ਗੰਦਾ ਕਾਰਪੈੱਟ, ਸਾਰੇ ਘਰ ਵਿਚ ਬੋਅ ਤੇ ਥਾਂ ਥਾਂ ਤੇ ਵਾਲ ... ਦਫ਼ਤਰ ਵੀ ਤਾਂ ਜਾਣਾ ਹੁੰਦੈ ... ਕਿੰਨਾ ਕੰਮ ਹੋ ਜਾਂਦੈ 'ਪੈੱਟ' ਦਾ ...ਮੇਰੇ ਕੋਲ ਵਿਹਲ ਹੀ ਕਿੱਥੇ, ਇਹ ਲੋਕ ਤਾਂ ਜਦੋਂ ਆਪਣੇ ਕੁੱਤਿਆਂ-ਬਿੱਲੀਆਂ ਨੂੰ ਸੈਰ ਕਰਵਾਉਣ ਲਿਜਾਂਦੇ ਨੇ, ਹੱਥਾਂ ਉਤੇ ਲਿਫ਼ਾਫ਼ੇ ਚੜ੍ਹਾ ਕੇ ਪਿੱਛੇ ਪਿੱਛੇ ਫਿਰਦੇ ਨੇ ਉਨ੍ਹਾਂ ਦੇ ! ਜਦੋਂ ਉਹ ਥਾਂ ਗੰਦੀ ਕਰ ਦਿੰਦੇ ਨੇ ਤਾਂ ਉਹ ਲਿਫ਼ਾਫ਼ੇ ਨਾਲ ਚੁੱਕ ਕੇ ਡਸਟ-ਬਿਨ ਵਿਚ ਸੁੱਟਣ ਜਾਂਦੇ ਨੇ ... ਛੀ ਛੀ ਛੀ! ਮੈਥੋਂ ਕਿੱਥੇ ਹੋਣੈ ਇਹ ਸਭ...!'

'ਪਤਾ ਨਹੀਂ ਕਿਵੇਂ ਰਖ ਲੈਂਦੇ ਨੇ ਇਹ ਲੋਕ ਜਾਨਵਰਾਂ ਨੂੰ ਆਪਣੇ ਘਰਾਂ ਵਿੱਚ! ਆਪਣੇ ਬਿਸਤਰਿਆਂ ਵਿਚ ਸੁਲ਼ਾਉਂਦੇ ਨੇ ... ਕੁੱਤੇ ਇਨ੍ਹਾਂ ਦੇ ਮੂੰਹ ਚੱਟਦੇ ਨੇ ... ਗੰਦੇ ਕਿਸੇ ਥਾਂ ਦੇ ਨਾ ਹੋਣ ਤਾਂ ...!"

ਮੈਂ ਮਨ ਹੀ ਮਨ ਕੁੜ੍ਹ ਰਹੀ ਹਾਂ, ਅਚਾਨਕ ਡੈਬੀ ਦੇ ਘਰ ਦੀ ਯਾਦ ਆ ਜਾਂਦੀ ਹੈ, 'ਹਾਇ ਮੇਰੇ ਰੱਬਾ ਉਹ ਡੈਬੀ ਦਾ ਘਰ!'

ਮੇਰੇ ਨਾਲ ਦਫ਼ਤਰ ਵਿਚ ਕੰਮ ਕਰਦੀ ਐ ਡੈਬੀ ; ਹਰ ਵੇਲੇ ਆਪਣੀਆਂ ਨੌਂ ਬਿੱਲੀਆਂ, ਦੋ ਕੁੱਤਿਆਂ, ਦੋ ਬੱਤਖਾਂ, ਇਕ ਡੱਡੂ ਅਤੇ ਇਕ ਕੱਛੂਕੁੰਮੇ ਦੀਆਂ ਗੱਲਾਂ ਈ ਕਰੀ ਜਾਵੇਗੀ ! ਉਸਨੇ ਤਾਂ ਉਨ੍ਹਾਂ ਸਾਰਿਆਂ ਦੇ ਨਾਂ ਵੀ ਰੱਖੇ ਹੋਏ ਨੇ। ਪਤਾ ਨਹੀਂ ਇੰਨੇ ਨਾਂ ਯਾਦ ਕਿਵੇਂ ਰੱਖ ਲੈਂਦੀ ਏ! ਹਰ ਇਕ ਜਾਨਵਰ ਲਈ ਉਸਨੇ ਉਹੋ ਜਿਹਾ ਹੀ ਘਰ ਬਣਾਇਆ ਹੋਇਐ। ਇਕ ਦਿਨ ਉਸ ਦਾ ਡੱਡੂ ਆਪਣੇ ਪੌਂਡ ਵਿਚੋਂ ਨਿਕਲ ਕੇ ਕਿਤੇ ਭੱਜ ਗਿਆ ਤਾਂ ਦਫ਼ਤਰ ਆਉਂਦੀ ਹੀ ਕਹਿਣ ਲੱਗੀ, "ਮਿਸਿਜ਼ ਸਿੰਘ, ਆਈ ਐਮ ਵੈਰੀ ਸੈਡ ਟੁਡੇ!" ਮੈਂ ਹੈਰਾਨੀ ਨਾਲ ਪੁੱਛਿਆ, "ਵਟ ਹੈਪਨਡ?"

"ਵ੍ਹੀ ਹੈਵ ਲੌਸਟ ਆਵਰ ਨਿੰਜਾ!" ਉਹ ਬੜੀ ਉਦਾਸ ਹੋ ਕੇ ਬੋਲੀ। ਮੈਨੂੰ ਪਤਾ ਸੀ ਕਿ ਨਿੰਜਾ ਉਸ ਦਾ ਡੱਡੂ ਹੈ, ਇਸ ਲਈ ਮੈਂ ਹੱਸ ਕੇ ਕਿਹਾ, "ਜ਼ਰੂਰ ਉਹਨੂੰ ਕੋਈ ਡੱਡੀ ਭਜਾ ਕੇ ਲੈ ਗਈ ਹੋਣੀ ਐ!" ਉਹ ਵੀ ਥੋੜਾ ਹੱਸੀ ਪਰ ਫ਼ਿਰ ਉਦਾਸ ਹੋ ਗਈ ਤਾਂ ਮੈਂ ਸੰਜੀਦਾ ਹੋ ਕੇ ਹਮਦਰਦੀ ਭਰੇ ਲਹਿਜੇ ਵਿਚ ਆਖਿਆ, "ਡੋਂਟ ਵਰ੍ਹੀ ਡੈਬੀ, ਯੂਅਰ ਨਿੰਜਾ ਵਿਲ ਬੀ ਹੋਮ ਸੂਨ!"

ਉਂਝ ਕਹਿਣਾ ਤਾਂ ਮੈਂ ਇਹ ਚਾਹੁੰਦੀ ਸਾਂ ਕਿ ਡੱਡੂ ਹੀ ਤਾਂ ਹੈ, ਪਰ ਕਹਿ ਨਹੀਂ ਸਕੀ ...ਉਸ ਦਿਨ ਪਤਾ ਨਹੀਂ ਕਿਉਂ ਪੂਰਾ ਦਿਨ ਮੈਂ ਗੁਣਗੁਣਾਉਂਦੀ ਰਹੀ, 'ਕੱਪੜੇ ਧੋਂਦੀ ਨੂੰ ਅੱਖ ਮਾਰ ਗਿਆ ਡੱਡੂ...!'

'ਭਲਾ ਡੱਡੂ ਕਿਵੇਂ ਮਾਰ ਸਕਦੈ ਅੱਖ? ਹਾ ਹਾ ਹਾ...!'

ਇਕ ਦਿਨ ਉਸਨੇ ਮੈਨੂੰ ਆਪਣੇ ਘਰ ਲੰਚ 'ਤੇ ਬੁਲਾਇਆ । ਰਸਮੀ 'ਹਾਇ ਹੈਲੋ' ਤੋਂ ਬਾਅਦ ਕਹਿੰਦੀ, 'ਆਜਾ ਤੈਨੂੰ ਆਪਣੇ ਪਰਿਵਾਰ ਨਾਲ ਮਿਲਾਵਾਂ ।' ਮੈਂ ਸੋਚ ਰਹੀ ਸਾਂ ਕਿ ਹੁਣ ਇਹ ਮੈਨੂੰ ਆਪਣੇ ਘਰ ਦੇ ਬੰਦਿਆਂ ਨੂੰ ਮਿਲਾਏਗੀ ਪਰ ਉਸ ਦੇ ਘਰ ਦੇ ਦ੍ਰਿਸ਼ ਨੂੰ ਮੈਂ ਕਦੇ ਭੁੱਲ ਹੀ ਨਹੀਂ ਸਕੀ।

ਅੱਗੇ ਅੱਗੇ ਡੈਬੀ ਤੇ ਪਿੱਛੇ ਪਿੱਛੇ ਮੈਂ, ਇਕ ਕਮਰੇ ਵਿਚੋਂ ਲੰਘ ਰਹੇ ਸਾਂ, ਵੱਡੇ ਦਰਵਾਜ਼ੇ ਵਿਚ ਇਕ ਮੋਟੀ ਤਾਜ਼ੀ ਬਿੱਲੀ ਧੁੱਪ ਸੇਕੀ ਜਾਵੇ। ਡੈਬੀ ਉਸ ਵੱਲ ਇਸ਼ਾਰਾ ਕਰ ਕੇ ਮੈਨੂੰ ਕਹਿੰਦੀ, "ਇਹ ਹੈ ਸਾਡੀ ਕਿਟੀ, ਇਹ ਹੁਣ ਬੁੱਢੀ ਹੋ ਗਈ, ਜ਼ਿਆਦਾ ਹਿੱਲਣਾ ਜੁੱਲਣਾ ਪਸੰਦ ਨਹੀਂ ਕਰਦੀ। ਇਹਨੂੰ ਧੁੱਪ ਸੇਕਣੀ ਬਹੁਤ ਚੰਗੀ ਲਗਦੀ ਏ। ਜ਼ਿਆਦਾਤਰ ਇੱਥੇ ਹੀ ਬੈਠੀ ਰਹਿੰਦੀ ਏ।"

ਇਕ ਹੋਰ ਬਿੱਲੀ ਬਾਹਰ ਘੁੰਮ ਰਹੀ ਸੀ। ਉਸ ਬਾਰੇ ਵੀ ਡੈਬੀ ਦਾ ਤਬਸਰਾ ਸ਼ੁਰੂ ਹੋ ਗਿਆ, "ਇਹ ਟੈਮੀ ਹੈ ਤੇ ਇਹ ਬਾਹਰ ਘੁੰਮਣਾ ਬਹੁਤ ਪਸੰਦ ਕਰਦੀ ਏ, ਪੂਰੀ ਘੁਮੱਕੜ ਹੈ।"

'ਲਉ ਆਹ ਕੀ!' ਟੈਮੀ ਨੇ ਸਾਡੇ ਵੱਲ ਸਰਸਰੀ ਜਿਹੀ ਨਜ਼ਰ ਮਾਰੀ ਅਤੇ ਬੜੀ ਮਿਜਾਜ਼ ਨਾਲ ਦੂਜੇ ਪਾਸੇ ਚਲੀ ਗਈ ।ਮੈਂ ਸੋਚਦੀ ਰਹੀ, 'ਲਉ, ਮਹਾਰਾਣੀ ਦੇ ਮਿਜਾਜ਼ ਤਾਂ ਦੇਖੋ! ਹੁੰਦੀ ਨਾ ਸਾਡੇ ਪਿੰਡ...ਰੋਟੀ ਦੇ ਲਾਲੇ ਪਏ ਹੁੰਦੇ', ਹੁਣ ਅਸੀਂ ਡੈਬੀ ਦੇ ਬੈੱਡਰੂਮ ਵਿਚ ਸਾਂ। ਦੁੱਧ ਚਿੱਟਾ ਸਾਫ਼ ਸੁਥਰਾ ਬੈੱਡ ਵਿਛਿਆ ਹੋਇਆ।'ਆਹ ਗੁੱਛਾ ਜਿਹਾ ਪਤਾ ਨਹੀਂ ਕੀ ਪਿਐ' ਮੈਂ ਹੈਰਾਨ ਹੋਈ, 'ਬੈੱਡ ਕਵਰ ਦੇ ਹੇਠਾਂ ਕੀ ਏ?' ਡੈਬੀ ਨੇ ਬੈੱਡ ਕਵਰ

ਚੁੱਕਿਆ ਤਾਂ ਕੀ ਵੇਖਦੀ ਹਾਂ ਕਿ ਉਹਦੇ ਹੇਠਾਂ ਇਕ ਦੁੱਧ ਚਿੱਟੀ ਬਿੱਲੀ ਸੁੱਤੀ ਪਈ । ਡੈਬੀ ਉਹਦੇ ਪਿੰਡੇ 'ਤੇ ਪਿਆਰ ਨਾਲ ਹੱਥ ਫੇਰੇ ਤੇ ਮੈਨੂੰ ਦੱਸੇ ਕਿ ਇਹ ਹੈ ਸਾਡੀ 'ਸਨੋਅ-ਵ੍ਹਾਈਟ',ਹੈ ਇਹ ਬਹੁਤ ਸ਼ਰਮਾਕਲ, ਇੱਥੇ ਲੁਕ ਕੇ ਸੌਣਾ ਇਸਨੂੰ ਬਹੁਤ ਪਸੰਦ ਹੈ।

ਡੈਬੀ ਮੈਨੂੰ ਆਪਣੇ ਸਾਰੇ ਪੈੱਟਸ ਨਾਲ ਇਕ ਇਕ ਕਰਕੇ ਬੜੇ ਚਾਅ ਨਾਲ ਮਿਲਾ ਰਹੀ ਸੀ। ਉਹਨਾਂ ਦੇ ਨਾਂ ਵੀ ਦੱਸਦੀ ਜਾਂਦੀ । ਇਹ ਸਭ ਕੁਛ ਮੇਰੇ ਲਈ ਤਾਂ ਅਚੰਭੇ ਤੋਂ ਘੱਟ ਨਹੀਂ ਸੀ। ਇਨ੍ਹਾਂ ਗੱਲਾਂ ਵਿਚ ਮੇਰੀ ਕੋਈ ਦਿਲਚਸਪੀ ਵੀ ਨਹੀਂ ਸੀ, ਫਿਰ ਵੀ ਮੈਂ ਮੁਸਕਰਾ ਕੇ ਸਿਰ ਹਿਲਾਈ ਜਾ ਰਹੀ ਸਾਂ।

ਲਉ ਜੀ, ਹੁਣ ਡੈਬੀ ਇਹ ਦੱਸਣ ਲੱਗ ਪਈ, ਕਿਹੜੇ ਜਾਨਵਰ ਨੂੰ ਕਿਹੜੇ ਬਿਸਕੁੱਟ ਅਤੇ ਕਿਹੜੀ 'ਪੈੱਟ ਫੀਡ' ਪਸੰਦ ਸੀ, ਫਿਰ ਮੈਨੂੰ ਗੈਰਾਜ ਵਿਚ ਲੈ ਗਈ। ਉੱਥੇ ਉਸ ਦੇ ਕੁੱਤੇ ਦਾ ਘਰ ਬਣਿਆ ਹੋਇਆ ਵੇਖ ਮੈਂ ਅਚੰਭਿਤ ਹੋਈ । ਇਕ ਬੈੱਡ 'ਤੇ ਇਕ ਕੁੱਤਾ ਲੰਮਾ ਪਿਆ ਹੋਇਆ ਤੇ ਡੈਬੀ ਉਦਾਸ ਸੁਰ ਵਿਚ ਦੱਸਣ ਲੱਗੀ, "ਬੁੱਲੇਟ ਚੌਦ੍ਹਾਂ ਸਾਲਾਂ ਦਾ ਹੋ ਗਿਐ, ਹੁਣ ਵਿਚਾਰੇ ਨੂੰ ਜੋੜਾਂ ਦੀ ਬਿਮਾਰੀ ਹੋ ਗਈ ਏ। ਵੇਖ ਇਸਦੀਆਂ ਲੱਤਾਂ ਵਿੰਗੀਆਂ ਹੋ ਗਈਆਂ, ਇਸ ਤੋਂ ਤੁਰ ਵੀ ਨਹੀਂ ਹੁੰਦਾ, ਬਹੁਤ ਦਰਦ ਰਹਿੰਦਾ ਏ ਇਸਦੀਆਂ ਲੱਤਾਂ ਵਿਚ ! ਅਸੀਂ ਤਿੰਨ ਵੇਲੇ ਜੋੜਾਂ ਦੇ ਦਰਦ ਦੀ ਦੁਆਈ ਖੁਆਉਂਦੇ ਹਾਂ ਇਸਨੂੰ। ਉਂਞ, ਦੁਆਈ ਇਹ ਬਹੁਤ ਸੁਆਦ ਨਾਲ ਖਾਂਦੈ।" ਇਸ ਤਰ੍ਹਾਂ ਇਕ ਇਕ ਕਰਕੇ ਉਸਨੇ ਮੈਨੂੰ ਆਪਣੇ ਸਾਰੇ ਜਾਨਵਰ ਦਿਖਾਏ।

"ਵਾਓ! ਯੂਅਰ ਫੇਮਿਲੀ ਇਜ਼ ਸੋ ਬੀਊਟੀਫੁੱਲ ! ਨਾਈਸ ਮੀਟਿੰਗ ਸੱਚ ਏ ਲਵਲੀ ਫੈਮਿਲੀ!" ਮੈਂ ਕਿਹਾ ਤਾਂ ਉਸੇ ਵੇਲੇ ਇਕ ਬਿੱਲੀ ਮੇਰੇ ਪੈਰਾਂ 'ਚ ਆ ਕੇ ਬੈਠ ਗਈ।'ਏਂਜਲ ਏਂਜਲ' ਡੈਬੀ ਉਸਨੂੰ ਮੇਰੇ ਪੈਰਾਂ ਵਿਚੋਂ ਚੁੱਕ ਗੋਦੀ ਵਿਚ ਲੈ ਕੇ ਪਲੋਸਣ ਲੱਗ ਪਈ ਅਤੇ ਮੇਰੇ ਵੱਲ ਇਸ਼ਾਰਾ ਕਰਕੇ ਉਸਨੂੰ ਕਹਿਣ ਲੱਗੀ, "ਸ਼ੀ ਇਜ਼ ਮਿਸਿਜ਼ ਸਿੰਘ, ਮਾਈ ਫਰੈਂਡ, ਸੇ ਹੈਲੋ ਟੂ ਹਰ, ਏਂਜਲ!"

"ਹਾਇ ਏਂਜਲ!" ਮੈਂ ਉਸ ਵੱਲ ਹੱਥ ਕਰ ਕੇ ਕਿਹਾ, ਬਿੱਲੀ ਦੇ ਸਪਰਸ਼ ਨਾਲ ਆਪਣੇ ਪੈਰਾਂ ਵਿਚ ਮੈਨੂੰ ਸਰਸਰਾਹਟ ਮਹਿਸੂਸ ਹੋਈ... ਅਚਾਨਕ ਮੇਰਾ ਧਿਆਨ ਪਰਤ ਆਇਆ ਹੈ ; ਉਸ ਕਤੂਰੇ ਬਾਰੇ ਮੁੜ ਸੋਚਣ ਲੱਗ ਪਈ,'ਹਾਇ ਵਿਚਾਰਾ, ਰੱਬ ਦਾ ਜੀਅ ... ਜਾਵਾਂ ਚੁੱਕ ਲਿਆਵਾਂ ... ਪਰ... ਪਰ ... ਵਾਲ ... ਬੋਅ ... ਗੰਦਗੀ! ਨਹੀਂ ਮੈਂ ਨਹੀਂ ... ਮੈਂ ਡੈਬੀ ਨਹੀਂ ... ਮੈਂ ਚਿੰਤਨ ਨਹੀਂ! ਮੇਰੇ ਕੋਲੋਂ ਤਾਂ ਨਹੀਂ ਹੋ ਸਕਣਾ ਇਹ ਸਭ ਕੁਛ।'

'ਪਰ ਕੀ ਬਣਿਆ ਹੋਊ ਉਸ ਦਾ? ਲੈ, ਉਹ ਹੁਣ ਤੱਕ ਕਿਤੇ ਉੱਥੇ ਹੀ ਪਿਆ ਹੋਣੈ? ਲੈ ਗਏ ਹੋਣੇ ਆ 'ਐਨੀਮਲ ਸ਼ੈਲਟਰ' ਵਾਲੇ ਚੁੱਕ ਕੇ ਕਿਸੇ ਨਿੱਘੇ ਸ਼ੈਲਟਰ ਵਿਚ ...!' ਮੈਂ ਆਪਣੇ ਆਪ ਨੂੰ ਤਸੱਲੀ ਦਿੰਦੀ ਹਾਂ।

'ਐਨੀਮਲ ਸ਼ੈਲਟਰ?' ਸ਼ਬਦ ਜ਼ਿਹਨ 'ਚ ਉੱਭਰਦੇ ਹੀ ਇਸ ਬਾਰੇ ਕੁਝ ਹੋਰ ਯਾਦ ਆ ਰਿਹੈ! ਕੀ ਸੀ ਉਹ ? ਹਾਂ, ਇਕ ਦਿਨ ਸਾਡੀ ਗੁਆਂਢਣ, ਮਿਸਿਜ਼ ਰੰਧਾਵਾ ਕੁਛ ਕਹਿ ਰਹੀ ਸੀ 'ਐਨੀਮਲ ਸ਼ੈਲਟਰ' ਬਾਰੇ ... ਹਾਂ, ਹਾਂ ਸੱਚ, ਯਾਦ ਆ ਗਿਆ, ਕਹਿੰਦੀ ਸੀ, "ਸ਼ੇਰੂ ਨੂੰ 'ਐਨੀਮਲ ਸ਼ੈਲਟਰ' ਛੱਡਣ ਜਾਣੈ।"

"ਕਿਉਂ?" ਮੈਂ ਪੁੱਛਿਆ ਤਾਂ ਬੋਲੀ, "ਤੈਨੂੰ ਪਤੈ ਨਾ ਪਿਛਲੇ ਮਹੀਨੇ ਸਾਡਾ ਦੂਜਾ ਕੁੱਤਾ ਜੈਕੀ ਕਿਤੇ ਭੱਜ ਗਿਆ ਸੀ ਤੇ ਸ਼ੇਰੂ ਇਕੱਲਾ ਰਹਿ ਗਿਐ, ਇਸ ਲਈ ਡਿਪਰੈਸ਼ਨ ਵਿਚ ਚਲਾ ਗਿਐ।"

"ਯੂ ਮੀਨ ਕੁੱਤਾ ਡਿਪਰੈਸ਼ਨ ਵਿਚ ਚਲਾ ਗਿਐ? ਮੇਰਾ ਮਤਲਬ ਸ਼ੇਰੂ?" ਮੈਂ ਹੈਰਾਨੀ ਪ੍ਰਗਟ ਕੀਤੀ ਤਾਂ ਕਹਿਣ ਲੱਗੀ, "ਹਾਂ ਸ਼ੀਤਲ, ਸ਼ੇਰੂ! ਇਹ ਜਾਨਵਰ ਵੀ ਤਾਂ ਆਪਣੇ ਵਰਗੇ ਹੀ ਹੁੰਦੇ ਨੇ। ਸ਼ੇਰੂ ਤਾਂ ਉਸ ਦਿਨ ਦਾ ਨਾ ਕੁਛ ਖਾਂਦੈ ਨਾ ਪੀਂਦੈ, ਬਸ ਰੋਈ ਜਾਂਦੈ।"

ਪਹਿਲਾਂ ਮਿਸਿਜ਼ ਰੰਧਾਵਾ ਨੇ ਤੇ ਅੱਜ ਚਿੰਤਨ ਨੇ ਕੁੱਤਿਆਂ ਦੇ ਰੋਣ ਅਤੇ ਭੁੱਖੇ ਰਹਿਣ ਦੀ ਬੜੀ ਅਜੀਬ ਜਿਹੀ ਗੱਲ ਕੀਤੀ ।

ਕੁਛ ਦਿਨਾਂ ਬਾਅਦ ਮੈਂ ਮਿਸਿਜ਼ ਰੰਧਾਵਾ ਨੂੰ ਫ਼ੋਨ ਕੀਤਾ ਤਾਂ ਪੁੱਛ ਹੀ ਲਿਆ, "ਭਾਬੀ ਜੀ ਫ਼ੇਰ ਛੱਡ ਆਏ ਸੀ, ਉਸ ਦਿਨ ਸ਼ੇਰੂ ਨੂੰ ਐਨੀਮਲ ਸ਼ੈਲਟਰ?" ਤੇ ਉਹ ਦੱਸਣ ਲੱਗ ਪਈ, "ਨਾ ਕਿੱਥੇ, ਸ਼ੀਤਲ! ਸ਼ੇਰੂ ਤਾਂ ਜਾਵੇ ਈ ਨਾ, ਬੜਾ ਈ ਰੋਵੇ। ਫ਼ੇਰ ਮੇਰਾ ਜੀਅ ਹੀ ਨਹੀਂ ਕੀਤਾ ਛੱਡਣ ਜਾਣ ਨੂੰ ...।"

"ਫਿਰ ਅੱਜ ਸੈਰ ਤੇ ਜਾਣੈ, ਬੜੇ ਦਿਨਾਂ ਤੋਂ ਗਏ ਨ੍ਹੀਂ।" ਮੈਂ ਮੁੱਦਾ ਬਦਲ ਦਿੱਤਾ ਤਾਂ ਉਹ ਰੁਆਂਸੀ ਜਿਹੀ ਫਿਰ ਬੋਲੀ, "ਨਹੀਂ! ਅੱਜ ਮੈਂ ਸ਼ੇਰੂ ਦੇ ਕੋਲ ਬੈਠ ਕੇ ਸੁਖਮਨੀ ਸਾਹਿਬ ਦਾ ਪਾਠ ਕਰਨੈ ... ਬੜਾ ਬਿਮਾਰ ਹੈ ਵਿਚਾਰਾ ... ਪਾਠ ਸੁਣ ਕੇ ਉਸਨੂੰ ਕੁਛ ਰਾਹਤ ਮਿਲਦੀ ਹੈ।"

"ਅੱਛਾ ਜੀ!" ਮੈਂ ਫ਼ੋਨ ਰੱਖ ਦਿਤਾ ਤੇ ਸੋਚੀਂ ਪੈ ਗਈ, "ਕੀ ਕੁੱਤਾ ਵੀ ਪਾਠ ਸਮਝ ਸਕਦੈ?"

ਉਸ ਤੋਂ ਕਈ ਦਿਨਾਂ ਬਾਅਦ ਮਿਸਿਜ਼ ਰੰਧਾਵਾ ਨੂੰ ਮੈਂ ਸ਼ੇਰੂ ਦੀ ਟਹਿਲ-ਸੇਵਾ ਵਿਚ ਜੁੱਟੇ ਹੋਏ ਵੇਖਿਆ। ਉਹ ਗੈਰਾਜ ਵਿਚ ਕੁਰਸੀ ਤੇ ਬੈਠੇ ਕਦੇ ਉਸਦਾ ਮੂੰਹ ਪਲੋਸਣ ਤੇ ਕਦੇ ਤੌਲੀਏ ਨਾਲ ਅੱਖਾਂ ਸਾਫ਼ ਕਰਨ ਅਤੇ 'ਵਾਹਿਗੁਰੂ! ਵਾਹਿਗੁਰੂ!' ਕਰੀ ਜਾਣ।

ਮੈਂ ਚੁੱਪ-ਚਾਪ ਵੇਖ ਰਹੀ ਸਾਂ ਕਿ ਮਿਸਿਜ਼ ਰੰਧਾਵਾ ਦੱਸਣ ਲੱਗ ਪਏ, "ਇਹ ਭੋਰਾ ਕੁ ਸੀ, ਜਦੋਂ ਕਿਤੋਂ ਚਊਂ ਚਊਂ ਕਰਦੇ ਨੂੰ ਚੁੱਕ ਲਿਆਇਆ ਸੀ ਆਪਣਾ ਸ਼ੌਨ! ਹੁਣ ਸੋਲ੍ਹਾਂ ਸਾਲਾਂ ਦਾ ਹੋ ਗਿਐ, ਪਰ ਬੜਾ ਸੁਹਣਾ ਸੀ ਅਜੇ, ਰੋਜ਼ ਸਵੇਰੇ ਇਕ ਪਰੌਂਠਾ ਮੱਖਣ ਨਾਲ ਖਾਂਦਾ ਸੀ! ਜੈਕੀ ਦੇ ਜਾਣ ਦਾ ਗ਼ਮ ਲਾ ਲਿਆ ਵਿਚਾਰੇ ਨੇ।"

"ਆਹ ਬਿਸਕੁੱਟ ਇਹਨੂੰ ਬੜੇ ਪਸੰਦ ਨੇ ਪਰ ਮਜਾਲ ਕੀ ਜੇ ਅੱਜ ਇਹਨਾਂ ਨੂੰ ਮੂੰਹ ਵੀ ਲਾਇਆ ਹੋਵੇ। ਕਦੇ ਇਸ ਨੇ ਕਮਰਾ ਗੰਦਾ ਨਹੀਂ ਕੀਤਾ ਸੀ, ਪਰ ਅੱਜ 'ਐਕਸੀਡੈਂਟ' ਹੋ ਗਿਆ ਤਾਂ ਮੇਰੇ ਵੱਲ ਇੰਝ ਵੇਖੀ ਜਾਵੇ ਜਿਵੇਂ 'ਸੌਰੀ' ਕਹਿੰਦਾ ਹੋਵੇ। ਮੈਂ ਕਿਹਾ, 'ਸ਼ੇਰੂ ਬੇਬੀ ਕੋਈ ਗੱਲ ਨਹੀਂ, ਮੈਂ ਸਾਫ਼ ਕਰ ਦਿਆਂਗੀ।' ਸ਼ਰਮਿੰਦਾ ਜਿਹਾ ਹੋ ਕੇ ਰੋਣ ਲੱਗ ਪਿਆ ਤੇ ਫਿਰ ਰੋਈ ਜਾਵੇ ...।"

ਸ਼ੇਰੂ ਨੂੰ ਮੁਖਾਤਿਬ ਹੋ ਕੇ ਉਹ ਕਹਿਣ ਲੱਗੀ, "ਸ਼ੇਰੂ ਬੇਬੀ! ਹੁਣ ਤੂੰ ਸਾਨੂੰ ਛੱਡ ਕੇ ਜਾਣਾ ਚਾਹੁੰਦੈਂ ... ਤਾਂ ਜਾਹ ਬੇਟਾ, ਚਲਾ ਜਾਹ ... ਮੈਨੂੰ ਪਤੈ ਤੂੰ ਤਕਲੀਫ਼ 'ਚ ਆਂ ... ਮੇਰੇ ਕੋਲੋਂ ਤੇਰੀ ਤਕਲੀਫ਼ ਨਹੀਂ ਝੱਲੀ ਜਾਂਦੀ ... ਜਾਹ ਤੂੰ, ਚਲੇ ਜਾਹ ਬੇਟਾ ...!" ਉਨ੍ਹਾਂ, ਉਸ ਦੀ ਪਿਠ 'ਤੇ ਹੱਥ ਰੱਖ ਲਿਆ ਤੇ ਪਾਠ ਕਰਨ ਲੱਗ ਪਏ ਤੇ ਮੈਂ ਉੱਠ ਕੇ ਆਪਣੇ ਘਰ ਆ ਗਈ।

ਇਕ ਦਿਨ ਜਦੋਂ ਉਨ੍ਹਾਂ ਦਾ ਫ਼ੋਨ ਆਇਆ ਤਾਂ ਬੜੀ ਉਦਾਸ ਆਵਾਜ਼ ਵਿਚ ਕਹਿ ਰਹੇ ਸਨ, "ਸ਼ੇਰੂ ਪੂਰਾ ਹੋ ਗਿਆ ਸੀ, ਸ਼ੀਤਲ ! ਬੱਚੇ ਕਹਿੰਦੇ ਅਸੀਂ ਉਸਨੂੰ 'ਬਰੀ' ਨਹੀਂ, 'ਕਰੀਮੇਟ' ਕਰਨੈ। ਉਸ ਦਾ ਸਸਕਾਰ ਕਰਨ ਤੋਂ ਬਾਅਦ, ਕੱਲ ਅਸੀਂ ਉਸਦੀਆਂ ਅਸਥੀਆਂ ਜਲ-ਪ੍ਰਵਾਹ ਕਰ ਕੇ ਆਏ ਹਾਂ। ਘਰ ਪਾਠ ਵੀ ਕਰਵਾਇਆ ਸੀ ਤੇ ਉਸਨੂੰ ਜੋ ਵੀ ਖਾਣਾ ਚੰਗਾ ਲਗਦਾ ਸੀ ਉਹ ਵੀ ਦਾਨ ਕੀਤਾ, ਗੁਰਦਵਾਰੇ ਵੀ ਰਾਸ਼ਨ ਦੇ ਆਏ ... ਬੜੀ ਚੰਗੀ ਰੂਹ ਸੀ ਵਿਚਾਰਾ, ਸ਼ੇਰੂ! ਸੋਚਿਆ, ਤੁਹਾਨੂੰ ਵੀ ਦੱਸ ਈ ਦੇਵਾਂ।"

"ਵੈਰੀ ਸੌਰੀ ਭਾਬੀ ਜੀ, ਸਾਹਮਣੇ ਰਹਿੰਦਿਆਂ ਵੀ ਸਾਨੂੰ ਪਤਾ ਹੀ ਨਹੀਂ ਲੱਗਿਆ।" ਮੈਂ ਇੰਨਾ ਕੁ ਹੀ ਕਹਿ ਸਕੀ, "ਨਹੀਂ ਤਾਂ ਅਸੀਂ ਵੀ ਉਹਦੀ ਕਰੀਮੇਸ਼ਨ ਵਿਚ ਜਰੂਰ ਸ਼ਾਮਿਲ ਹੁੰਦੇ!"

... ਤੇ ਇਨ੍ਹਾਂ ਸਾਰੀਆਂ ਯਾਦਾਂ ਦੀ ਇਸ ਫਲੈਸ਼-ਬੈਕ ਨਾਲ, ਇਕ ਵਾਰ ਫਿਰ ਮੇਰੇ ਸਾਹਮਣੇ ਉਹ ਸਾਰੇ ਆ ਖੜ੍ਹੋਤੇ ਹਨ - ਚਿੰਤਨ, ਡੈਬੀ ਤੇ ਮਿਸਿਜ਼ ਰੰਧਾਵਾ ਅਤੇ ਉਨ੍ਹਾਂ ਦੇ ਸਾਰੇ ਦੇ ਸਾਰੇ ਪੈੱਟਸ ਤੇ ਉਹ ਸਾਰੇ ਮੈਨੂੰ ਘੂਰ ਘੂਰ ਕੇ ਕਹਿ ਰਹੇ ਨੇ, "ਉੱਠ! ਜਾ ਕੇ ਉਸ ਕਤੂਰੇ ਨੂੰ ਚੁੱਕ ਲਿਆ ਆਪਣੇ ਘਰ!" ਮੈਂ ਘੜੀ ਵੱਲ ਵੇਖਿਐ, ਮੈਨੂੰ ਘਰ ਆਇਆਂ ਦੋ ਘੰਟੇ ਹੋ ਗਏ ਨੇ। ਬਲਬੀਰ ਵੀ ਕੰਮ ਤੋਂ ਘਰ ਆਉਣ ਹੀ ਵਾਲੇ ਨੇ, ਇਸ ਲਈ ਮੈਂ ਜਾਨਵਰਾਂ ਵਾਲੇ ਇਸ ਸੰਸਾਰ ਦੀ ਚੀਖ਼-ਪੁਕਾਰ ਨੂੰ ਅਣਸੁਣੀ ਕਰਕੇ ਰੋਟੀ ਪਕਾਉਣ ਦੇ ਆਹਰ ਵਿਚ ਜੁੱਟ ਗਈ ਹਾਂ।

ਉਹ ਘਰ ਆਏ ਤਾਂ ਠੰਢ ਤੇ ਥਕਾਵਟ ਨਾਲ ਨਿਢਾਲ ਜਿਹੇ ਲੱਗੇ ! ਸਵੇਰ ਦੇ ਤਾਂ ਗਏ ਹੋਏ ਨੇ ਆਪਣੇ ਦਫਤਰ ਤੇ ਹੁਣ ਆਏ ਨੇ ਪੂਰੇ ਬਾਰ੍ਹਾਂ ਘੰਟਿਆਂ ਬਾਅਦ ... ਕੀ ਕਰਨ, ਇਨ੍ਹਾਂ ਬੇਗਾਨੇ ਦੇਸ਼ਾਂ ਵਿਚ ਸਰਵਾਈਵ ਕਰਨਾ ਵੀ ਕਿਹੜਾ ਸੌਖੈ ?

'ਗਰਮ-ਗਰਮ ਪਾਣੀ ਨਾਲ ਸ਼ਾਵਰ ਲੈ ਲਉ', ਮੈਂ ਸਜੈਸਟ ਕੀਤਾ ਹੈ ।ਫਰੈੱਸ਼ ਹੋ ਕੇ ਕਹਿਣ ਲੱਗੇ "ਚੱਲ ਫੇਰ ਸ਼ੀਤਲ ਖਾਣ ਪੀਣ ਦਾ ਸਮਾਨ ਅੱਜ ਇੱਥੇ ਹੀ ਚੁੱਕ ਲਿਆ ਸੋਫੇ 'ਤੇ... ਅੱਜ ਬੜੀ ਭੁੱਖ ਲੱਗੀ ਹੋਈ ਆ ਤੇ ਥੱਕ ਵੀ ਬਹੁਤ ਗਿਆਂ ।"

"ਲਉ ਜੀ, ਲਉ!"

ਅਸੀਂ ਖਾਣਾ ਖਾਣ ਬੈਠਦੇ ਹਾਂ ਤਾਂ ਹਰ ਰੋਜ਼ ਵਾਂਗ ਸਰਸਰੀ ਗੱਲਾਂ ਚੱਲ ਪੈਂਦੀਆਂ ਹਨ। ਮੇਰੇ ਢਿੱਡ ਵਿਚ ਉਸ ਕਤੂਰੇ ਦੀ ਕਹਾਣੀ ਹਜ਼ਮ ਨਹੀਂ ਹੋ ਰਹੀ ਤੇ ਮੈਂ ਉਸ ਨੂੰ ਦੁਖਾਂਤਿਕ ਦੀ ਬਜਾਇ ਰੌਚਕ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਨ ਲੱਗੀ ਹਾਂ,

"ਪਤੈ ਅੱਜ ਤਾਂ ਦਫ਼ਤਰ ਤੋਂ ਆ ਕੇ ਮੈਂ ਹੁਣ ਤੱਕ ਕੁੱਤਿਆਂ-ਬਿੱਲੀਆਂ ਨਾਲ ਹੀ ਉਲਝੀ ਰਹੀ, ਇਸ ਲਈ ਸੂਪ ਬਣਾਉਣਾ ਈ ਮਿੱਸ ਹੋ ਗਿਆ।ਨਹੀਂ ਤਾਂ ਅੱਜ ਗਰਮ-ਗਰਮ ਸੂਪ ਪੀਣ ਵਾਲਾ ਮੌਸਮ ਸੀ।"

"ਅੱਛਾ! ਉਹ ਕਿੱਦਾਂ ?"

" ਜਦੋਂ ਘਰ ਆ ਰਹੀ ਸਾਂ ਤਾਂ ਆਹ ਆਪਣੇ ਘਰ ਵਾਲੇ ਪੁਲ਼ 'ਤੇ ਇਕ ਕਤੂਰਾ ਠੰਢ ਨਾਲ ਕੁਕੜੂੰ ਹੋਇਆ ਪਿਆ ; ਚਊਂ ਚਊਂ ਕਰੀ ਜਾਵੇ; ਪਹਿਲਾਂ ਤਾਂ ਮੇਰਾ ਮਨ ਕੀਤਾ ਚੁੱਕ ਲਿਆਵਾਂ ਵਿਚਾਰੇ ਨੂੰ ਆਪਣੇ ਘਰ... ਫੇਰ ਸੋਚਿਆ ਛੱਡੋ ਪਰੇ ...ਜੇਰਾ ਨਹੀਂ ਪਿਆ; ਸੋਚਿਆ, ਉਹਦੇ ਨਾਲ ਕਿੰਨਾ ਕੰਮ ਹੋਰ ਵੱਧ ਜਾਣੈ ਮੇਰਾ ! ਹੈ ਨਾ ਜਾਨਾ?"

"ਇਹ ਚੋਹਲ-ਮੋਹਲ ਤਾਂ ਵਿਹਲੇ ਬੰਦਿਆਂ ਲਈ ਹੁੰਦੇ ਆ...ਆਪਾਂ ਹੋਏ ਪਰਦੇਸੀ ਮਜ਼ਦੂਰ ...ਆਪਣੇ ਕੋਲ ਵਕਤ ਹੀ ਕਿੱਥੇ ਆ ਇਨ੍ਹਾਂ ਖੇਡਾਂ ਲਈ? ਆਪਾਂ ਉਦੋਂ ਨਹੀਂ ਰੱਖਿਆ ਕੁੱਤਾ, ਜਦੋਂ ਬੱਚੇ ਛੋਟੇ ਸੀ ਤੇ ਜ਼ਿੱਦ ਕਰਦੇ ਰਹੇ। ਇਹੀ ਸੋਚ ਕੇ ਨਹੀਂ ਸੀ ਰੱਖਿਆ ਕਿ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣੈ ਤੇ ਆਪਣਾ ਵਕਤ ਬਰਬਾਦ ਹੋਣੈ!"

"ਪਤੈ ਅੱਜ ਚਿੰਤਨ ਨਾਲ ਫ਼ੋਨ 'ਤੇ ਗੱਲ ਹੋਈ ; ਬੜਾ ਰੋ ਰਹੀ ਸੀ ; ਕਹਿੰਦੀ ਟੀ ਵੀ ਦੇਖ ਦੇਖ ਕੇ ਮਨ ਹੀ ਨਹੀਂ ਖਲੋਂਦਾ ... ਉਹ ਤੇ ਉਸਦਾ ਕੁੱਤਾ ਬੱਸ ਰੋਈ ਜਾਂਦੇ ਨੇ... ਟਾਵਰਾਂ 'ਚੋਂ ਅੱਗ ਦੀਆਂ ਲਪਟਾਂ ਦੇਖ ਦੇਖ ਕੇ...ਸੱਚੀਂ ਸੋਚ ਕੇ ਮੇਰੇ ਦਿਲ ਨੂੰ ਵੀ ਘੇਰ ਪੈਣ ਲੱਗ ਜਾਂਦੀ ਏ!"

"ਉਸ ਵਿਚਾਰੀ ਦੇ ਪੱਲੇ ਤਾਂ ਹੁਣ ਇਕੱਲਤਾ ਤੇ ਉਦਾਸੀ ਈ ਰਹਿ ਗਈ ਨਾ ! ਕਿੰਨੇ ਲਾਡ-ਪਿਆਰ ਤੇ ਮਿਹਨਤ-ਮੁਸ਼ੱਕਤ ਨਾਲ ਪਾਲੀਦਾ ਬੱਚਿਆਂ ਨੂੰ ... ਤੇ ਉਹ ਜਦੋਂ ਬਾਤ ਵੀ ਨਹੀਂ ਪੁੱਛਦੇ ਤਾਂ ਰੋਣ ਤੋਂ ਸਿਵਾਏ ਹੋਰ ਬਚਦਾ ਵੀ ਕੀ ਏ ਬੰਦੇ ਕੋਲ ? ਫ਼ੇਰ ਉਸ ਵਿਚਾਰੀ ਦਾ ਬੰਦਾ ਵੀ ਤਾਂ ਬਹੁਤ ਛੇਤੀ ਤੁਰ ਗਿਆ, ਇਸ ਲਈ ਉਹਦੇ ਰੌਣ ਦੇ ਹੋਰ ਵੀ ਕਈ ਕਾਰਨ ਹੋਣੇ ... ਸਿਰਫ਼ ਅੱਗ ਦੀਆਂ ਲਪਟਾਂ ਕਰ ਕੇ ਨਹੀਂ ਰੋ ਰਹੀ ਉਹ!"

"ਪਰ ਮੈਨੂੰ ਵੀ ਤਾਂ ਇਸ ਹਾਦਸੇ ਤੋਂ ਮਗਰੋਂ ਟੀ ਵੀ ਦੇਖਦਿਆਂ ਅਕਸਰ ਰੋਣ ਆ ਹੀ ਜਾਂਦੈ ਨਾ ! ਅਣਭੋਲ ਵਿਚਾਰੇ...ਅਣਆਈ ਮੌਤ ਮਾਰੇ ਗਏ ! ਕੀ ਵਿਗਾੜਿਆ ਸੀ ਉਨ੍ਹਾਂ ਕਿਸੇ ਦਾ...ਅਤੇ ਉਨ੍ਹਾਂ ਦੇ ਪਿੱਛੇ ਰਹਿ ਗਏ ਰਿਸ਼ਤੇਦਾਰ ? ਉਨ੍ਹਾਂ ਦਾ ਕੀ ?? "

"ਦੇਖ ਸ਼ੀਤਲ! ਮੈਨੂੰ ਵੀ ਹਮਦਰਦੀ ਐ ਉਨ੍ਹਾਂ ਪਰਿਵਾਰਾਂ ਨਾਲ ! ਮੈਂ ਤੈਨੂੰ ਇਕ ਗੱਲ ਦੱਸਾਂ, ਇਹ ਸਾਰਾ ਅਮਰੀਕਨ ਮੀਡੀਆ ਇਸ ਹਾਦਸੇ ਨੂੰ ਇੰਜ ਪੇਸ਼ ਕਰ ਰਿਹੈ ਜਿਵੇਂ ਇਹ ਦੁਨੀਆ ਦਾ ਸਭ ਤੋਂ ਪਹਿਲਾ ਤੇ ਸਭ ਤੋਂ ਵੱਡਾ ਆਤੰਕਵਾਦੀ ਹਮਲਾ ਹੋਵੇ ... ਪਰ ਤੂੰ ਦੱਸ, ਨਾਗਾਸਾਕੀ ਤੇ ਹੀਰੋਸ਼ੀਮਾ ਦੇ ਮੁਕਾਬਲੇ ਇਹ ਕੀ ਹੈ? ਵੀਅਤਨਾਮ ਅਤੇ ਇਰਾਕ 'ਤੇ ਇਨ੍ਹਾਂ ਅਮਰੀਕਨਾਂ ਦੁਆਰਾ ਕੀਤੇ ਹਮਲੇ ਦੇ ਸਾਹਮਣੇ ਇਹ ਕੀ ਹੈ? ਦਰਅਸਲ, ਇਹ ਮੀਡੀਆ ਲੋਕਾਂ ਦੀਆਂ ਭਾਵਨਾਵਾਂ ਭੜਕਾ ਰਿਹੈ ਤੇ ਉਨ੍ਹਾਂ ਨੂੰ ਅਫ਼ਗਾਨਿਸਤਾਨ 'ਤੇ ਹਮਲੇ ਲਈ ਮਾਨਸਿਕ ਤੌਰ' ਤੇ ਤਿਆਰ ਕਰ ਰਿਹੈ।"

ਮੈਨੂੰ ਪਤਾ ਸੀ ਬਲਬੀਰ ਇਹੀ ਕੁਝ ਕਹਿਣਗੇ, ਪਹਿਲਾਂ ਵੀ ਕਈ ਵਾਰ ਇਹੋ ਜਿਹੀਆਂ ਗੱਲਾਂ ਮੈਂ ਸੁਣ ਚੁੱਕੀ ਹਾਂ, ਇਸ ਲਈ ਮੈਂ ਚੁੱਪ ਕਰ ਗਈ ਹਾਂ ਤੇ ਉਹ ਮੈਨੂੰ ਸਮਝਾਉਣ ਲੱਗ ਪਏ ਨੇ, "ਇਹ ਜੋ ਮੀਡੀਆ ਭੜਕਾ ਰਿਹਾ, ਇਹ ਆਪਣੇ ਗਲ਼ ਵੀ ਪੈ ਸਕਦਾ, ਕਈ ਗੋਰੇ ਅੱਜ ਮੇਰੀ ਪੱਗ ਨੂੰ ਹੋਰ ਤਰ੍ਹਾਂ ਘੂਰ ਰਹੇ ਸੀ, ਇਸ ਲਈ ਰੌਣ-ਧੌਣ ਦੀ ਬਜਾਇ, ਸੁਚੇਤ ਤੇ

ਸਾਵਧਾਨ ਰਹਿਣ ਦੀ ਲੋੜ ਐ ਆਪਾਂ ਸਾਰਿਆਂ ਨੂੰ ।ਇਹ ਸਾਨੂੰ ਪੱਗ ਵਾਲਿਆਂ ਨੂੰ ਉਸਾਮਾ ਬਿਨ ਲਾਦੇਨ ਦੇ ਕਜ਼ਨਜ਼ ਸਮਝਦੇ ਆ...ਸੱਚ, ਤੂੰ ਵੀ ਤਾਂ ਉਸ ਦਿਨ ਦੱਸ ਹੀ ਰਹੀ ਸੀ ਕਿ ਤੈਨੂੰ ਤੁਰੀ ਜਾਂਦੀ ਨੂੰ ਕੁਝ ਗੋਰੇ ਚੀਕ ਚੀਕ ਕੇ ਕਿਵੇਂ ਕਹਿ ਰਹੇ ਸਨ, "ਗੋ ਹੋਮ ਪਾਕੀ ! ਗੋਅ ਹੋਮ !" ਭੁੱਲ ਗਈ ?"

ਉਹ ਮੈਨੂੰ ਕਿੰਨਾ ਕੁਝ ਦੱਸਦੇ ਰਹੇ, "ਕਿੰਨੇ ਪੱਗਾਂ ਵਾਲਿਆਂ ਨੂੰ ਇਨ੍ਹਾਂ ਨੇ ਗੈਸ ਸਟੇਸ਼ਨਾਂ ਤੇ ਕੰਮ ਕਰਦਿਆਂ ਨੂੰ ਮੁਸਲਮਾਨ ਸਮਝ ਕੇ ਗੋਲੀ ਮਾਰ ਕੇ ਮਾਰ ਦਿੱਤਾ ; ਉਹ ਬੇਕਸੂਰ ਨਹੀਂ ਸਨ ?" ਮੈਂ ਸੁਣਦੀ ਰਹੀ...ਉਹ ਬੋਲਦੇ ਰਹੇ।

ਰਾਤ ਭਰ ਉਸ ਕਤੂਰੇ ਅਤੇ ਸੜਦੇ ਟਾਵਰਾਂ ਦੇ ਖਿਆਲ ਆਉਂਦੇ ਰਹੇ । ਅੱਜ ਸਵੇਰੇ ਦਫ਼ਤਰ ਜਾਣ ਲੱਗੀ ਨੇ ਕਾਰ ਬਾਹਰ ਕੱਢਣ ਲਈ ਆਪਣਾ ਗੈਰਾਜ ਖੋਲ੍ਹਿਆ ਹੈ ਤਾਂ ਸਾਹਮਣੇ ਮਿਸਿਜ਼ ਰੰਧਾਵਾ ਦਾ ਗੈਰਾਜ ਵੀ ਖੁੱਲ੍ਹਾ ਹੋਇਆ ਦਿਸ ਰਿਹੈ। ਗੌਰ ਨਾਲ ਉਧੱਰ ਦੇਖਦੀ ਹਾਂ, ਉਹ ਤੇ ਉਹਨਾਂ ਦਾ ਬੇਟਾ ਸ਼ੌਨ ਕੁਛ ਕਰਦੇ ਦਿਸ ਰਹੇ ਨੇ। ਮੈਂ ਥੋੜੀ ਦੂਰ ਤੋਂ ਹੀ ਆਵਾਜ਼ ਮਾਰ ਕੇ ਪੁੱਛਦੀ ਹਾਂ, "ਭਾਬੀ ਜੀ, ਅੱਜ ਸਵੇਰੇ ਸਵੇਰੇ ਕਿਹੜੇ ਆਹਰ 'ਚ ਲੱਗੇ ਹੋਏ ਓ ?"

"ਆ ਜਾ ਸ਼ੀਤਲ, ਆਜਾ ! ਆ ਤੈਨੂੰ ਕੁਛ ਦਿਖਾਵਾਂ, ਆਹ ਵੇਖ ਸ਼ੌਨ ਕੱਲ੍ਹ ਇਕ ਹੋਰ ਸ਼ੇਰੂ ਨੂੰ ਚੁੱਕ ਲਿਆਇਐ!" ਉਹ ਹੱਸਦੇ ਹੱਸਦੇ ਉਸ ਕਤੂਰੇ ਨੂੰ ਤੌਲੀਏ ਨਾਲ ਪੂੰਝੀ ਜਾ ਰਹੇ ਨੇ ਤੇ ਨਾਲੇ ਦੱਸੀ ਜਾ ਰਹੇ ਨੇ, "ਵਿਚਾਰਾ, ਕੱਲ੍ਹ ਆਪਣੇ ਘਰਾਂ ਵਾਲੇ ਪੁਲ਼ ਹੇਠਾਂ ਠੰਢ ਦਾ ਮਾਰਿਆ ਅਧਮੋਇਆ ਹੋਇਆ ਪਿਆ ਸੀ। ਕੰਮ ਤੋਂ ਘਰ ਆਉਂਦੇ ਹੋਏ ਸ਼ੌਨ ਦੀ ਨਜ਼ਰੇ ਪੈ ਗਿਆ ਤਾਂ ਇਹ ਇਸਨੂੰ ਘਰ ਚੁੱਕ ਲਿਆਇਆ!"

"ਦੈਟ'ਸ ਸੋ ਗੁੱਡ!"

ਐਵੇਂ ਝੂਠਾ ਜਿਹਾ ਮੁਸਕਰਾ ਕੇ ਮੈਂ ਆਖਿਆ ਹੈ।

ਮੀਂਹ ਰੁਕ ਗਿਆ ਹੈ, ਬੱਦਲ ਛਟ ਗਏ ਨੇ ਅਤੇ ਮੈਂ ਹੌਲੀ ਫੁੱਲ ਹੋਈ ਨੇ ਪੁਲ਼ ਪਾਰ ਕਰਕੇ ਕਾਰ ਦਫ਼ਤਰ ਦੇ ਰਾਹੇ ਪਾ ਲਈ ਹੈ।

**ਸੁਰਜੀਤ ਕੌਰ**

**ਕੈਨੇਡਾ**

**+1(416605-3784)**

**surjitk22@gmail.com**

# ਪੰਜ ਨਜ਼ਮਾਂ
# ਸਰਬਜੀਤ ਸੋਹੀ

## ਮਦੀਹਾ ਗੌਹਰ

ਕੰਡਿਆਲ਼ੀਆਂ ਤਾਰਾਂ ਦੇ ਪਾਰ
ਉਸ ਮਹਿਕਦੀ ਹੋਈ ਗੁਲਜ਼ਾਰ ਦਾ
ਬਹੁਤ ਕੁੱਝ ਸਾਂਝਾ ਸੀ
ਇਸ ਪਾਰ ਵੀ !
ਮਿੱਟੀ ਦਾ ਰਿਸ਼ਤਾ.........
ਹਰ ਪਹਿਚਾਣ ਤੋਂ ਮੁਕਤ ਹੁੰਦਾ ਹੈ !
ਲੋਕਾਂ ਦਾ ਦਰਦ ਕਦ ਚੈਨ ਲੈਣ ਦਿੰਦਾ?
ਇਹ ਅਹਿਸਾਸ ਮਰਦੇ ਦਮ ਤੱਕ
ਉਸਦੇ ਨਾਲ ਹੀ ਨਿਭਿਆ !
ਉਹ ਕਾਗਜਾਂ 'ਤੇ ਉਲੀਕੀਆਂ ਹੋਈਆਂ

ਸਰਹੱਦਾਂ ਦੀ ਕੁੜੱਤਣ ਉੱਤੇ
ਇਤਰ ਬਣਕੇ ਫੈਲਣ ਵਿਚ
ਯਕੀਨ ਰੱਖਦੀ ਸੀ
ਉਸਨੂੰ ਬੁੱਲੇ ਦੀਆਂ ਕਾਫੀਆਂ ਦੀ
ਆਵਾਜ਼
ਵਾਹਗੇ ਤੋਂ ਪਾਰ ਵੀ ਸੁਣ ਜਾਂਦੀ !
ਉਸਦੀ ਝਾਂਜਰ ਦੇ ਬੋਰ
ਇਧਰ ਵੀ ਸੁਣਦੇ !

ਸਰਬਜੀਤ ਸੋਹੀ ਆਸਟਰੇਲੀਆ ਵੱਸਦਾ



ਪੰਜਾਬੀ ਕਵੀ ਹੈ। ਅਜੋਕੇ ਕੌਰ 'ਚ ਲਿਖੀ ਜਾ ਰਹੀ ਪ੍ਰਗਤੀਸ਼ੀਲ ਕਵਿਤਾ ਵਿਚ ਉਸਦਾ ਵਿਸ਼ੇਸ਼ ਸਥਾਨ ਹੈ ਸੋਹੀ ਕਾਵਿ ਅਜੋਕੇ ਸਮਾਜ ਦੀ ਦੰਭੀ ਸੋਚ ਉੱਤੇ ਕਰਾਰੀ ਚੋਟ ਕਰਦਾ ਹੈ

ਗਿਰ ਗਿਆ
ਉਹਦੇ ਜਾਣ ਨਾਲ
ਨਫ਼ਰਤਾਂ ਦੇ ਵਹਿੰਦੇ ਦਰਿਆ ਉੱਤੇ
ਮੁਹੱਬਤ ਦਾ ਇਕ ਹੋਰ ਕਲਾਤਮਕ ਪੁੱਲ

ਪੰਜੇ ਆਬ ਉਦਾਸ ਨੇ
ਝੰਗ ਦੇ ਜੰਗਲ਼ਾਂ ਨੇ ਹਾਉਕਾ ਭਰਿਆ
ਗ਼ਮਗੀਨ ਨੇ ਏਧਰ ਵੀ ਦਿਲ
ਸੇਜਲ ਨੇ ਓਧਰ ਵੀ ਅੱਖਾਂ
ਕੰਡਿਆਲ਼ੀਆਂ ਤਾਰਾਂ ਦੇ ਪਾਰ
ਉਸ ਮਹਿਕਦੀ ਹੋਈ ਗੁਲਜ਼ਾਰ ਦਾ
ਬਹੁਤ ਕੁੱਝ ਸਾਂਝਾ ਸੀ
ਇਸ ਪਾਰ ਵੀ !

## ਅਜਮੇਰ ਔਲਖ

ਚਾਹੇ ਗਿਰ ਗਿਆ ਹੈ,
ਸਾਹਾਂ ਦੀ ਸਟੇਜ ਦਾ ਪਰਦਾ !
ਚਾਹੇ ਸਦਾ ਲਈ ਬੁੱਝ ਗਈਆਂ ਨੇ
ਸਪੌਟ ਲਾਈਟ ਵਾਂਗ ਜਗਦੀਆਂ ਅੱਖਾਂ!
ਪਰ ਨਾਟ-ਮੰਡਲ ਦਾ........
ਉਹ ਦਹਿਕਦਾ ਹੋਇਆ ਸੂਰਜ,
ਸਿਵਿਆਂ ਵਿਚ ਅਸਤ ਨਹੀਂ ਹੋਵੇਗਾ!
ਉਸਦੀ ਲੋਅ ਜੂਝਦੇ ਲੋਕਾਂ ਲਈ
ਸਦੀਆਂ ਤੀਕ ਰਹੇਗੀ !

ਉਸਦੀ ਵਸੀਅਤ........
ਮੁੱਠੀ ਭਰ ਰਾਖ਼ ਨਹੀਂ ਹੋਵੇਗੀ !
ਜਿਸ ਨੇ ਮੀਚੀਆਂ ਹੋਈਆਂ ਮੁੱਠਾਂ ਵਿਚ
ਚੰਗਿਆੜੇ ਧਰੇ ਸੀ !
ਮਹਿਕਦੇ ਫੁੱਲਾਂ 'ਤੇ ਕਾਬਜ਼........
ਕੰਡਿਆਲੀਆਂ ਵਾੜ੍ਹਾਂ ਨੂੰ ਲੂਹਣ ਲਈ !
ਉਸਦੇ ਬੋਲ........

ਉਦਾਸ ਮੌਸਮਾਂ ਵਿਚ ਸਲਾਭੇ ਨਹੀਂ
ਜਾਣਗੇ
ਜਿਸ ਨੇ ਲਿੱਤੜੇ ਹੋਏ ਖਾਬਾਂ ਨੂੰ........
ਮੰਚਾਂ ਉਤੇ ਮਟਕਣ ਦੀ ਜਾਚ ਦੱਸੀ ਸੀ
ਜਿਸ ਨੇ ਪਿਚਕੇ ਹੋਏ ਗਲ੍ਹਾਂ ਵਿਚ
ਅਟਕੇ ਹੋਏ ਹੌਕਿਆਂ ਨੂੰ
ਵਕਤ ਦੀ........
ਗੂੰਜ ਬਣਾ ਦਿਤਾ !

ਨਾਟ-ਮੰਡਲ ਦਾ.......
ਉਹ ਦਹਿਕਦਾ ਹੋਇਆ ਸੂਰਜ
ਸਿਵਿਆਂ ਵਿਚ ਅਸਤ ਨਹੀਂ ਹੋਵੇਗਾ !
ਉਸਦੀ ਲੋਅ ਜੂਝਦੇ ਲੋਕਾਂ ਲਈ
ਸਦੀਆਂ ਤੀਕ ਰਹੇਗੀ !

## ਸੁਪਨੇ

ਥਲਾਂ ਵਿੱਚ.......
ਜ਼ੀਰ ਜਾਂਦੇ ਨੇ ਵਹਿੰਦੇ ਹੋਏ ਦਰਿਆ
ਪਰ ਨਹੀ ਸੁੱਕਦੇ ਕਦੇ ਵੀ
ਨਖ਼ਲਿਸਤਾਨ
ਆਕਾਰ ਬਦਲਦੇ ਟਿੱਬੇ ਭੁੱਲ ਜਾਂਦੇ ਨੇ
ਆਪਣੀ ਮਰਜ਼ੀ ਨਾਲ ਜਿਊਣਾ
ਹਵਾ ਦੇ ਰਹਿਮ ਤੇ ਜੀਣ ਦਾ
ਇਹੋ ਹਸ਼ਰ ਹੁੰਦਾ !

ਚੱਲ ਉੱਤਰੀਏ
ਇਕ ਦੂਜੇ ਦੇ ਦਿਲ ਵਿੱਚ
ਮ੍ਰਿਗ ਜਲ ਦੇ ਪਿੱਛੇ ਦੌੜਣ ਦੀ ਬਜਾਏ
ਚੱਲ ਉਦਾਸ ਅੱਖਾਂ ਦੀ ਨਮੀ ਵਿੱਚ
ਕੁੱਝ ਸੁਪਨੇ ਬੀਜ ਲਈਏ
ਸੁਪਨੇ.......
ਸੁਪਨੇ ਹੀ ਤਾਂ ਜੀਣ ਦਾ ਆਧਾਰ ਹੁੰਦੇ ਨੇ

## ਅਗਰ ਜੰਗ ਹੋਈ

ਆਪਣੇ ਘਰ ਦੀ ਚੌਖਟ ਤੋਂ
ਸੈਂਕੜੇ ਮੀਲ ਦੂਰ
ਦੇਸ਼ ਦੀ ਕਿਸੇ ਸਰਹੱਦ 'ਤੇ ਤਾਇਨਾਤ
ਮੇਰੇ ਦੇਸ਼ ਦੇ ਹਰ ਸੈਨਿਕ !
ਬਰਫ਼ ਦੇ ਡਿੱਗਦੇ ਤੋਦਿਆਂ ਵਿੱਚ
ਘਣੇ ਜੰਗਲ਼ਾਂ ਦੀ ਮਾਤਮੀ ਚੁੱਪ ਵਿੱਚ
ਬੰਕਰਾਂ ਦੀ ਓਟ ਵਿਚ-ਹਾਕਮਾਂ ਦੀ ਖੋਟ
ਵਿਚ
ਤੂੰ ਜਿਥੇ ਵੀ ਹੋਵੇਂ, ਤੇਰੀ ਖ਼ੈਰ ਹੋਵੇ !
ਉੱਚੇ ਉੱਠਦੇ ਨਾਅਰਿਆਂ ਦੀ ਗੂੰਜ ਵਿੱਚ
ਯਕੀਨਨ ਤੇਰੀ ਮਾਂ ਦੇ ਹਾਉਕੇ
ਫਿਕਰਮੰਦ ਭੈਣਾਂ ਦੀਆਂ ਸਿਸਕੀਆਂ
ਨੰਨ੍ਹੇ ਬਾਲਾਂ ਦੀ ਅਬੋਧ ਕਿਲਕਾਰੀਆਂ
ਜੀਵਨ ਸਾਥਣ ਦੀ ਉਦਾਸ ਹੋਈ
ਪਾਇਲ ਦੇ ਬੋਰਾਂ ਦੀ ਖਣਕ
ਦੱਬੀ ਗਈ ਹੋਵੇਗੀ !
ਦੱਬੀ ਗਈ ਹੋਵੇਗੀ
ਐਂਤਕੀ ਤੇਰੀ ਛੁੱਟੀ ਆਉਣ ਦੀ ਰੀਝ
ਕਿਸੇ ਸਾਲ ਗਿਰਾ 'ਤੇ ਹਾਜ਼ਰੀ ਦੀ
ਉਮੀਦ
ਰੰਮ ਦੀ ਮਹਿਕ ਵਿੱਚ ਟਹਿਕਣ ਵਾਲੇ
ਯਾਰਾਂ ਦੀ ਯਾਦ.......
ਜਰੂਰ ਦੱਬੀ ਗਈ ਹੋਵੇਗੀ
ਜੰਗ ਲਈ ਵੱਜੇ ਇਸ ਬਿਗਲ ਵਿੱਚ !

ਮਹਿਜ਼ ਇਹ ਹੀ ਨਹੀਂ.......
ਅਗਰ ਜੰਗ ਹੋਈ ਤਾਂ ਬਹੁਤ ਕੁੱਝ
ਦੱਬਿਆ ਜਾਵੇਗਾ
ਬਰੂਦ ਸੁੱਟਦੇ ਟੈਂਕਾਂ ਦੀ ਉੱਡਦੀ ਧੂੜ
ਵਿੱਚ
ਦੇਸ਼ ਭਗਤੀ ਦੀ ਹਨੇਰੀ ਨਾਲ
ਪਸਰਦੇ ਹੋਏ ਕੂੜ ਵਿੱਚ

ਇਸ ਕੂੜ ਵਿੱਚ........
ਅਕਸਰ ਹੀ ਦੱਬੇ ਜਾਂਦੇ ਨੇ
ਸਾਡੇ ਵਿਹੜਿਆਂ ਵਿੱਚ ਮੌਲਦੇ ਗੁਲਾਬ
ਸਾਡੇ ਬੱਚਿਆਂ ਦੇ ਸੇਜਲ ਨੈਣਾਂ ਵਿੱਚ
ਤੈਰਦੇ
ਸੁਪਨਿਆਂ ਦੇ ਬਾਦਬਾਨ

## ਨਾਇਕ ਦੀ ਭਾਲ

ਉਡੀਕਦਾ ਰਿਹਾ
ਕੱਲ ਵੀ ਭਗਤ ਸਿੰਘ !
ਅਲਮਾਰੀਆਂ ਵਿੱਚ ਅਹਿਲ ਪਈਆਂ
ਕਿਤਾਬਾਂ ਦੇ ਪੰਨਿਆਂ ਵਿੱਚ !
ਜਿਲਦਾਂ ਵਿਚ ਬੱਝੇ ਹੋਏ ਸ਼ਬਦਾਂ
ਅੰਦਰ
ਖੌਲਦੇ ਸ਼ਬਦਾਂ ਦੇ ਮਘਦੇ ਹੋਏ ਅਰਥਾਂ
ਅੰਦਰ
ਪਰ ਲੋਕ ਲੱਭਦੇ ਰਹੇ
ਲਹਿਰਦੇ ਬੈਨਰਾਂ ਵਿੱਚੋਂ ਭਗਤ ਸਿੰਘ
ਭਾਲਦੇ ਰਹੇ ਇੱਕ-ਦਿਵਸੀ
ਨਾਅਰਿਆਂ ਵਿਚੋਂ
ਸਰਫਰੋਸ਼ੀ ਦੀ ਤਮੰਨਾ !
ਉਡੀਕਦਾ ਰਿਹਾ

ਕੱਲ ਵੀ ਭਗਤ ਸਿੰਘ !
ਮੁੜੇ ਹੋਏ ਪੰਨੇ ਤੋਂ ਅਗਲੇ ਪੰਨਿਆਂ
'ਤੇ
ਅਲਸਾਉਂਦੀ ਹੋਈ ਨਜ਼ਰ ਨੂੰ !
ਦਮੂੰਖਾਂ ਦੀ ਫਸਲ ਪਿੱਛੇ
ਜਵਾਨੀ ਦੀ ਚੜ੍ਹਦੀ ਹੋਈ ਫਜ਼ਰ ਨੂੰ
ਪਰ ਮੁੱਛਾਂ 'ਤੇ ਫਿਰਦੇ ਹੋਏ ਚੋਬਰਾਂ
ਦੇ ਹੱਥ
ਅੱਪੜ ਨਾ ਸਕੇ ਭਗਤ ਸਿੰਘ ਤੱਕ!

ਹਰ ਸਾਲ ਵਾਂਗ.........
ਇਸ ਵਰ੍ਹੇ ਵੀ ਬੁੱਤਾਂ 'ਤੇ ਫੁੱਲ ਚੜ੍ਹੇ
ਪਰ ਉਸਦੇ ਬੋਲਾਂ 'ਤੇ ਚੜਾਉਣ ਵਾਲੇ
ਫੁੱਲ
ਕਿਆਰੀਆਂ ਵਿਚ ਕਿੱਥੇ ਉੱਗਨੇ ਸੀ
?
ਧਾਗਿਆਂ ਵਿੱਚ ਕਿਵੇਂ ਪਿਰੋਏ ਜਾਂਦੇ?
ਅਫਸੋਸ !
ਕਿ ਬੁੱਤਾਂ ਦੇ ਕੰਨ ਖੋਹਲਣ ਵਾਲਾ ਵੀ
ਅਸੀਂ ਬੁੱਤ ਬਣਾ ਦਿੱਤਾ
ਬੱਸ ਹਾਰਾਂ ਦੇ,
ਥੱਲੇ ਦਬਾਅ ਦਿੱਤਾ !

**ਸਰਬਜੀਤ ਸੋਹੀ**
**ਆਸਟਰੇਲੀਆ**
**+61410 584 302**
**singhsarbjeet13@yahoo.com**

# ਛੇ /ਨਜ਼ਮਾਂ /ਸੁਖਿੰਦਰ



ਸੁਖਿੰਦਰ ਕੈਨੇਡਾ ਵੱਸਦਾ ਪਰਵਾਸੀ ਪੰਜਾਬੀ ਸਾਹਿਤਕਾਰ ਹੈ। ਜਿਸਨੇ ਕਵਿਤਾ, ਆਲੋਚਨਾ ਵਾਰਤਕ, ਨਾਵਲਨਿਗਾਰੀ, ਸੰਪਾਦਨਾ ਅਤੇ ਵਿਗਿਆਨਕ ਸਾਹਿਤ ਦੀ ਰਚਨਾ ਨਾਲ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ। ਇਨ੍ਹਾਂ ਵੱਲੋ ਸੰਪਾਦਿਤ ਕੀਤਾ ਜਾ ਰਿਹਾ ਸਾਹਿਤਕ ਰਸਾਲਾ 'ਸੰਵਾਦ' ਅੱਜ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਅਲੱਗ ਪਛਾਣ ਹਾਸਿਲ ਕਰ ਚੁੱਕਿਆ ਹੈ।

## ਸ਼ਬਦਾਂ ਦੀ ਜਾਦੂਗਰੀ

ਰਾਜਨੀਤੀਵਾਨ, ਸ਼ਬਦਾਂ ਦੀ
ਜਾਦੂਗਰੀ ਰਾਹੀਂ, ਲੋਕ-ਮਾਨਸਿਕਤਾ ਦੇ
ਮਾਰੂਥਲਾਂ ਵਿੱਚ, ਮ੍ਰਿਗ-ਤ੍ਰਿਸ਼ਨਾ ਦੇ
ਝਉਲੇ ਜਗਾਉਂਦਾ ਹੈ -

ਜਨਤਾ, ਉਸ
ਮ੍ਰਿਗ-ਤ੍ਰਿਸ਼ਨਾ ਪਿੱਛੇ ਦੌੜਦੀ
ਹਾਲੋਂ-ਬੇਹਾਲ ਹੋਈ, ਵਰ੍ਹਿਆਂ ਤੀਕ
ਖ਼ੂਨ ਦੇ ਹੰਝੂ ਵਹਾਂਦੀ ਰਹਿੰਦੀ ਹੈ
ਦਿਲਾਂ ਨੂੰ ਝੂਠੇ ਦਿਲਾਸੇ ਦੇਣ ਦੇ
ਆਹਰ ਵਿੱਚ ਰੁੱਝੀ ਰਹਿੰਦੀ ਹੈ।

ਰਾਜਨੀਤੀਵਾਨ, ਸ਼ਬਦਾਂ ਦੀ
ਜਾਦੂਗਰੀ ਰਾਹੀਂ, ਅੱਲਾ ਅਤੇ
ਰਾਮ ਵਿਚਾਲੇ, ਕਦੀ ਵੀ
ਨਾ ਮੁੱਕਣ ਵਾਲੇ, ਲੋਕ-ਯੁੱਧ ਦਾ
ਆਰੰਭ ਕਰਾਂਦਾ ਹੈ

ਜਨਤਾ, ਉਸ
ਲੋਕ-ਯੁੱਧ ਨੂੰ ਸੰਪੂਰਨਤਾ ਦੀ
ਹੱਦ ਤੱਕ ਲਿਜਾਣ ਲਈ, ਨਿੱਤ
ਅੱਲਾ ਅਤੇ ਰਾਮ ਦਾ ਨਾਮ
ਧਿਆਉਂਦਿਆਂ, ਧਰਮੀ ਦਹਿਸ਼ਤਗਰਦੀ
ਅਤੇ ਕਤਲੋਗਾਰਤ ਦਾ, ਕੁਹਰਾਮ
ਮਚਾਉਣ ਵਿੱਚ ਹਿੱਸਾ ਪਾਉਂਦੀ ਹੈ

ਰਾਜਨੀਤੀਵਾਨ, ਸ਼ਬਦਾਂ ਦੀ
ਜਾਦੂਗਰੀ ਰਾਹੀਂ, ਰਾਜ-ਸਿੰਘਾਸਣ
ਦੁਆਲੇ, ਲਛਮਣ ਰੇਖਾ ਵਾਹ
ਹਰ ਮਨ ਵਿੱਚ, ਆਪਣਾ

ਭੈਅ ਜਗਾਂਦਾ ਹੈ
ਜਨਤਾ, ਉਸ
ਲਛਮਣ ਰੇਖਾ ਨੂੰ ਪਾਰ ਕਰਨ ਦੇ
ਯਤਨਾਂ ਵਿੱਚ ਹੀ, ਆਪਣੀ ਅਥਾਹ
ਸ਼ਕਤੀ ਦੇ ਸੋਮਿਆਂ ਦਾ
ਨਾਸ਼ ਕਰਨ ਵਿੱਚ, ਦਹਾਕਿਆਂ ਤੀਕ
ਗਲਤਾਨ ਰਹਿੰਦੀ ਹੈ

ਰਾਜਨੀਤੀਵਾਨ, ਸ਼ਬਦਾਂ ਦੀ
ਜਾਦੂਗਰੀ ਰਾਹੀਂ, ਆਤੰਕਵਾਦੀਆਂ ਨੂੰ
ਦੇਸ਼-ਭਗਤ ਅਤੇ ਦੇਸ਼-ਭਗਤਾਂ ਨੂੰ
ਦੇਸ਼-ਧ੍ਰੋਹੀ ਹੋਣ ਦੇ ਖਿਤਾਬਾਂ
ਨਾਲ ਨਿਵਾਜਦਾ ਹੈ
ਜਨਤਾ, ਉਸ
ਸ਼ਾਹੀ ਫੁਰਮਾਨ ਦੀ ਪਾਲਣਾ ਕਰੇ
ਜਾਂ ਉਸਦੀ ਵਿਰੋਧਤਾ ਕਰੇ
ਅਜਿਹੀ ਦਵੰਦਮਈ ਸੋਚ 'ਚੋਂ
ਬਾਹਰ ਨਿਕਲਣ ਦੇ ਰਾਹ
ਲੱਭਣ ਵਿੱਚ ਹੀ, ਖ਼ਲਕਤ
ਉਲਝੀ ਰਹਿੰਦੀ ਹੈ

ਰਾਜਨੀਤੀਵਾਨ, ਸ਼ਬਦਾਂ ਦੀ
ਜਾਦੂਗਰੀ ਰਾਹੀਂ, ਵੋਟ-ਮਸ਼ੀਨਾਂ ਦਾ
ਕੋਡ-ਸਿਸਟਮ, ਆਪਣੀ ਇੱਛਾ ਅਤੇ
ਲੋੜ ਅਨੁਸਾਰ, ਬਦਲ ਸਕਦਾ ਹੈ
ਜਨਤਾ, ਉਸ
ਕ੍ਰਿਸ਼ਮੇ ਨੂੰ ਸਮਝਣ ਲਈ ਹੀ
ਆਪਣੇ ਦਿਮਾਗ਼ਾਂ ਦੇ ਘੋੜੇ
ਸਰਪਟ ਦੌੜਾਂਦੀ ਰਹਿੰਦੀ ਹੈ, ਕਿ
ਆਖਿਰ, ਇਹ ਕਿਸ ਤਰ੍ਹਾਂ ਸੰਭਵ ਹੈ
ਵੋਟ-ਮਸ਼ੀਨ ਦਾ ਕਿਸੀ ਵੀ ਰੰਗ ਦਾ
ਬਟਨ ਦਬਾਓ, ਹਰ ਵਾਰ ਹੀ ਵੋਟ
ਰਾਜ-ਸਿੰਘਾਸਣ 'ਤੇ ਬੈਠੇ,
ਰਾਜਨੀਤੀਵਾਨ ਦੇ
ਖਾਤੇ 'ਚ ਹੀ ਜਾਂਦੀ ਹੈ
ਰਾਜਨੀਤੀਵਾਨ, ਸ਼ਬਦਾਂ ਦੀ
ਜਾਦੂਗਰੀ ਰਾਹੀਂ, ਜੁਮਲਿਆਂ ਦੀ
ਬਰਸਾਤ ਕਰਕੇ, ਹਕੀਕਤਾਂ ਦੀ
ਧਰਤੀ ਉੱਤੇ, ਲੋਕ-ਉਮੀਦਾਂ ਦੇ
ਭਾਵੇਂ, ਫੁੱਲ, ਤਾਂ
ਖਿੜ੍ਹਾ ਨਹੀਂ ਸਕਦਾ-

ਪਰ, ਉਸਦੇ
ਜੁਮਲੇ, ਰਾਜ-ਸਿੰਘਾਸਣ ਤੱਕ
ਪਹੁੰਚਣ ਲਈ, ਪੌੜੀਆਂ ਦਾ
ਕੰਮ ਤਾਂ ਕਰ ਹੀ ਜਾਂਦੇ ਹਨ।

## ਸਲੀਕਾ

ਆਲੋਚਕ, ਇਸ ਜ਼ਿਦ ਉੱਤੇ ਹੀ
ਅੜਿਆ ਰਿਹਾ ਕਿ ਉਹ, ਆਪਣੀ
ਪਸੰਦ ਅਨੁਸਾਰ
ਸ਼ਾਇਰ ਨੂੰ, ਲਿਖਣ ਦਾ ਸਹੀ
ਸਲੀਕਾ ਸਿਖਾਏਗਾ, ਪਰ ਇਸ ਦੌਰਾਨ
ਗਾਂਧੀ ਦੀ ਬੱਕਰੀ ਨੇ, ਸ਼ਾਇਰ ਦੇ
ਜ਼ਿਹਨ ਵਿੱਚ, ਮੇਂਗਣਾਂ ਦਾ
ਢੇਰ ਲਗਾ ਦਿੱਤਾ
ਆਲੋਚਕ, ਇਸ ਜ਼ਿਦ ਉੱਤੇ ਹੀ
ਅੜਿਆ ਰਿਹਾ ਕਿ ਉਹ, ਆਪਣੀ
ਪਸੰਦ ਅਨੁਸਾਰ
ਸ਼ਾਇਰ ਨੂੰ, ਲਿਖਣ ਦਾ ਸਹੀ
ਸਲੀਕਾ ਸਿਖਾਏਗਾ, ਪਰ ਇਸ ਦੌਰਾਨ
ਗੋਡਸੇ ਦੇ ਬਾਂਦਰਾਂ ਨੇ, ਸਕੂਲਾਂ
ਕਾਲਜਾਂ, ਵਿਸ਼ਵਵਿਦਿਆਲਿਆਂ 'ਚ ਵੜ੍ਹ
ਮਾਨਵੀ ਸਰੋਕਾਰਾਂ ਬਾਰੇ ਲਿਖੀਆਂ
ਨਜ਼ਮਾਂ
ਪਾੜ, ਪਾੜ, ਕੂੜੇ ਦੀ ਟੋਕਰੀ ਵਿੱਚ
ਸੁੱਟ ਦਿੱਤੀਆਂ

ਆਲੋਚਕ, ਇਸ ਜ਼ਿਦ ਉੱਤੇ ਹੀ
ਅੜਿਆ ਰਿਹਾ ਕਿ ਉਹ, ਆਪਣੀ
ਪਸੰਦ ਅਨੁਸਾਰ
ਸ਼ਾਇਰ ਨੂੰ, ਲਿਖਣ ਦਾ ਸਹੀ
ਸਲੀਕਾ ਸਿਖਾਏਗਾ, ਪਰ ਇਸ ਦੌਰਾਨ
ਗਊ ਮਾਤਾ ਨੇ, ਪ੍ਰਕਾਸ਼ਨ ਘਰਾਂ ਦੀਆਂ
ਪੁਸਤਕਾਂ ਉੱਤੇ, ਪਿਸ਼ਾਬ ਦੀਆਂ ਧਾਰਾਂ
ਮਾਰ ਮਾਰ
ਪ੍ਰਕਾਸ਼ਨ ਘਰ ਬਦਬੂ ਨਾਲ
ਭਰ ਦਿੱਤੇ

ਆਲੋਚਕ, ਇਸ ਜ਼ਿਦ ਉੱਤੇ ਹੀ
ਅੜਿਆ ਰਿਹਾ ਕਿ ਉਹ, ਆਪਣੀ
ਪਸੰਦ ਅਨੁਸਾਰ
ਸ਼ਾਇਰ ਨੂੰ, ਲਿਖਣ ਦਾ ਸਹੀ
ਸਲੀਕਾ ਸਿਖਾਏਗਾ, ਪਰ ਇਸ ਦੌਰਾਨ
ਜ਼ਹਿਰੀ ਸੱਪਾਂ ਨੇ, ਧਰਮੀ ਮੱਠਾਂ 'ਚੋਂ
ਨਿਕਲ
ਸ਼ਹਿਰ ਵਿੱਚ ਦਹਿਸ਼ਤ ਭਰੇ
ਮਾਹੌਲ ਦੀਆਂ ਸਿਖਰਾਂ
ਛੋਹ ਦਿੱਤੀਆਂ
ਸਲੀਕਾ ਸਿਖਦੀ ਸਿਖਦੀ
ਕਵਿਤਾ, ਹੁਣ, ਮਹਿਜ਼
ਆਲੋਚਕ ਦੇ ਕਦਮਾਂ ਉੱਤੇ
ਸੀਸ ਝੁਕਾਉਣ ਜੋਗੀ ਹੀ
ਨਾ ਰਹਿ ਜਾਵੇ, ਕਿਤੇ-

ਮਾਨਾਂ-ਸਨਮਾਨਾਂ ਦੀ
ਲਾਲਸਾ ਵਿੱਚ ਭਟਕਦੀ

## ਸਾਡੇ ਸਮਿਆਂ ਦੀ ਕਥਾ

ਸਾਡੇ ਸਮਿਆਂ ਵਿੱਚ
ਸ਼ਬਦਾਂ ਨਾਲ ਖੇਡਿਆ ਜਾ ਰਿਹਾ ਹੈ-

ਦੇਸ਼ ਦੀ ਸੁਰੱਖਿਆ ਲਈ

ਜ਼ਿੰਮੇਵਾਰ ਵਿਅਕਤੀ ਨੂੰ
ਚੌਂਕੀਦਾਰ ਕਿਹਾ ਜਾਂਦਾ ਹੈ
ਪਰ, ਉਸਦੇ ਹੁੰਦਿਆਂ
ਆਤੰਕਵਾਦੀ ਦੇਸ਼ ਦੀਆਂ ਸਰਹੱਦਾਂ
ਪਾਰ ਕਰ
ਬੇਖੌਫ਼, ਦੇਸ਼ ਦੇ ਅਹਿਮ ਟਿਕਾਣਿਆਂ
ਉੱਤੇ
ਬੰਬ ਧਮਾਕੇ ਕਰਦੇ ਦੇਖੇ ਜਾਂਦੇ ਹਨ
ਪੁਲਿਸ ਥਾਣੇ ਦੀ ਸੁਰੱਖਿਆ ਲਈ
ਜ਼ਿੰਮੇਵਾਰ ਵਿਅਕਤੀ ਨੂੰ
ਚੌਂਕੀਦਾਰ ਕਿਹਾ ਜਾਂਦਾ ਹੈ
ਪਰ, ਉਸਦੇ ਹੁੰਦਿਆਂ
ਡਰੱਗ ਸਮੱਗਲਰ ਥਾਣੇ ਵਿੱਚ ਵੜ
ਬੇਖੌਫ਼, ਜੇਲ੍ਹ ਵਿੱਚ ਬੰਦ ਕੈਦੀਆਂ ਨੂੰ
ਨਸ਼ਾ ਵੇਚਦੇ ਦੇਖੇ ਜਾਂਦੇ ਹਨ
ਬੈਂਕ ਦੀ ਸੁਰੱਖਿਆ ਲਈ
ਜ਼ਿੰਮੇਵਾਰ ਵਿਅਕਤੀ ਨੂੰ
ਚੌਂਕੀਦਾਰ ਕਿਹਾ ਜਾਂਦਾ ਹੈ
ਪਰ, ਉਸਦੇ ਹੁੰਦਿਆਂ
ਠੱਗ ਵਿਉਪਾਰੀ ਕਰੋੜਾਂ ਰੁਪਏ ਚੋਰੀ
ਕਰ
ਬੇਖੌਫ਼, ਬਦੇਸ਼ੀ ਧਰਤੀਆਂ ਉੱਤੇ ਪਹੁੰਚ
ਜ਼ਿੰਦਗੀ ਦੇ ਨਜ਼ਾਰੇ ਲੈਂਦੇ ਦੇਖੇ ਜਾਂਦੇ ਹਨ

ਨਿਆਂਸ਼ਾਲਾ ਦੀ ਸੁਰੱਖਿਆ ਲਈ
ਜ਼ਿੰਮੇਵਾਰ ਵਿਅਕਤੀ ਨੂੰ
ਚੌਂਕੀਦਾਰ ਕਿਹਾ ਜਾਂਦਾ ਹੈ
ਪਰ, ਉਸਦੇ ਹੁੰਦਿਆਂ
ਸੰਗੀਨ ਜੁਰਮ ਕਰਨ ਵਾਲੇ ਲੋਕ
ਬੇਖੌਫ਼, ਦੇਸ਼ ਦੀਆਂ ਸੜਕਾਂ ਉੱਤੇ
ਗਸ਼ਤ ਲਗਾਂਦੇ ਦੇਖੇ ਜਾਂਦੇ ਹਨ

ਮੀਡੀਆ ਦੀ ਸੁਰੱਖਿਆ ਲਈ
ਜ਼ਿੰਮੇਵਾਰ ਵਿਅਕਤੀ ਨੂੰ
ਚੌਂਕੀਦਾਰ ਕਿਹਾ ਜਾਂਦਾ ਹੈ
ਪਰ, ਉਸਦੇ ਹੁੰਦਿਆਂ
ਦੇਸ਼ ਨੂੰ ਸ਼ਰੇਆਮ ਲੁੱਟਣ ਵਾਲੇ ਲੋਕ
ਬੇਖੌਫ਼, ਦੇਸ਼ ਦੇ ਟੀਵੀ ਸਕਰੀਨਾਂ ਉੱਤੇ
ਕਹਿਕਹੇ ਲਗਾਂਦੇ ਦੇਖੇ ਜਾਂਦੇ ਹਨ
ਸਾਡੇ ਸਮਿਆਂ ਦੀ ਤਰਾਸਦੀ 'ਚੋਂ
ਉੱਠ ਰਿਹਾ ਇਹੀ ਸੁਆਲ, ਹੁਣ
ਚੀਖ ਚੀਖ, ਸਾਡਾ ਧਿਆਨ ਖਿੱਚ ਰਿਹਾ
ਹੈ :

'ਕੀ ਚੌਂਕੀਦਾਰ ਹੀ ਚੋਰ ਹੈ'

## ਜੰਗਬਾਜ਼

ਜੰਗਬਾਜ਼ਾਂ ਲਈ ਕੋਈ ਵੀ ਚੀਜ਼

ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ-

ਉਹ, ਰਾਜ ਸਿੰਘਾਸਣ ਖਾਤਿਰ
ਕੁਝ ਵੀ ਕੁਰਬਾਨ ਕਰ ਸਕਦੇ ਹਨ :
ਖੇਤਾਂ ਵਿੱਚ ਲਹਿਲਹਾਂਦੀਆਂ ਫ਼ਸਲਾਂ ਦੇ
ਸਿੱਟੇ
ਘਰਾਂ ਵਿੱਚ ਹੱਸਦੇ ਵੱਸਦੇ ਬੱਚਿਆਂ
ਦੀਆਂ ਮੁਸਕਰਾਹਟਾਂ
ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ
ਵਿੱਚ ਪੜ੍ਹਦੇ ਵਿਦਿਆਰਥੀਆਂ ਦੀਆਂ
ਜ਼ਿੰਦਗੀਆਂ
ਫੈਕਟਰੀਆਂ ਵਿੱਚ ਮਿਹਨਤ ਕਰ ਰਹੇ
ਮਜ਼ਦੂਰਾਂ ਦਾ ਖ਼ੂਨ ਪਸੀਨਾ
ਪਾਰਕਾਂ ਵਿੱਚ ਧੁੱਪ ਦਾ ਆਨੰਦ ਮਾਣ
ਰਹੇ ਬਜ਼ੁਰਗਾਂ ਦੇ ਹਾਸੇ
ਘਰਾਂ ਦੇ ਬਗੀਚਿਆਂ ਵਿੱਚ ਖਿੜ੍ਹੇ
ਗੁਲਾਬਾਂ ਦੀ ਮਹਿਕ

ਜੰਗਬਾਜ਼ਾਂ ਲਈ ਕੋਈ ਵੀ ਚੀਜ਼

ਕੀਮਤੀ ਨਹੀਂ ਹੁੰਦੀ, ਸਿਵਾਏ

ਰਾਜ ਸਿੰਘਾਸਣ ਦੇ-

ਉਹ, ਰਾਜ ਸਿੰਘਾਸਣ ਖਾਤਿਰ
ਕੁਝ ਵੀ ਕਰ ਸਕਦੇ ਹਨ :
ਮਗਰਮੱਛਾਂ ਵਾਂਗ ਹੰਝੂ ਵਹਾ ਸਕਦੇ ਹਨ
ਜ਼ਹਿਰੀ ਸੱਪਾਂ ਵਾਂਗ ਫਨ ਫੈਲਾ ਸਕਦੇ
ਹਨ
ਪਾਗਲ ਕੁੱਤਿਆਂ ਵਾਂਗ ਵੱਢ ਸਕਦੇ ਹਨ
ਕੀਟਾਣੂੰਆਂ ਨਾਲ ਭਰੇ ਚੂਹਿਆਂ ਵਾਂਗ
ਪਲੇਗ ਫੈਲਾ ਸਕਦੇ ਹਨ
ਖ਼ੂੰਖਾਰ ਬਘਿਆੜਾਂ ਵਾਂਗ ਮਨੁੱਖਾਂ ਨੂੰ
ਚੀਥੜਾ ਚੀਥੜਾ ਕਰ ਸਕਦੇ ਹਨ
ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ-

ਉਹ, ਰਾਜ ਸਿੰਘਾਸਣ ਖਾਤਿਰ
ਕੁਝ ਵੀ ਕਰ ਸਕਦੇ ਹਨ
ਦਿੱਲੀ ਦੇ ਸ਼ਹਿਰੀਆਂ ਦੇ ਗਲਾਂ ਵਿੱਚ
ਬਲਦੇ ਟਾਇਰ ਪਾ ਸਕਦੇ ਹਨ
ਗੁਜਰਾਤ ਦੀਆਂ ਗਰਭਵਤੀ ਔਰਤਾਂ ਦੇ
ਢਿੱਡਾਂ ਵਿੱਚ ਖੰਜਰ ਖੋਭ ਸਕਦੇ ਹਨ
ਕਸ਼ਮੀਰੀ ਔਰਤਾਂ ਦੇ ਸਮੂਹਕ
ਬਲਾਤਕਾਰ ਕਰਵਾ ਸਕਦੇ ਹਨ
ਪੰਜਾਬ ਦੇ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ
ਕਰਵਾ ਸਕਦੇ ਹਨ
ਕਬਾਇਲੀ ਇਲਾਕੇ ਦੇ ਲੋਕਾਂ ਨੂੰ ਘਰੋਂ
ਬੇਘਰ ਕਰਵਾ ਸਕਦੇ ਹਨ

ਜੰਗਬਾਜ਼ਾਂ ਲਈ ਕੋਈ ਵੀ ਚੀਜ਼
ਕੀਮਤੀ ਨਹੀਂ ਹੁੰਦੀ, ਸਿਵਾਏ
ਰਾਜ ਸਿੰਘਾਸਣ ਦੇ ਪਾਵਿਆਂ ਦੇ -
ਜਿਨ੍ਹਾਂ ਦੀ ਮਜ਼ਬੂਤੀ ਖਾਤਿਰ
ਲਾਸ਼ਾਂ ਦਾ ਅੰਬਾਰ ਲਗਾਉਣ ਤੋਂ ਵੀ
ਉਹ, ਝਿਜਕ ਮਹਿਸੂਸ ਨਹੀਂ ਕਰਦੇ।

# ਕਾਮੇਡੀ ਸ਼ੋਅ

ਜੇਕਰ, ਤੁਸੀਂ

ਕਿਸੀ ਵੀ ਦੇਸ਼ ਦੀ ਅੰਬੈਸੀ ਤੋਂ
ਵੀਜ਼ਾ ਮੋਹਰ ਲਗਵਾਉਣ ਦੇ
ਮਾਹਿਰ ਹੋ, ਤਾਂ, ਤੁਸੀਂ
ਕਿਸੀ ਵੀ ਵਿਸ਼ਵ-ਸੰਮੇਲਨ ਵਿੱਚ
ਇੱਕ ਵੱਡਾ ਲੇਖਕ ਹੋਣ ਦਾ
ਸਹਿਜੇ ਹੀ, ਪ੍ਰਮਾਣ-ਪੱਤਰ
ਹਾਸਿਲ ਕਰ ਸਕਦੇ ਹੋ

ਬਿਲਕੁਲ, ਓਵੇਂ ਹੀ
ਜਿਵੇਂ-
ਮਹਿਜ਼, ਚਾਹ ਦੀ ਰੇਹੜੀ ਵਾਲਾ
ਇੱਕ ਵੱਡਾ ਰਾਜਨੀਤੀਵਾਨ ਬਣ ਕੇ
ਆਪਣੇ ਦੇਸ਼ ਦੇ ਕਿਸੀ ਵੀ
ਵਿਸ਼ਵ ਵਿਦਿਆਲੇ ਤੋਂ
ਵੱਡੀ ਤੋਂ ਵੱਡੀ ਡਿਗਰੀ
ਹਾਸਿਲ ਕਰ ਸਕਦਾ ਹੈ

ਬਿਲਕੁਲ, ਓਵੇਂ ਹੀ
ਜਿਵੇਂ-
ਕੋਈ ਅਨਪੜ੍ਹ ਔਰਤ
ਕਿਸੀ ਵੀ ਵਿਸ਼ਵ ਵਿਦਿਆਲੇ ਦੇ
ਕਿਸੀ ਵੀ ਵਿਭਾਗ ਦੇ ਮੁਖੀ ਤੋਂ
ਉੱਚ ਵਿੱਦਵਾਨ ਹੋਣ ਦੀ
ਤਸਦੀਕ ਕਰਵਾ ਲੈਂਦੀ ਹੈ
ਮਹਿਜ਼, ਇਹ ਕਹਿ ਕੇ ਕਿ
ਉਹ ਉਸ ਸੂਬੇ ਦੇ
ਮੁੱਖ ਮੰਤਰੀ ਦੀ ਧੀ ਹੈ

ਸਾਡੇ ਸਮਿਆਂ ਵਿੱਚ
ਵਿੱਦਿਅਕ ਹੋਣ ਲਈ
ਵਿੱਦਿਆ ਹਾਸਿਲ ਕਰਨੀ
ਜ਼ਰੂਰੀ ਨਹੀਂ-
ਮਹਿਜ਼, ਤਿਗੜਮਬਾਜ਼
ਹੋਣਾ ਹੀ ਜ਼ਰੂਰੀ ਹੈ

ਅੱਜਕੱਲ੍ਹ, ਵਿਦਵਾਨ
ਲਿਖਤਾਂ ਲਿਖਦੇ ਨਹੀਂ-
ਮਹਿਜ਼, ਲਿਖਤਾਂ
ਬਣਾਂਦੇ ਹਨ

ਅਸੀਂ, ਕੰਪਿਊਟਰ ਯੁੱਗ ਵਿੱਚ
ਜੀਅ ਰਹੇ ਹਾਂ-
ਕੋਈ ਵੀ ਲਿਖਤ ਲਿਖਣ ਲਈ
ਹੁਣ, ਕਿਸੀ ਵੀ ਪੁਸਤਕ ਨਾਲ
ਮੱਥਾ ਮਾਰਨਾ ਜ਼ਰੂਰੀ ਨਹੀਂ

ਇੰਟਰਨੈੱਟ ਉੱਤੇ ਲੱਗੀਆਂ
ਲਿਖਤਾਂ ਚੋਰੀ ਕਰਨ ਦਾ
ਮਾਹਿਰ ਹੋਣਾ ਹੀ ਜ਼ਰੂਰੀ ਹੈ

ਗਿਆਨਵਾਨ ਹੋਣਾ ਜ਼ਰੂਰੀ ਨਹੀਂ
ਮੁਖੌਟੇਬਾਜ਼ ਹੋਣਾ ਹੀ ਜ਼ਰੂਰੀ ਹੈ

**ਸੁਖਿੰਦਰ**
**ਕੈਨੇਡਾ**
**+416-858-7077**
**poet_sukhinder@hotmail.com**

# ਤਿੰਨ ਨਜ਼ਮਾਂ
## ਮੋਹਨ ਗਿੱਲ



ਕੇਨੈਡਾ ਦੇ ਸ਼ਹਿਰ ਸਰੀ ਵਿਚ ਵੱਸਦੇ ਪਰਵਾਸੀ ਪੰਜਾਬੀ ਲੇਖਕ ਮੋਹਨ ਗਿੱਲ ਨੇ ਕਵਿਤਾ,ਹਾਇਕੂ ਅਤੇ ਵਾਰਤਕ ਰਚਨਾ ਰਾਹੀਂ ਆਪਣੀ ਸਿਰਜਣਾਤਮਕ ਪ੍ਰਤਿਭਾ ਨੂੰ ਸਾਹਿਤਕ ਜਗਤ ਸਨਮੁੱਖ ਪੇਸ਼ ਕੀਤਾ ਹੈ। ਇਨ੍ਹਾਂ ਦੀ ਲਿਖਤਾਂ ਮਨੁੱਖੀ ਚੌਗਿਰਦੇ ਵਿਚੋਂ ਲਏ ਸਧਾਰਨ ਬਿੰਬਾਂ ਰਾਹੀਂ ਆਸਧਾਰਨ ਅਰਥ ਦਿੰਦੀਆਂ ਹਨ। ਲੇਖਣੀ ਦੇ ਨਾਲ-ਨਾਲ ਮੋਹਨ ਗਿੱਲ ਦੇਸ਼-ਵਿਦੇਸ਼ ਦੀਆਂ ਸਾਹਿਤਕ ਗਤੀਵਿਧੀਆਂ ਵਿਚ ਵੀ ਸਰਗਰਮੀ ਨਾਲ ਹਿੱਸਾ ਲੈਂਦਾ ਹੈ।

### ਚਿੱਠੀ

ਇਕ ਸਮਾਂ ਸੀ
ਚਿੱਠੀ
ਕਲਮ ਅਤੇ ਸਿਆਹੀ ਨਾਲ
ਕਾਗ਼ਜ਼ ਤੇ ਲਿਖੀ ਜਾਂਦੀ ਸੀ।
ਚਿੱਠੀ ਵਿੱਚ
ਪਿਆਰ ਹੁੰਦਾ ਸੀ
ਵਿਚਾਰ ਹੁੰਦਾ ਸੀ
ਸਤਿਕਾਰ ਹੁੰਦਾ ਸੀ।

ਚਿੱਠੀ ਵਿੱਚ
ਅਪਣੱਤ ਦੇ ਨਾਲ
ਮੜ੍ਹਕ, ਬੜ੍ਹਕ, ਬਹਿਕ
ਅਤੇ ਟਹਿਕ ਹੁੰਦੀ ਸੀ।

ਹੋਰ ਤਾਂ ਹੋਰ-
ਹੱਥ ਨਾਲ ਲਿਖੀ
ਉਸ ਚਿੱਠੀ ਵਿੱਚ
ਲਿਖਣ ਵਾਲੇ ਹੱਥਾਂ ਦੀ
ਮਹਿਕ ਹੁੰਦੀ ਸੀ।
ਹੁਣ ਤਾਂ ਚਿੱਠੀ
ਉਂਗਲਾਂ ਦੇ
ਪੋਟਿਆਂ ਦੇ ਇਸ਼ਾਰੇ
ਇਕ ਕੰਪਿਊਟਰ ਵਿੱਚੋਂ
ਨਿਕਲ ਕੇ-
ਪਹੁੰਚ ਜਾਂਦੀ ਹੈ
ਦੂਜੇ ਕੰਪਿਊਟਰ ਵਿੱਚ
ਮਹਿਕ ਵਿਹੂਣੀ।

## ਧੀਆਂ

ਮਹਿਕਾਂ ਵੰਡਦਾ ਰਾਹ ਹੁੰਦੀਆਂ ਨੇ
ਧੀਆਂ ਸੁਘੜ ਮਲਾਹ ਹੁੰਦੀਆਂ ਨੇ

ਠੰਡ ਵਿੱਚ ਮਿੱਠੀ ਧੁੱਪ ਹੁੰਦੀਆਂ ਨੇ
ਤਪਸ਼ 'ਚ ਠੰਡੜੀ ਛਾਂ ਹੁੰਦੀਆਂ ਨੇ

ਖੁਸ਼ੀਆਂ ਦੇ ਵਿੱਚ ਵਾਹ ਹੁੰਦੀਆਂ ਨੇ
ਗ਼ਮੀਆਂ ਦੇ ਵਿੱਚ ਆਹ ਹੁੰਦੀਆਂ ਨੇ
ਜਿਸ ਥਾਂ ਉਤੇ ਰੱਬ ਦਾ ਵਾਸਾ
ਧੀਆਂ ਉਹ ਦਰਗਾਹ ਹੁੰਦੀਆਂ ਨੇ

ਮਾਪਿਆਂ ਦੇ ਘਰ ਦੀਆਂ ਖੁਸ਼ੀਆਂ ਲਈ
ਡੁੱਲ੍ਹ ਡੁੱਲ੍ਹ ਪੈਂਦਾ ਚਾਅ ਹੁੰਦੀਆਂ ਨੇ

## ਚਿੜੀਆਂ

ਫ਼ੋਨਾਂ ਤੇ ਕੰਪਿਊਟਰਾਂ
ਨੀਂਦ ਚੈਨ ਲਈ ਲੁੱਟ।

ਪਾਣੀ ਹੋਇਆ ਗੰਧਲਾ
ਕੱਟ ਦਿੱਤੇ ਗਏ ਰੁੱਖ।

ਜ਼ਹਿਰੀ ਕਿਰਨਾਂ ਛੱਡਦੇ
ਹੁਣ ਲੋਹੇ ਦੇ ਰੁੱਖ।

ਉੱਡ ਪੁੱਡ ਗਈਆਂ ਚਿੜੀਆਂ
ਚੂੰ ਚੂੰ ਹੋ ਗਈ ਚੁੱਪ।

## ਦੁਸ਼ਮਣੀ

ਉਹ ਬੜਾ ਚੰਗਾ ਸੀ
ਜਦ ਤੱਕ ਮੇਰੀ-
ਹਾਂ 'ਚ ਹਾਂ ਮਿਲਾਉਂਦਾ ਸੀ।
ਉਹ ਬੜਾ ਚੰਗਾ ਸੀ
ਜਦ ਤੱਕ ਮੇਰੀ-
ਧੁਨ ਵਿੱਚ ਗੀਤ ਗਾਉਂਦਾ ਸੀ।

ਹੁਣ ਜਿਸ ਦਿਨ ਤੋਂ
ਉਸਨੇ ਮੇਰੀ-
ਹਾਂ 'ਚ ਹਾਂ ਨਹੀਂ ਮਿਲਾਇਆ,
ਮੇਰੀ ਧੁਨ ਤੇ-
ਗੀਤ ਨਹੀਂ ਗਾਇਆ;
ਉਸ ਦਿਨ ਤੋਂ
ਉਸ ਦਾ ਨਾਮ
ਮੇਰੇ ਦੁਸ਼ਮਣਾਂ ਦੀ
ਕਤਾਰ ਵਿੱਚ
ਸ਼ਾਮਲ ਹੋ ਗਿਆ ਹੈ।

**ਮੋਹਨ ਗਿੱਲ**
**ਸਰੀ, ਕੈਨੇਡਾ**
**+17789080914**
**mohandelhon@hotmail.com**

# ਤਿੰਨ ਗ਼ਜ਼ਲਾਂ
# ਸੁਰਿੰਦਰ ਸਿਦਕ



ਸੁਰਿੰਦਰ ਸਿਦਕ ਆਸਟਰੇਲੀਆ ਵੱਸਦੀ ਪਰਵਾਸੀ ਪੰਜਾਬੀ ਸ਼ਾਇਰਾ ਹੈ। ਜਿਸ ਨੇ ਬਹੁਤ ਹੀ ਥੋੜੇ ਸਮੇਂ ਵਿਚ ਅਦਬ ਜਗਤ ਵਿਚ ਆਪਣਾ ਇਕ ਵੱਖਰਾ ਮੁਕਾਮ ਬਣਾਇਆ ਹੈ। ਸਿਦਕ ਦੀ ਸ਼ਾਇਰੀ ਨਿੱਜ ਤੋਂ ਪਰ ਦਾ ਸਫ਼ਰ ਤਹਿ ਕਰਦੀ ਹੋਈ ਲੋਕਾਈ ਦੇ ਦਰਦ ਦੀ ਜ਼ੁਬਾਨ ਬਣਦੀ ਹੈ।

## ਗ਼ਜ਼ਲ

ਕੈਦ ਨੇ ਮਹਿਲੀਂ ਚੰਨ ਸਿਤਾਰੇ, ਮੌਜਾਂ
ਵਿੱਚ ਪਰਵਾਸ ਰਹੇ

ਚਿਹਰਿਆਂ ਉੱਤੇ ਮਸਤੀ ਝਲਕੇ,
ਦਿਲ ਹੀ ਬਹੁਤ ਉਦਾਸ ਰਹੇ।

ਸੋਨੇ ਦੀ ਹੈ ਰੋਟੀ ਇੱਥੇ, ਇੱਥੇ
ਆਲ੍ਹਣ ਸੋਨੇ ਦਾ,

ਚਾਰ ਚੁਫੇਰੇ ਪਾਣੀ ਫਿਰ ਵੀ ਕਾਹਤੋਂ
ਭੁੱਖੀ ਪਿਆਸ ਰਹੇ!

ਸੋਚਾਂ ਮੈਂ ਪਰਵਾਸ 'ਚ ਰਹਿ ਕੇ,
ਜੀਵਨ ਵਿੱਚ ਕਿਉਂ ਥਿਰਕਣ ਨਹੀਂ,

ਕਦ ਵਤਨਾਂ ਵੱਲ ਪੈਣੇ ਫੇਰੇ,
ਅੱਧਮੋਈ ਜਿਹੀ ਆਸ ਰਹੇ।

ਵਤਨ 'ਚ ਸੀ ਤਾਂ ਰਾਤ ਦਿਨੇਂ
ਪਰਵਾਸ ਦੇ ਸੁਪਨੇ ਆਉਂਦੇ ਸਨ,

ਆਵੇ ਸੁਪਨਾ, ਵਤਨ ਦਾ ਆਵੇ, ਹੁਣ
ਇਹੀ ਅਰਦਾਸ ਰਹੇ।

ਆਪਣੀ ਲੱਖ ਵਲੈਤ ਕਹਾਂ ਪਰ
ਮਰਦੀਆਂ ਨਈਂ ਬੇਗਾਨਗੀਆਂ,

ਸੋਚ ਰਹੀ ਹਾਂ ਇਕ ਦਿਨ ਪੂਰਾ,ਪੂਰਾ
ਟੱਬਰ ਪਾਸ ਰਹੇ ।

ਇੱਥੇ ਜੰਮੇ, ਇੱਥੇ ਖੇਡੇ, ਵਤਨ
ਵਲੈਤ ਹੈ ਬਾਲਾਂ ਦਾ,

ਸਾਡਾ ਵਤਨ ਇਹ ਕਿਉਂ ਨਈਂ
ਬਣਦਾ, ਅਜਬ ਜਿਹਾ ਅਹਿਸਾਸ
ਰਹੇ।

ਪਰਵਾਸਾਂ ਦੇ ਰੰਗ ਤਮਾਸ਼ੇ 'ਸਿਦਕ'
ਲਈ ਬੇਮਾਇਨੇ ਹਨ

ਨਜ਼ਮਾਂ, ਗ਼ਜ਼ਲਾਂ, ਗੀਤਾਂ 'ਤੇ ਉਸ ਦਾ
ਬਣਿਆ ਵਿਸ਼ਵਾਸ ਰਹੇ।

## .ਗਜ਼ਲ

ਨ੍ਹੇਰ ਦੇ ਹਾਕਮ ਕੋਲੋਂ ਝੱਲੀਏ ਲੋਅ
ਚਾਹੁੰਦੀ ਏਂ?
ਉਸ ਦੇ ਕੋਲ ਜੁ ਵਸਤ ਨਹੀਂ ਹੈ,
ਉਹ ਚਾਹੁੰਦੀ ਏਂ?
ਗੁਲਸ਼ਨ ਗੁਲਸ਼ਨ ਝੁਲਸ ਗਿਆ ਹੈ
ਕਹਿਰੀ ਅੱਗ ਵਿੱਚ,
ਸੜੀਆਂ ਬਲ਼ੀਆਂ 'ਵਾਵਾਂ ਤੋਂ ਖੁਸ਼ਬੂ
ਚਾਹੁੰਦੀ ਏਂ?
ਸੂਰਜ ਦੀ ਅੱਖ ਵਿੱਚ ਵੀ ਤੈਨੂੰ
ਤੱਕਣਾ ਪੈਣਾ,
ਵਰਨਾ ਕਿਹੜੇ ਕੰਮ ਦਾ ਹੈ ਜੋ ਰੋਹ
ਚਾਹੁੰਦੀ ਏਂ?
ਆਪਣੇ ਆਪ ਨੂੰ ਸੋਨੇ ਦੇ ਵਿੱਚ
ਢਾਲਣ ਸਿੱਖ ਲੈ,
ਕਾਹਤੋਂ ਪੱਥਰਾਂ ਕੋਲੋਂ ਪਾਰਸ- ਛੋਹ
ਚਾਹੁੰਦੀ ਏਂ ?
'ਵਾਵਾਂ ਨੂੰ ਤਾਂ ਖ਼ਬਰ ਹੈ ਕੇਵਲ
ਦਾਵਾਨਲ ਦੀ,
ਮੀਤ ਆਪਣੇ ਦੀ ਇਹਨਾਂ 'ਤੋਂ
ਕਨਸੋਅ ਚਾਹੁੰਦੀ ਏਂ?
ਇਸ ਧਰਤੀ 'ਤੇ ਵਹਿੰਦੇ ਦਰਿਆ
ਸੁੱਕਦੇ ਜਾਂਦੇ,
ਤੂੰ ਸੁੱਕੀ ਧਰਤੀ ਤੋਂ ਇਤਰ ਦੇ ਚੋਅ
ਚਾਹੁੰਦੀ ਏਂ?
ਪੇਟ ਦੀ ਅੱਗ ਵਿੱਚ ਝੁਲਸੀ ਪਈ
ਹਰ ਅੰਤਰ- ਆਤਮ,
ਉਸ ਬਸਤੀ 'ਚੋਂ ਪਿਆਰ ਮੁਹੱਬਤ
ਮੋਹ ਚਾਹੁੰਦੀ ਏਂ?
ਤੈਨੂੰ ਤਾਂ ਪਰਵਾਸ ਨੇਂ ਝੱਲੀ ਕੀਤਾ
ਸਿਦਕੇ,
ਪਰਦੇਸੀਂ ਵੀ ਤੂੰ ਮਮਤਾ ਦੀ ਛੋਹ
ਚਾਹੁੰਦੀ ਏਂ ?

## .ਗਜ਼ਲ

ਪਰਦੇਸਣ ਹਾਂ ਮਹਿਕ ਵਤਨ ਦੀ,
ਮਨ ਦੇ ਵਿੱਚ ਉਤਾਰੀ!

ਪਿੰਜਰੇ ਵਿੱਚ ਸਭ ਜਜ਼ਬੇ ਪੈ ਗਏ,
ਜੋਬਾਂ ਨੇਂ ਮੱਤ ਮਾਰੀ ।

ਸ਼ਿਫਟਾਂ ਦੇ ਵਿੱਚ ਉਲਝੀ ਸਾਡੀ ,
ਸੋਹਲ ਜਿੰਦ ਵਿਚਾਰੀ,

ਸਮੇਂ ਤੋਂ ਮੰਗਦੇ ਹਾਂ ਆਪਣੇ ਲਈ,
ਜ਼ਿੰਦਗੀ ਰੋਜ਼ ਉਧਾਰੀ ।

ਪਾਣੀ ਤੋਂ ਤੂੰ ਬਰਫ ਬਣਾਇਆ,
ਬਰਫੋਂ ਬਣੀ ਮੈਂ ਨੀਲਮ,

ਤੂੰ ਜੋ ਚਾਹਿਆ ਉਹੀ ਬਣ ਗਈ
,ਮੇਰੀ ਕੀ ਹੁਸ਼ਿਆਰੀ ।

ਉਸ ਦੀਆਂ ਅੱਖਾਂ ਦੇ ਵਿੱਚ
ਭਰੀਆਂ, ਨੰਗ- ਮੁਨੰਗੀਆਂ ਗਰਜ਼ਾਂ,

ਪੌਂਡਾਂ ਦੇ ਵਿੱਚ ਲਿਪਟੀ ਹੋਈ ਵੇਖੀ
ਖਾਤਿਰਦਾਰੀ!

ਨਾ ਲੱਸੀਆਂ, ਨਾ ਸ਼ਰਬਤ ਏਥੇ, ਨਾ
ਚਿੱਭੜਾਂ ਦੀ ਚਟਨੀ,

ਫੁਲਕਾ, ਦਾਲ ਗੁਲਾਮ ਹੈ ਏਥੇ,
ਪੀਜ਼ਿਆਂ ਦੀ ਸਰਦਾਰੀ !

ਵਿੱਚ ਵਲੈਤ ਟ੍ਰੈਮਾਂ ਅੰਦਰ, ਹਰ
ਚਿਹਰੇ 'ਤੇ ਚੁੱਪ ਹੈ,

ਆਪਣੇ ਦੇਸ ਦੀ ਲਾਰੀ ਵਰਗੀ,
ਲਭਦੀ ਨਹੀਂ ਸਵਾਰੀ!

ਜੇ ਨਾ ਬੱਝੇ ਹੁੰਦੇ ਮੇਰੇ ਖੰਭਾਂ ਦੇ ਸੰਗ
ਡਾਲਰ,

ਕਦ ਦੀ ਮਾਰ ਗਈ ਮੈਂ ਹੁੰਦੀ,
ਵਤਨਾਂ ਵੱਲ ਉਡਾਰੀ!

ਵਿੱਚ ਵਲੈਤੀਂ ਨਿੱਕੇ ਕੱਪੜੇ, ਐਪਰ
ਸੋਚ ਵਡੇਰੀ,


ਪਾਕ ਪਵਿੱਤਰ ਨਜ਼ਰ ਇਹਨਾਂ ਦੀ
,ਮੈਂ ਜਾਵਾਂ ਬਲਿਹਾਰੀ!

ਮੜ੍ਹੀਆਂ ਵਰਗੀ ਚੁੱਪ ਹੈ ਇੱਥੇ,

ਦਰਦ ਸੁਣਾਵਾਂ ਕੀਹਨੂੰ?

ਕਲਮ ਬਣੀ ਹੈ ਸਖੀ ਸਿਦਕ ਦੀ,
ਗ਼ਜ਼ਲਾਂ ਦੇ ਸੰਗ ਯਾਰੀ!


**ਸੁਰਿੰਦਰ ਸਿਦਕ**
**ਅਸਟਰੇਲੀਆ**
**+61452516779**
**surindersidak@yahoo.com**





**ਪਰਵਾਸੀ ਸਾਹਿਤ ਅਧਿਅਨ ਕੇਂਦਰ ਵਲੋਂ ਪ੍ਰਕਾਸ਼ਿਤ, ਪਰਵਾਸੀ ਪੰਜਾਬੀ ਸਾਹਿਤ ਤੇ ਆਧਾਰਿਤ ਅੰਗਰੇਜੀ ਅਤੇ ਹਿੰਦੀ ਦੀਆਂ ਆਲੋਚਨਾਤਮਕ ਪੁਸਤਕਾਂ**

# ਦੋ .ਗ਼ਜ਼ਲਾਂ
# ਰੁਪਿੰਦਰ ਸਿੰਘ ਦਿਓਲ



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੇ ਪੁਰਾਣੇ ਵਿਦਿਆਰਥੀ ਅਤੇ ਅੱਜ-ਕੱਲ ਕੈਲਗਿਰੀ ਵਾਸੀ ਰੁਪਿੰਦਰ ਸਿੰਘ ਦਿਓਲ ਨੇ ਪ੍ਰਿੰ. ਤਖ਼ਤ ਸਿੰਘ ਦੀ ਪ੍ਰੇਰਨਾ ਸਦਕਾ ਆਪਣੀ ਸਾਹਿਤਕ ਸਿਰਜਣਾ ਦਾ ਆਰੰਭ ਕੀਤਾ ਅਤੇ .ਗ਼ਜ਼ਲ ਵਿਧਾ ਨੂੰ ਆਪਣੇ ਭਾਵਾਂ ਦੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ।

## .ਗ਼ਜ਼ਲ

ਗਗਨ ਦੀ ਅੱਖ ਮੈਲੀ ਹੈ,ਗੁਜ਼ਾਰੇ ਹੋਣਗੇ ਔਖੇ।
ਜੇ ਗੰਧਲ਼ੇ ਹੋ ਗਏ ਪਾਣੀ ਗੁਜ਼ਾਰੇ ਹੋਣਗੇ ਔਖੇ।
ਦਿਨੋ ਦਿਨ ਵਧ ਰਿਹਾ ਖ਼ਤਰਾ ਜੇ ਵਿਗੜੀ ਹੋਰ ਵੀ ਹਾਲਤ,
ਜੇ ਚੜ੍ਹ ਕੇ ਨਾ ਲਹੇ ਸਾਗਰ ਕਿਨਾਰੇ ਹੋਣਗੇ ਔਖੇ।
ਤੁਸੀਂ ਤਾਂ ਖ਼ੁਦ ਸਿਤਾਰੇ ਹੋ ,ਤੁਹਾਨੂੰ ਫ਼ਰਕ ਨਹੀਂ ਪੈਣਾ,
ਜਿੰਨ੍ਹਾਂ ਦਾ ਛੁਪ ਗਿਆ ਸੂਰਜ ਗੁਜ਼ਾਰੇ ਹੋਣਗੇ ਔਖੇ।
ਜੇ ਢਹਿ ਗਏ ਕੀਮਤੀ ਮੰਜ਼ਰ ਤੇ ਵਿਛਿਆ ਹਰ ਜਗ੍ਹਾ ਪੱਥਰ,
ਪਰਤ ਕੇ ਸ਼ਹਿਨਸ਼ਾਹੀ ਦੇ ਨਜ਼ਾਰੇ ਹੋਣਗੇ ਔਖੇ।
ਜੇ ਖਾਲੀ ਬਾਗ਼ ਹੋ ਜਾਣਾ,ਜੇ ਏਥੇ ਫੁੱਲ ਨਹੀਂ ਖਿੜਨੇ,
ਜੇ ਸੁਪਨੇ ਮਸਲ ਗਈ ਬਾਰਸ਼, ਗੁਜ਼ਾਰੇ ਹੋਣਗੇ ਔਖੇ।
ਕਰੋੜਾਂ ਤਾਰਿਆਂ ਅੰਦਰ ਅਸਾਡਾ ਚੰਨ ਹੈ ਇੱਕੋ,
ਅਸੀਂ ਜਦ ਚੰਨ ਹੀ ਤੱਕਣਾ, ਸਿਤਾਰੇ ਹੋਣਗੇ ਔਖੇ।
ਸੰਭਾਲੋ ਵਕਤ ਜਾਂਦਾ ਹੈ,ਤੁਸੀਂ ਤੰਦਾਂ ਨੂੰ ਨਾ ਕੁਤਰੋ,
ਕਦੇ ਜੇ ਖਿੰਡ ਗਈ ਮਾਲਾ ਤਾਂ ਮਣਕੇ ਹੋਣਗੇ ਔਖੇ।

## .ਗ਼ਜ਼ਲ

ਇਸ ਮਿੱਟੀ ਦੇ ਲੋਕ ਹੀ ਜਿਗਰੇ ਵਾਲੇ ਨੇ
ਪੈਰਾਂ ਵਿੱਚ ਬਿਆਈਆਂ ਹੱਥੀਂ ਛਾਲੇ ਨੇ

ਬਣਦੇ ਰਹੇ ਰੁਕਾਵਟ ਜਿਹੜੇ ਰਾਹਾਂ ਦੀ,
ਮੈਂ ਉਹ ਪੱਥਰ ਨੀਂਹਾਂ ਦੇ ਵਿੱਚ ਢਾਲ਼ੇ ਨੇ

ਹਰ ਸ਼ੈ ਉਸਦੀ ਰੱਜਕੇ ਮਾਨਣ ਵਾਲ਼ੀ ਏ
ਕਸਰ ਨਾ ਰੱਖੀ ਭੋਰਾ ਸਿਰਜਣ ਵਾਲ਼ੇ ਨੇ

ਢੱਠੇ ਖੂਹ ਦੀਆਂ ਟਿੰਡਾਂ ਸਾਂਭੀ ਬੈਠੇ ਹਾਂ,
ਬੇਸ਼ੱਕ ਵਗਦੇ ਪਾਣੀ ਸਾਂਭਣ ਵਾਲ਼ੇ ਨੇ

ਇੱਕ ਕੁੱਲੀ ਚੋਂ ਨ੍ਹੇਰੀ ਉੱਠਣ ਵਾਲ਼ੀ ਏ,
ਲਾਲ ਕਿਲੇ ਦੇ ਸ਼ੀਸ਼ੇ ਤਿੜਕਣ ਵਾਲ਼ੇ ਨੇ

ਸਾਨੂੰ ਮਾਰਨ ਦੇ ਲਈ ਸਾਡੇ ਵੈਰੀ ਨੇ,
ਸਾਡੇ ਵਿੱਚੋਂ ਹੀ ਕੁਝ ਬੰਦੇ ਪਾਲ਼ੇ ਨੇ

**ਰੁਪਿੰਦਰ ਸਿੰਘ ਦਿਓਲ**
**ਕੈਲਗਰੀ(ਕੈਨੇਡਾ)**
**+1 (403) 870-1038**

ਸਮੀਖਿਆ

# ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ

ਡਾ. ਅੰਮ੍ਰਿਤਪਾਲ ਕੌਰ



ਡਾ. ਅੰਮਿਤਪਾਲ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਲਿਟਰੇਰੀ ਸਟੱਡੀਜ਼ ਵਿਭਾਗ ਵਿਚ ਬਤੌਰ ਪ੍ਰੋ. ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਨ੍ਹਾਂ ਦਾ ਖੇਤਰ ਵਿਸ਼ੇਸ਼ ਮੱਧਕਾਲੀ ਪੰਜਾਬੀ ਕਵਿਤਾ ਹੈ, ਇਸ ਤੋਂ ਇਲਾਵਾ ਇਨ੍ਹਾਂ ਨੇ ਗੁਰਬਾਣੀ ਤੇ ਪਰਵਾਸੀ ਸਾਹਿਤ 'ਤੇ ਵੀ ਨਿੱਠ ਕੇ ਆਲੋਚਨਾਤਮਕ ਕਾਰਜ ਕੀਤਾ ਹੈ। ਆਲੋਚਕ ਤੇ ਸੰਪਾਦਕ ਦੇ ਰੂਪ 'ਚ ਉਨ੍ਹਾਂ ਪੰਜਾਬੀ ਸਾਹਿਤ, ਭਾਸ਼ਾ ਤੇ ਸਭਿਆਚਾਰ ਪ੍ਰਤੀ ਆਪਣੀ ਅਣਥੱਕ ਭੂਮਿਕਾ ਨਿਭਾਈ ਹੈ।ਅਨੇਕਾਂ ਹੀ ਰਾਸ਼ਟਰੀ ਸੈਮੀਨਾਰਾਂ ਤੇ ਕਾਨਫਰੰਸਾਂ ਵਿਚ ਆਪਣੇ ਖੋਜ-ਪੱਤਰ ਪ੍ਰਸਤੁਤ ਕਰ ਚੁੱਕੇ ਹਨ।ਪੁਸਤਕ 'ਗੁਰਬਾਣੀ ਸੰਚਾਰ ਵਿਗਿਆਨ' ਲਈ ਜਿਨ੍ਹਾਂ ਨੂੰ 'ਭਾਈ ਕਾਨ੍ਹ ਸਿੰਘ ਨਾਭਾ' ਤੇ 'ਮੌਲਾ ਬਖ਼ਸ਼ ਕੁਸ਼ਤਾ ਐਵਾਰਡ' ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਪਰਵਾਸੀ ਪੰਜਾਬੀ ਸਾਹਿਤ ਵਿਸ਼ਵ ਸਾਹਿਤ ਦੀ ਪ੍ਰਮੁੱਖ ਰਚਨਾਤਮਕ ਵੰਨਗੀ ਵਜੋਂ ਸਥਾਪਤ ਤੇ ਸਵੀਕ੍ਰਿਤ ਹੈ। ਪੰਜਾਬ, ਪੰਜਾਬੀਅਤ, ਪੰਜਾਬੀ ਮਾਨਸਿਕਤਾ ਅਤੇ ਪੰਜਾਬੀ ਸਿਰਜਨਾਤਮਕਤਾ ਵਿਸ਼ਵ ਵਰਤਾਰੇ ਦੇ ਸਨਮੁਖ ਆਪਣੀ ਇਕ ਨਿਵੇਕਲੀ ਅਤੇ ਵੱਖਰੀ ਪਛਾਣ ਬਣਾਉਣ ਦੇ ਸਮਰੱਥ ਹੋਈ ਹੈ। ਪੰਜਾਬੀ ਬੋਲੀ ਹੈ ' "ਮੈਂ ਨੱਚਾਂ ਪਟਿਆਲੇ ਮੇਰੀ ਧਮਕ ਜਲੰਧਰ ਪੈਂਦੀ" - ਅੱਜ ਕੱਲ ਦਾ ਗੀਤ ਹੈ, "ਨੱਚੇ ਜਾਗੋ ਤੇ ਪਵੇ ਧਮਕ ਸ਼ਿਕਾਗੋ ਤੇ" ਤੇ ਜਾਂ "ਜੇ ਕੁੜੀਏ ਤੂੰ ਲੁਧਿਆਣੇ ਦੀ ਮੁੰਡਾ Southhal ਦਾ" ਸੋ ਪੰਜਾਬੀਆਂ ਦੇ ਪਰਵਾਸ ਨੇ ਅੰਤਰਰਾਸ਼ਟਰੀ ਗਲੋਬਲ ਪੱਧਰ 'ਤੇ ਇਕ ਵਿਸ਼ੇਸ਼ ਪਹਿਚਾਣ ਬਣਾਈ ਹੈ।

ਸਮਕਾਲੀ ਵਿਸ਼ਵ ਭਾਈਚਾਰੇ ਦੀ ਗੱਲ ਕਰੀਏ ਤਾਂ ਭਾਸ਼ਾਈ ਸਭਿਆਚਾਰ ਵਜੋਂ ਇਕ ਅਨੁਮਾਨ ਅਨੁਸਾਰ ਪੰਜਾਬੀ 150 ਮੁਲਕਾਂ ਵਿਚ ਫੈਲੇ ਹੋਏ ਹਨ ਹਾਲਾਂਕਿ ਇਹਨਾਂ ਮੁਲਕਾਂ ਵਿਚ ਵੱਸਦੇ ਪੰਜਾਬੀਆਂ ਦੇ ਅੰਕੜਿਆਂ ਦੀ ਘਾਟ ਹੈ। ਵਿਕੀਪੀਡੀਆ ਦੇ ਇੰਦਰਾਜ

ਅਨੁਸਾਰ 25 ਮੁਲਕਾਂ ਵਿਚ ਵੱਸਦੇ ਪੰਜਾਬੀਆਂ ਬਾਰੇ ਅੰਕੜੇ ਪ੍ਰਾਪਤ ਹੁੰਦੇ ਹਨ ਅਤੇ ਦੁਨੀਆ ਦੀਆਂ ਭਾਸ਼ਾਵਾਂ ਵਿਚੋਂ ਦਸਵੀਂ ਸਭ ਤੋਂ ਬੋਲੀ ਜਾਣ ਵਾਲੀ ਭਾਸ਼ਾ ਹੈ। ਇਸ ਦੇ

ੇ ਤਿੰਨ ਪ੍ਰਮੁੱਖ ਖੇਤਰ ਹਨ। ਪਹਿਲਾਂ ਭਾਰਤੀ ਪੰਜਾਬੀ ਦੂਸਰਾ ਪਾਕਿਸਤਾਨੀ ਪੰਜਾਬੀ ਤੇ ਤੀਸਰਾ ਪਰਵਾਸੀ ਪੰਜਾਬੀ। ਪਰਵਾਸੀ ਪੰਜਾਬੀਆਂ ਨੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਦੀ ਸਿਰਜਣਾਤਮਕਤਾ ਨੂੰ ਆਧਾਰ ਦਿੱਤਾ, ਜੋ ਪਰਵਾਸ ਦੇ ਪੰਜਾਬੀ ਲੋਕਾਂ ਦੀ ਲੋਕਧਾਰਾ, ਸਾਹਿਤ, ਪਹਿਰਾਵਾ, ਸੁਭਾਅ, ਆਦਤਾਂ, ਰਹਿਣ-ਸਹਿਣ ਅਤੇ ਵਿਸ਼ੇਸ਼ ਕਦਰਾਂ ਕੀਮਤਾਂ ਅਤੇ ਪ੍ਰਤਿਮਾਨਾਂ ਵਿਚੋਂ ਵਿਲੱਖਣ ਸਰੂਪ ਗ੍ਰਹਿਣ ਕਰਦਾ ਹੋਇਆ ਪਰਵਾਸੀ ਸਾਹਿਤ ਵਜੋਂ ਅਖਵਾਇਆ।

ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਭਾਰਤੀ ਪੰਜਾਬੀ ਸਾਹਿਤ ਦੇ ਸਮਵਿਥ ਆਪਣੀ ਵੱਖਰੀ ਪਹਿਚਾਣ ਸਥਾਪਤ ਕਰਦਿਆਂ ਨਵੀਆਂ ਪੈੜਾਂ ਵੀ ਸਿਰਜ ਰਹੀ ਹੈ। ਜਿਸ ਦੀ ਅਕਾਦਮਿਕ ਪੱਧਰ ਤੇ ਮੇਰੇ ਮਾਨਯੋਗ ਗੁਰੂ ਡਾ. ਐਸ. ਪੀ. ਸਿੰਘ ਨੇ ਨਾ ਸਿਰਫ਼ ਪਛਾਣ ਬਣਾਈ ਬਲਕਿ ਇਸ ਦੇ ਨਿੰਦਕ ਅਤੇ ਨਕਾਰਾਤਮਕ ਮੁਹਾਵਰੇ ਦੇ ਬਿੰਬ ਨੂੰ ਤੋੜ ਕੇ ਯੂਨੀਵਰਸਿਟੀ ਪੱਧਰ ਤੇ ਅਧਿਐਨ, ਅਧਿਆਪਨ ਅਤੇ ਖੋਜ ਲਈ ਠੋਸ ਅਧਾਰ ਭੂਮੀ ਵੀ ਤਿਆਰ ਕੀਤੀ। ਵੱਖ-ਵੱਖ ਡਾਇਸਪੋਰਕ ਕੌਰਸ ਪਾਠਕ੍ਰਮਾਂ ਵਿਚ ਪਰਵਾਸੀ ਸਾਹਿਤ ਦਾ ਹੋਣਾ ਪਰਵਾਸੀ ਸਾਹਿਤ ਤੇ ਹੋ ਰਹੇ ਸੈਮੀਨਾਰ ਅਤੇ ਕਾਨਫ਼ਰੰਸਾਂ ਇਸ ਦਾ ਪ੍ਰਤੱਖ ਪ੍ਰਮਾਣ ਹਨ।

ਪਰਵਾਸ ਦੇ ਸੰਦਰਭ ਵਿਚ ਇਕ ਨੁਕਤਾ ਜਰੂਰ ਸਪੱਸ਼ਟ ਕਰਨਾ ਚਾਹਾਂਗੀ ਕਿ ਪਰਵਾਸ ਦਾ ਚਰਿੱਤਰ ਇਸ ਨੂੰ ਡਾਇਸਪੋਰਾ ਨਾਲ ਨਹੀਂ ਜੋੜਦਾ ਕਿਉਂਕਿ ਇਸ ਦਾ ਸੰਕਲਪਵਾਚੀ ਸ਼ਬਦ ਹੋਮਲੈਂਡ ਤੋਂ ਕੱਢੇ ਜਾਣ ਨਾਲ ਸਬੰਧਿਤ ਹੈ। ਭਾਵੇਂ ਵਰਤਮਾਨ ਸਮੇਂ ਡਾਇਸਪੋਰਾ ਮਿਸ਼੍ਰਿਤ ਧਾਰਨਾਵਾਂ ਨਾਲ ਸੰਕਲਪਵਾਚੀ ਸ਼ਬਦ ਹੋ ਨਿਬੜਿਆ ਹੈ। ਯਹੂਦੀਆਂ ਤੇ ਫਲਸਤੀਨੀਆਂ ਦਾ ਇਤਿਹਾਸਕ ਰਾਜਨੀਤਕ ਪਿਛੋਕੜ, ਰਾਜਨੀਤਕ ਜਲਾਵਤਨੀ ਦੇ ਚਰਿੱਤਰ ਨੂੰ ਪਰਵਾਸੀ ਪੰਜਾਬੀ ਬਿਲਕੁਲ ਅੰਗੀਕਾਰ ਨਹੀਂ ਕਰਦੇ ਬਲਕਿ ਇਹ ਇੱਛਾ, ਸਵੈ-ਇੱਛਾ, ਆਰਥਿਕ ਅਤੇ ਸਮਾਜਿਕ ਸਮ੍ਰਿਧੀ ਦੇ ਰਿਸ਼ਤੇ ਨਾਲ ਬੱਝਿਆ ਹੋਇਆ ਹੈ। ਇਸ ਦੇ ਸਰੋਕਾਰ, ਪ੍ਰਭਾਵ, ਤਨਾਓ, ਚੁਣੌਤੀਆਂ ਵੱਖਰੇ ਚਰਿੱਤਰ ਦੀਆਂ ਧਾਰਨੀ ਹਨ, ਜੋ ਇਸ ਨੂੰ ਪਰਵਾਸੀ ਸਾਹਿਤ ਦੇ ਘੇਰੇ ਵਿਚ ਲਿਆਉਂਦੀਆਂ ਹਨ। ਨਿਰਸੰਦੇਹ ਪੰਜਾਬੀ ਭਾਸ਼ਾ ਵਿਚ ਨਵੇਂ ਸ਼ਬਦ ਗ੍ਰਹਿਣ ਕਰਨ ਦੀ ਅਥਾਹ ਸਮਰੱਥਾ ਹੈ, ਪਰ ਇਸ ਸ਼ਬਦ ਦੀ ਅਣਸੋਧੀ ਅਤੇ ਅੰਨ੍ਹੇਵਾਹ ਵਰਤੋਂ ਅਸੰਕਲਪਿਕ ਹੋ ਜਾਵੇਗੀ। ਮੇਰੀ ਨਿਮਰਤਾ ਸਹਿਤ ਬੇਨਤੀ ਹੈ ਇਸ ਸਬੰਧੀ ਵਿਦਵਾਨਾਂ ਵਲੋਂ ਜ਼ਰੂਰ ਚਰਚਾ ਕੀਤੀ ਜਾਣੀ ਚਾਹੀਦੀ ਹੈ।

ਪੰਜਾਬੀਆਂ ਵਿਚ ਪਰਵਾਸ ਦਾ ਸਿਲਸਿਲਾ ਅੰਗ੍ਰੇਜ਼ੀ ਰਾਜ ਸਮੇਂ ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਦੌਰਾਨ ਸ਼ੁਰੂ ਹੋਇਆ। "ਇਸ ਪਰਵਾਸ ਦਾ ਸਬੰਧ ਬਰਤਾਨੀਆ ਦੇ ਬਸਤੀਵਾਦੀ ਪਰਿਪੇਖ ਨਾਲ ਜਾ ਜੁੜਦਾ ਹੈ।

ਪਰਵਾਸ ਦਾ ਪਹਿਲਾ ਪੜਾਅ ਮਜ਼ਦੂਰ ਅਤੇ ਕਾਮਾ ਸ਼੍ਰੇਣੀ ਦਾ ਹੈ ਜਿਸ ਦਾ ਪਿਛੋਕੜ 16ਵੀਂ ਸਦੀ ਨਾਲ ਜਾ ਜੁੜਦਾ ਹੈ ਪਰ ਮਜ਼ਬੂਰੀ ਤੋਂ ਰਹਿਤ ਖੁਸ਼ੀਨਾਮੇ ਤਹਿਤ ਹੋਇਆ ਪਰਵਾਸ ਦਾ ਸਮਾਂ ਉਨੀਵੀਂ ਸਦੀ ਦੇ ਅਖੀਰ ਜਾਂ ਵੀਹਵੀਂ ਸਦੀ ਦੇ ਆਰੰਭ ਵਿਚ ਬਣਦਾ ਹੈ, ਜਦੋਂ ਬਾਹਰਲੇ ਮੁਲਕਾਂ ਵਿਚ ਗੁਰਦੁਆਰਿਆਂ ਅਤੇ ਮਸਜਿਦਾਂ ਦੀ ਉਸਾਰੀ ਹੁੰਦੀ ਹੈ। ਜੋ ਇਸ ਗੱਲ ਦੀ ਗਵਾਹੀ ਹੈ ਕਿ ਇਸ ਸਮੇਂ ਏਸ਼ੀਅਨ ਲੋਕ ਵੱਡੀ ਪੱਧਰ ਤੇ ਪਰਵਾਸ ਕਰ ਚੁੱਕੇ ਸਨ। ਭਾਰਤੀਆਂ ਦਾ ਇਹ ਪਰਵਾਸ ਉੱਤਰੀ ਅਮਰੀਕਾ ਮਹਾਂਦੀਪ, ਅਸਟ੍ਰੇਲੀਆ ਮਹਾਂਦੀਪ ਅਤੇ ਅਫਰੀਕਾ ਦੇ ਮੁਲਕਾਂ ਵਿਚ ਹੋਇਆ। ਉੱਤਰੀ ਅਮਰੀਕਾ ਦੇ ਮੁਲਕਾਂ ਦੀ ਅਜ਼ਾਦੀ ਤੇ ਲੋਕਤੰਤਰ ਨੂੰ ਵੇਖ ਕੇ ਭਾਰਤੀ ਲੋਕਾਂ ਦੇ ਮਨ ਵਿਚ ਵੀ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਸੁਪਨਾ ਜਾਗਿਆ। ਜਿਥੋਂ ਗਦਰ ਲਹਿਰ ਦਾ ਸਾਹਿਤ ਤੇ ਇਤਿਹਾਸ ਆਪਣੇ ਮੁਲਕ ਨੂੰ ਅਜ਼ਾਦ ਕਰਾਉਣ ਦਾ ਨਵਾਂ ਜਜ਼ਬਾ ਬਣਿਆ।ਇਹੀ ਸਾਹਿਤ ਪਰਵਾਸੀ ਸਾਹਿਤ ਦੀ ਅਮੀਰ ਵਿਰਾਸਤ ਬਣਿਆ। ਸੱਤਰਵਿਆਂ ਵਿਚ ਭਾਰਤੀ ਲੋਕਾਂ ਦਾ ਰੁਖ ਉੱਤਰੀ ਅਮਰੀਕਾ ਵੱਲ ਹੋਇਆ। ਬਰਤਾਨੀਆ, ਅਮਰੀਕਾ, ਕੈਨੇਡਾ ਵਿਚ ਪ੍ਰਕਾਸ਼ਿਤ ਹੁੰਦੇ ਸਾਹਿਤ ਪਰਚਿਆਂ ਅਤੇ ਲੇਖਕ ਸਭਾਵਾਂ ਦੁਆਰਾ ਪੰਜਾਬੀ ਲੇਖਕ ਵੀ ਸਾਹਮਣੇ ਆਉਣ ਲੱਗੇ। ਆਪਣੀ ਸਵੈ-ਅਭਿਵਿਅਕਤੀ ਦੀ ਸਿਰਜਣਾ ਦੇ ਨਾਲ-ਨਾਲ ਪਰਵਾਸ ਦੇ ਸਰੋਕਾਰਾਂ ਦਾ ਅਭਾਸ ਕਰਵਾਇਆ। ਪੰਜਾਬੀ ਚੇਤਨਾ, ਪੰਜਾਬੀ ਸੰਵੇਦਨਾ ਅਤੇ ਪਰਵਾਸੀ ਚੇਤਨਾ ਦਾ ਸਿਧਾਂਤਕ ਸੰਕਲਪ ਸਿਰਜਿਆ ਜਾਣ ਲਗਾ। ਮੁੱਢਲੇ ਰੂਪ ਵਿਚ ਝੂਹੇਰਵਾ, ਭਾਸ਼ਾਈ ਸਮੱਸਿਆ, ਨਸਲੀ ਵਿਤਕਰਾ, ਸਭਿਆਚਾਰਕ ਤਨਾਓ, ਪਰਿਵਾਰਕ ਸਮੱਸਿਆਵਾਂ, ਵਤਨ ਦੀ ਤਾਂਘ ਤੇ ਉਦੇਰਵਾਂ ਆਦਿ 'ਤੇ ਅਧਾਰਿਤ ਸਰੋਕਾਰਾਂ ਨੂੰ ਧਿਆਨ ਵਿਚ ਰੱਖਦਿਆਂ ਪਰਵਾਸੀ ਸਾਹਿਤ ਹਰ ਵਿਧਾ ਕਵਿਤਾ, ਕਹਾਣੀ, ਨਾਵਲ, ਜੀਵਨੀ, ਸਫ਼ਰਨਾਮਾ ਆਦਿ ਵਿਚ ਸਿਰਜਿਆ ਜਾਣ ਲੱਗਿਆ।

ਪਰਵਾਸੀ ਪੰਜਾਬੀ ਸਾਹਿਤ ਵਿਕਸਤ ਮੁਲਕਾਂ ਦੀ ਆਰਥਿਕ ਅਤੇ ਸਮਾਜਿਕ ਸੰਪੰਨ ਤੇਜ ਗਤੀ ਅਤੇ ਸਭਿਆਚਾਰਕ ਪ੍ਰਸੰਗ ਵਿਚੋਂ ਹੀ ਆਪਣੀ ਮਾਨਵੀ ਹੋਂਦ ਅਤੇ ਪਛਾਣ ਨੂੰ ਨਵੇਂ ਸਿਰਿਓ ਪਰਿਭਾਸ਼ਤ ਕਰਨ ਵੱਲ ਰੁਚਿਤ ਹੈ।

ਪਛਾਣ ਕੀ ਹੈ? ਪਛਾਣ ਸਾਡੇ ਕਰਮ ਨਾਲ, ਵਿਵਹਾਰ ਨਾਲ, ਪ੍ਰਾਪਤੀਆਂ ਨਾਲ, ਕੰਮ ਨਾਲ, ਪਹਿਰਾਵੇ ਨਾਲ ਜਾਂ ਭਾਸ਼ਾ ਨਾਲ ਪਰਵਾਸੀ ਪੰਜਾਬੀ ਦੀ ਪਛਾਣ ਕਿ ਉਹ ਕੀ

ਹਨ? ਕਿੱਥੋਂ ਆਏ? ਇਹਨਾਂ ਦੀ ਪਰੰਪਰਾ ਕੀ ਹੈ? ਇਲਾਕਾ ਕਿਹੜਾ ਹੈ? ਪਰਿਵਾਰ ਕਿਹੜਾ? ਜੇਕਰ ਪੰਜਾਬੀ ਸਿੱਖ ਦੀ ਗੱਲ ਕਰਾਂ ਤਾਂ ਸਿੱਖ ਦੁਨੀਆ Visible ਦੀਆਂ ਡ਼ਿਸਿਬਲਏ ਕੌਮ ਹੈ, ਸਿੱਖ ਸਰਦਾਰ ਆਪਣੀ ਵੱਖਰੀ ਪਛਾਣ ਕਰਕੇ ਹੀ ਜਾਣਿਆ ਜਾਂਦਾ, ਸਾਡੇ ਕੋਲ ਮਾਨਯੋਗ ਮੰਤਰੀ ਸ. ਨਵਜੋਤ ਸਿੱਧੂ ਬੈਠੇ ਹਨ, ਮੀਡੀਆ ਵਿਚ ਜਾਂ ਬਾਲੀਵੁੱਡ ਵਿਚ ਏਨਾਂ ਨੇ ਸਿੱਖ ਸਰਦਾਰ ਵਜੋਂ ਆਪਣੀ ਵੱਖਰੀ ਪਛਾਣ ਸਥਾਪਤ ਕੀਤੀ। ਉਹ ਪਛਾਣ ਪੰਜਾਬੀਅਤ ਦੀ ਹੈ, ਜੋ ਸਾਰੇ ਵਿਸ਼ਵ ਵਿਚ ਹੈ। ਤਿੰਨ ਸਾਲ ਪਹਿਲਾਂ ਮੈਂ ਕੈਨੇਡਾ ਗਈ। ਵੈਨਕੂਵਰ ਦੇ ਏਅਰਪੋਰਟ ਤੇ ਉਤਰਦਿਆਂ ਗੁਰਮੁਖੀ ਲਿਪੀ ਵਿਚ 'ਜੀ ਆਇਆਂ' ਨੇ ਸੁਆਗਤ ਕੀਤਾ, ਉੱਥੇ ਵਿਚਰਦਿਆਂ ਪੰਜਾਬੀ ਸਟੋਰਾਂ ਤੇ ਕੰਮ ਕਰਦੇ ਪੰਜਾਬੀ ਲੋਕ ਅਤੇ ਪੰਜਾਬੀ ਬੋਲੀ ਬੋਲਦੇ ਲੋਕ ਅਕਸਰ ਮਿਲ ਜਾਂਦੇ, ਓਪਰੇ ਮੁਲਕ ਵਿਚ ਪਛਾਣ ਦਾ ਅਹਿਸਾਸ ਜਾਗਦਾ। ਉਸ ਪਛਾਣ ਨੂੰ ਅੱਜ ਅਸੀਂ ਦੁਨੀਆਂ ਦੇ ਦੇਸ਼ਾਂ ਵਿਚ ਵੰਡ ਲਿਆ ਹੈ, ਦੇਸ਼ ਸੂਬਿਆਂ ਵਿਚ, ਸੂਬੇ ਜ਼ਿਲਿਆਂ ਵਿਚ, ਜ਼ਿਲ੍ਹੇ ਇਲਾਕਿਆਂ ਵਿਚ, ਇਲਾਕੇ ਸ਼ਹਿਰਾਂ ਵਿਚ ਅਤੇ ਸ਼ਹਿਰ ਪਿੰਡਾਂ ਵਿਚ, ਪਿੰਡ ਜਾਤਾਂ, ਬਰਾਦਰੀਆਂ ਅਤੇ ਗੋਤਾਂ ਵਿਚ, ਇਹਨਾਂ ਵਿਚ ਲੁਕਿਆ ਬੰਦਾ ਆਪਣੇ ਅਹਿਸਾਸਾਂ, ਯਾਦਾਂ, ਸਿਮ੍ਰਤੀਆਂ, ਵਿਚਾਰਾਂ ਅਤੇ ਸਭਿਆਚਾਰਕ ਯਾਦਾਂ ਵਿਚੋਂ ਪਛਾਣ ਨੂੰ ਭਾਲਦਾ ਤੇ ਲੱਭਦਾ ਹੈ।

ਏਥੇ ਪਛਾਣ ਬਹੁਅਰਥਾਂ ਦੀ ਧਾਰਨੀ ਹੈ। ਆਪਣੇ ਮੂਲਵਾਸ ਜਨਮ ਭੋਇੰ ਨਾਲ ਆਪਣੀ ਮਾਤਭਾਸ਼ਾ ਅਤੇ ਸਭਿਆਚਾਰ ਨਾਲ ਪਰਨਾਏ ਹੋਣ ਦੀ ਪਛਾਣ ਅਤੇ ਅਗਲੇਰੇ ਪੱਧਰ 'ਤੇ ਪਰਵਾਸ ਵਿਚ ਆਪਣੇ ਭਾਈਚਾਰੇ ਵਿਚ ਪਛਾਣ 'ਤੇ ਜਾਂ ਫੇਰ ਪਰਵਾਸ ਵਿਚ ਰਹਿੰਦਿਆਂ ਓਪਰੇ ਲੋਕਾਂ ਵਿਚਲੀ ਪਛਾਣ। ਇਥੇ ਪਛਾਣ ਸਾਂਝ ਦੀ ਵੀ ਹੈ ਤੇ ਟਕਰਾਓ ਦੀ ਵੀ। ਹਮਵਤਨੀ ਭਾਈਚਾਰਾ ਪਰਵਾਸ ਦੌਰਾਨ ਜਿਥੇ ਨਿੱਘ ਤੇ ਸਾਂਝ ਦਿੰਦਾ, ਉਥੇ ਪਰਵਾਸ ਹੰਢਾਉਂਦਿਆਂ ਦੂਸਰੇ ਲੋਕਾਂ ਨਾਲ ਪਛਾਣ ਦੇ ਟਕਰਾਓ ਨੂੰ ਭੋਗਦਾ, ਇਹ ਟਕਰਾਓ ਅਤੇ ਤਨਾਓ 'ਘਰ ਦੀ ਪਛਾਣ' ਦੇ ਸੰਕਲਪ ਨਾਲ ਜਾ ਜੁੜਦਾ। ਘਰ ਇਕ ਬਹੁਅਰਥੀ ਮੈਟਾਫਰ ਹੈ, ਜਿਸ ਦਾ ਪਰਵਾਸੀ ਸਾਹਿਤ ਵਿਚ ਮਾਨਵੀ ਹੋਂਦ ਦੇ ਗਵਾਚ ਜਾਣ ਨਾਲ ਤੇ ਮਨੁੱਖ ਦੇ ਅੰਦਰਲੇ 'ਘਰ' ਵਿਚ ਰਹਿੰਦਿਆਂ ਮਾਨਵੀ ਮੁੱਲਾਂ ਤੋਂ ਸੱਖਣੇ ਆਪਣੇ ਰਿਸ਼ਤਿਆਂ ਨੂੰ ਬਿਆਨਣ ਤੋਂ ਹੈ, ਸਭਿਆਚਾਰਕ ਤੌਰ ਤੇ ਬੇਪਛਾਣ ਪਰਵਾਸੀ ਦੀ ਪਛਾਣ ਸਾਹਿਤ ਵਿਚ ਬਹੁਤ ਹੀ ਮਾਰਮਿਕ ਅਤੇ ਦਿਲ ਟੁੰਬਵੇਂ ਰੂਪ ਵਿਚ ਪੇਸ਼ ਹੁੰਦੀ ਹੈ। ਸ਼ਿਵਚਰਨ ਗਿੱਲ ਦੀਆਂ ਇਹ ਸਤਰਾਂ:

ਦੇਸ਼ ਬਿਗਾਨੇ ਆਪਣਾ ਘਰ ਹੈ

ਸਭ ਕੁਝ ਆਪਣਾ
ਦੇਸ਼ ਆਪਣੇ ਘਰ ਨਹੀਂ ਆਪਣਾ
ਕੁਝ ਨਹੀਂ ਆਪਣਾ।

ਇਹੀ ਸੰਵੇਦਨਾ ਪਰਵਾਸੀ ਸਾਹਿਤ ਦਾ ਮੂਲ ਤੱਤ ਹੈ। ਜਿਥੇ ਮਿੱਟੀ ਦਾ ਮੋਹ, ਆਪਣੀ ਧਰਤੀ ਆਪਣੀ ਜਨਮ ਭੋਇੰ ਦਾ ਹੇਰਵਾ, ਰਿਸ਼ਤਿਆਂ ਤੇ ਮੁੱਲਾਂ ਦੇ ਗੁਆਚੇ ਹੋਣ ਦੀ ਪੀੜ੍ਹ, ਘਰ ਮਿੱਟੀ ਨੂੰ ਛੱਡਣ ਦਾ ਮੋਹ ਤੇ ਫੇਰ ਉਸ ਦੀ ਜਸਟੀਫਿਕੇਸ਼ਨ। ਦਰਅਸਲ ਮੂਲਵਾਸ ਪਰਵਾਸੀ ਚੇਤਨਾ ਵਿਚਲੀ ਅਜੇਹੀ ਥਾਂ ਹੈ, ਜਿਥੇ ਭਾਵੇਂ ਭੌਤਿਕ ਰੂਪ ਵਿਚ ਜਾਇਆ ਨਹੀਂ ਜਾ ਸਕਦਾ ਪਰ ਮਾਨਸਿਕ ਯਾਦਾਂ ਦੀ ਚਿੰਤਨ ਕ੍ਰਿਆਸ਼ੀਲ ਰਹਿੰਦਾ। ਵੱਖ ਵੱਖ ਦੇਸ਼ਾਂ ਵਿਚ ਰਹਿ ਰਹੇ ਪਰਵਾਸੀਆਂ ਦਾ ਵਰਤਮਾਨ ਵੀ ਵੱਖ-ਵੱਖ ਸਰੋਕਾਰਾਂ ਵਿਸੰਗਤੀਆਂ ਮਸਲਿਆਂ ਦੇ ਆਪਸੀ ਦਵੰਦ 'ਤੇ ਖੜ੍ਹਾ ਹੈ ਅਤੇ ਇਹਨਾਂ ਦੀਆਂ ਮੂਲਵਾਸ ਦੀਆਂ ਯਾਦਾਂ ਵੀ ਵੱਖੋ-ਵਖਰੀਆਂ ਹਨ। ਪਰ ਜਿਹੜਾ ਮੂਲ ਤੱਤ ਇਹਨਾਂ ਵਿਚਲਾ ਹੈ, ਉਹ ਹੈ ਪਰਿਸਥਿਤੀਆਂ ਦੇ ਹੰਢਾਉਣ ਦੇ ਸੰਤਾਪ ਦਾ, ਨਸਲੀ ਵਿਵਹਾਰ ਦਾ ਅਤੇ ਸਵੈ-ਅਨੁਭਵ ਦੇ ਪ੍ਰਗਟਾਵੇ ਦਾ। ਜਿਥੇ ਇਹ ਆਪਣੇ ਅਨੁਭਵ ਦੀ ਅਭਿਵਿਅਕਤੀ ਰਾਹੀਂ ਆਪਣੀ ਜੰਮਣ ਭੋਇੰ ਨਾਲ ਜਾ ਜੁੜਦੇ ਹਨ, ਉਥੇ ਆਪਣੇ ਆਪ ਨੂੰ ਵਰਤਮਾਨ ਦੇ ਸੰਦਰਭ ਵਿਚ ਪਛਾਣ ਜਾਂ ਸਥਾਪਤੀ ਪ੍ਰਤੀ ਚੇਤੰਨ ਵੀ ਹੋ ਰਹੇ ਹਨ।

"ਇਕ ਪਾਸੇ ਤਾਂ ਜੀ ਕਰਦਾ ਹੈ ਮੁੜ ਜਾਵਾਂ
ਐਥੇ ਮੇਰਾ ਕੁਝ ਨਾ ਨਿਸ਼ਚਿਤ, ਨਾ ਪੱਕਾ ਸਿਰਨਾਵਾਂ
ਇਹ ਧਰਤੀ ਖ਼ਬਰੇ ਕਦ ਮੇਰੀ ਬਨਣੀ
ਬਨਣੀ ਕਿ ਨਾ ਬਣਨੀ।"
ਦੋ ਚਿੱਤੀ ਵਿਚ ਘਰ ਦੀਆਂ ਨੀਹਾਂ
ਸਦਾ ਕੱਚੀਆਂ
ਦੋ ਚਿੱਤੀ ਵਿਚ ਰੁੱਖ ਨਾ ਲਾਉਂਦੇ ਜੜ੍ਹਾਂ ਪੱਕੀਆਂ
(ਅਜਮੇਰ ਰੋਡੇ)

ਆਪਣੇ ਮੂਲਵਾਸ ਤੋਂ ਪਰਾਈ ਥਾਂ 'ਤੇ ਰਹਿ ਰਹੇ ਮਨੁੱਖ ਦੇ ਅੰਤਰੀਵ ਵਿਚ ਆਪਣੀ ਸਥਾਨਿਕਤਾ ਗਹਿਰੇ ਰੂਪ ਵਿਚ ਜੁੜੀ ਹੁੰਦੀ ਹੈ। ਉਸ ਦੀ ਪਰਵਰਿਸ਼, ਪਰਿਵੇਸ਼, ਮਾਹੌਲ, ਚੌਗਿਰਦਾ ਬਿਲਕੁਲ ਅਲੱਗ ਹੁੰਦਾ ਹੈ। ਵਿਦੇਸ਼ ਪਹੁੰਚ ਕੇ ਉਹ ਸਾਰੀਆਂ ਸੁਰੱਖਿਅਤਾਵਾਂ, ਜੋ ਵਾਸੀ ਬੰਦੇ ਨੂੰ ਆਪਣੇ ਚੌਗਿਰਦੇ ਜਾਂ ਘਰ ਪਰਿਵਾਰ ਵਿਚੋਂ ਕੁਦਰਤੀ ਮਿਲ ਜਾਂਦੀਆਂ ਉਸ ਸਭ ਦੀ ਪਰਵਾਸੀ ਜੀਵਨ ਸ਼ੈਲੀ ਵਿਚ ਅਣਹੋਂਦ ਬਣੀ ਰਹਿੰਦੀ ਹੈ। ਜਿਸ ਕਰਕੇ ਪਰਿਵਾਰਾਂ ਵਿਚ ਅਸਤਿਤਵਕ ਰਿਸ਼ਤਿਆਂ ਦੀ ਟੁੱਟ ਭੱਜ, ਦੰਪਤੀ ਜੀਵਨ ਦਾ ਅਸੰਤੁਲਨ, ਦੋਹਰੇ ਰਿਸ਼ਤਿਆਂ ਦਾ ਤਨਾਓ, ਪਤੀ ਪਤਨੀ ਦੇ ਅਣਸੁਖਾਵੇਂ ਵਿਆਹ,

ਪੂੰਜੀਵਾਦੀ ਨਿਜ਼ਾਮ ਅਤੇ ਪੱਛਮੀ ਸਭਿਆਚਾਰ ਵਿਚ ਖੁਰ ਰਹੇ ਰਿਸ਼ਤਿਆਂ ਦੀ ਪਹਿਚਾਣ, ਅਮਾਨਵੀਂ ਵਿਹਾਰ, ਜਿਸ ਦੇ ਭਰਪੂਰ ਵੇਰ੍ਹਵੇ ਪਰਵਾਸੀ ਪੰਜਾਬੀ ਕਵਿਤਾ ਕਹਾਣੀ ਅਤੇ ਨਾਵਲਾਂ ਵਿਚ ਡੂੰਘੀ ਵੇਦਨਾ ਸਹਿਤ ਮਿਲ ਜਾਂਦੇ, ਅਮਨਪਾਲ ਸਾਰਾ "ਸਰਦ ਰਿਸ਼ਤੇ" ਦਰਸ਼ਨ ਧੀਰ ਦਾ ਨਾਵਲ "ਪੈੜਾਂ ਦੇ ਆਰ ਪਾਰ" ਗ.ਸ ਨਕਸ਼ਦੀਪ ਪੰਜਕੋਹਾਂ ਦਾ "ਗਿਰਵੀ ਹੋਏ ਮਨ", ਪਾਰ ਬਣਾਏ ਆਹਲਣੇ, ਹਰਜੀਤ ਅਟਵਾਲ "ਵਨ ਵੇਅ" ਜਰਨੈਲ ਸੇਖਾਂ "ਦੁਨੀਆਂ ਕੈਸੀ ਹੋਈ" ਸਾਧੂ "ਰਿਸ਼ਤੇ ਦਰਿਆਵੇਂ ਦੇ" ਜਗਤਾਰ ਢਾਅ "ਗੁਆਚੇ ਘਰ ਦੀ ਤਲਾਸ਼" ਆਦਿ ਅਜੇਹੀਆਂ ਲਿਖਤਾਂ ਹਨ, ਜਿਨ੍ਹਾਂ ਵਿਚ ਪਰਵਾਸੀ ਚੌਗਿਰਦੇ ਵਿਚਲੀ ਅੰਤਰ ਸਭਿਆਚਾਰਕ ਸੰਵੇਦਨਾ ਉਤੇ ਫੋਕਸੀਕਰਨ ਹੈ। ਪਰ ਇਸ ਨੂੰ ਇਹਨਾਂ ਆਪਣੀ ਮੂਲਵਾਸ ਦੀ ਦ੍ਰਿਸ਼ਟੀ ਤੋਂ ਹੀ ਸਿਰਜਿਆ ਹੈ।

ਪਰਵਾਸੀ ਜੀਵਨ/ਜਾਚ ਨੇ ਘਰ/ਪਰਿਵਾਰ, ਸਾਕਾਦਾਰੀ ਪ੍ਰਬੰਧ ਅਤੇ ਰਿਸ਼ਤਿਆਂ ਦੀ ਵਿਆਕਰਣ ਨੂੰ ਜਿਸ ਪ੍ਰਕਾਰ ਵਿਰੂਪਤ ਤੇ ਕੋਝਾ ਕੀਤਾ ਹੈ।ਇਹ ਵੀ ਇਕ ਵੱਡੀ ਅੰਤਰ ਦ੍ਰਿਸ਼ਟੀ ਹੈ ਜੋ ਪਰਵਾਸੀ ਪੰਜਾਬੀ ਸਾਹਿਤ ਦਾ ਵੱਡਾ ਹਾਸਿਲ ਹੈ। ਪੱਛਮੀ ਸਭਿਆਚਾਰ ਦੀ ਵਿਵਸਥਾ ਵਿਚ ਸਵੈ-ਲੋੜ ਨੂੰ ਮੁਖਾਤਿਬ ਹੋ ਧੀ ਪੁੱਤ, ਮਾਪਿਆਂ ਨੂੰ ਸਪੌਂਸਰ ਤਾਂ ਕਰਦੇ ਹਨ ਪਰੰਤੂ ਉਹਨਾਂ ਦਾ ਜੀਵਨ ਸੁਖਮਈ ਬਨਾਉਣ ਦੀ ਥਾਂ ਆਪਣੇ ਨਿੱਜੀ ਹਿੱਤਾਂ ਅਧੀਨ ਉਹਨਾਂ ਦਾ ਸੋਸ਼ਣ ਕਰਦੇ ਹਨ। ਪੰਜਾਬੀ ਸਮਾਜ ਵਿਚ ਬਜ਼ੁਰਗਾਂ ਦੀ ਇੱਜ਼ਤ ਅਤੇ ਸਰਦਾਰੀ ਪਰਵਾਸ ਵਿਚ ਮੂਲੋਂ ਹੀ ਅਣਗੌਲੀ ਹੋਣ ਕਰਕੇ ਵੱਡੇ ਮਨੋਵਿਸ਼ਾਦ ਦਾ ਕਾਰਨ ਬਣਦੀ ਹੈ।

ਦੂਸਰਾ ਇਹ ਬਜ਼ੁਰਗ ਆਪਣੀ ਵਿਸ਼ੇਸ਼ ਪਰੰਪਰਿਕ ਸੋਚ ਅਤੇ ਕਦਰਾਂ-ਕੀਮਤਾਂ ਦੇ ਸਨਮੁਖ ਆਪਣੇ ਪੁੱਤਰਾਂ-ਧੀਆਂ-ਨੂੰਹ ਪੋਤਰ-ਦੋਹਤਰਿਆਂ ਨਾਲ ਨਾ ਮੁੱਕਣ ਵਾਲੇ ਕਲੇਸ਼ ਅਤੇ ਮਨੋ ਸੰਤਾਪ ਨਾਲ ਜੂਝਦੇ ਹਨ। ਤੀਸਰੀ ਬੱਚਿਆਂ ਦੀ ਨਵੇਂ ਪਰਿਵੇਸ਼ ਨਵੇਂ ਸਭਿਆਚਾਰ ਅਤੇ ਨਵੇਂ ਭਾਸ਼ਾਈ ਮਾਹੌਲ ਨੇ ਉਹਨਾਂ ਵਿਚ ਕਈ ਪ੍ਰਕਾਰ ਦੀਆਂ ਮਨੋ ਉਲਝਣਾ, ਬੇਗਾਨਗੀਆਂ ਅਤੇ ਪਰਿਵਾਰਕ ਸਮੱਸਿਆਵਾਂ ਉਤਪੰਨ ਕਰ ਦਿੱਤੀਆਂ-ਜਿਨ੍ਹਾਂ ਕਰਕੇ ਇਕ ਵੱਖਰੀ ਕਿਸਮ ਦੇ ਤਨਾਓ ਨੂੰ ਜਨਮ ਦਿੱਤਾ। ਹਰ ਪੀੜ੍ਹੀ ਦਾ ਆਪਣਾ ਤਰਕ, ਆਪਣੇ ਜੀਵਨ ਪ੍ਰਬੰਧ, ਆਪਣੇ ਕੀਮਤ ਪ੍ਰਬੰਧ ਅਤੇ ਆਪੋ ਆਪਣਾ ਨਜ਼ਰੀਆ ਹੈ। ਨਿਰਸੰਦੇਹ ਵਿਚਕਾਰਲੀ ਪੀੜ੍ਹੀ ਸਮਤੋਲ ਬਨਾਉਣ ਦੀ ਕੋਸ਼ਿਸ਼ ਵਿਚ ਹੈ। ਪਰ ਇਸ ਵਿਚੋਂ ਉਤਪੰਨ ਹੋ ਰਹੇ ਸਰੋਕਾਰ ਪੂਰਬੀ ਅਤੇ ਪੱਛਮੀ ਸਭਿਆਚਾਰਾਂ ਦਾ ਆਪਸੀ ਦਵੰਦ, ਪੰਜਾਬੀ ਭਾਈਚਾਰੇ ਦਾ ਆਪਸੀ ਤਣਾਓ, ਤੀਹਰੇ ਪੀੜ੍ਹੀ ਪਾੜ੍ਹੇ ਦਾ ਨਵੀਨ ਸੰਕਟ, ਰਿਸ਼ਤਿਆਂ ਵਿਚ ਬੇਗਾਨਗੀ, ਅਲਗਾਓ, ਮਨੋ-ਉਲਝਣਾ, ਚਿੰਤਾਜਨਕ ਅਤੇ ਚੁਣੌਤੀ ਭਰਪੂਰ ਹਨ। ਅਜਿਹਾ ਅਮਰਜੀਤ ਚਾਹਲ, ਸਾਧੂ ਬਿਨਿੰਗ, ਅਮਨਪਾਲ ਸਾਰਾ, ਜਰਨੈਲ ਸਿੰਘ, ਰਵਿੰਦਰ ਰਵੀ, ਕੈਲਾਸ਼ਪੁਰੀ, ਬਲਬੀਰ ਕੌਰ ਸੰਘੇੜਾ, ਸ਼ਸ਼ੀ ਸਮੁੰਦਰਾ, ਦਰਸ਼ਨ ਧੀਰ, ਸ਼ਿਵਚਰਨ ਗਿੱਲ

ਆਦਿ ਲੇਖਕਾਂ ਦੀਆਂ ਲਿਖਤਾਂ ਵਿਚੋਂ ਵੇਖਿਆ ਜਾ ਸਕਦਾ ਹੈ। ਕੁਝ ਲਿਖਤਾਂ ਨਵੀਂ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦੇ ਸਭਿਆਚਾਰਕ ਪਾੜ੍ਹੇ ਵਿਚੋਂ ਉਤਪੰਨ ਅੰਤਰ ਦਵੰਦ ਅਤੇ ਵਿਸ਼ਾਦ ਨੂੰ ਚਿਤਰਦੀਆਂ ਹਨ ਅਤੇ ਕੁਝ ਦੋਹਾਂ ਸਭਿਆਚਾਰਾਂ ਦੇ ਸੰਸਲੇਸ਼ਣ ਵਿਚੋਂ ਪੈਦਾ ਹੋਈ ਨਵੀਂ ਪੀੜ੍ਹੀ ਦਾ ਭਵਿੱਖ ਚਿਤਵਦੇ ਅਤੇ ਚਿਤਰਦੇ ਹਨ। ਸਥਿਤੀਆਂ ਪਰਿਸਥਿਤੀਆਂ ਵਿਚ ਪੈਦਾ ਹੋਏ ਮਸਲੇ ਨਫ਼ਰਤ ਭਰਪੂਰ ਅਤਿਅੰਤ ਖੌਫਨਾਕ ਅਤੇ ਭਵਿੱਖ ਲਈ ਚਣੌਤੀ ਭਰਪੂਰ ਹਨ। ਜੋ, ਸਮੁੱਚੇ ਪਰਵਾਸੀ ਪੰਜਾਬੀ ਸਾਹਿਤ ਵਿਚ ਨਵੀਆਂ ਵੰਗਾਰਾਂ ਪੈਦਾ ਕਰ ਰਹੇ ਹਨ।

ਪਰਵਾਸੀ ਸਾਹਿਤ ਲੇਖਕਾਂ ਵਿਚੋਂ ਪਰਵਾਸੀ ਪੰਜਾਬੀ ਨਾਰੀ ਦੀ ਹੋਂਦ ਅਤੇ ਹੋਣੀ ਨਾਲ ਸਬੰਧਤ ਸਰੋਕਾਰਾਂ, ਸਮੱਸਿਆਵਾਂ, ਮਸਲਿਆਂ ਅਤੇ ਅਸਤਿਤਵੀ ਪਸਾਰਾਂ ਨੂੰ ਨਵੀਂ ਤਰਕ ਅਤੇ ਨਵੀਆਂ ਅੰਤਰ ਦ੍ਰਿਸ਼ਟੀਆਂ ਰਾਹੀਂ ਪ੍ਰਤੱਖ ਕੀਤਾ ਜਾ ਰਿਹਾ ਹੈ। ਨਾਰੀ ਦਾ ਪਰਵਾਸ ਵਿਦੇਸ਼ਾਂ ਵਿਚ ਮਨ ਇੱਛਤ, ਪਰ ਇੱਛਤ ਜਾਂ ਦਬਾਵੀਂ ਪ੍ਰਸਥਿਤੀਆਂ ਅਧੀਨ ਹੈ। ਇਹ ਨਾਰੀ ਪਤਨੀਆਂ, ਭੈਣਾਂ ਅਤੇ ਮਾਂਵਾਂ ਦੇ ਰਿਸ਼ਤਿਆਂ ਵਜੋਂ ਆਈਆਂ । ਨਾਰੀ ਦਾ ਬਿੰਬ ਰਵਾਇਤੀ ਕਦਰਾਂ-ਕੀਮਤਾਂ ਨਾਲ ਪਰਨਾਏ ਹੋਣ ਕਰਕੇ ਸਤਿਕਾਰਤ ਹੈ ਪਰ ਪੱਛਮੀ ਪ੍ਰਭਾਵੀ ਕੀਮਤਾਂ ਅਧੀਨ ਨਿੰਦਣਯੋਗ ਹੈ।

ਪਰਵਾਸੀ ਜੀਵਨ ਵਿਚ ਸਮਾਜਿਕ ਕਾਨੂੰਨੀ ਸੁਰੱਖਿਆ ਅਧੀਨ ਪਹੁੰਚੀ ਨਾਰੀ ਦਾ ਪਹਿਲਾ ਪਰਵਾਸ ਸਮਾਜ ਦੀਆਂ ਪਰੰਪਰਿਕ ਬਣਤਰਾਂ ਵਾਲਾ ਬੰਧੇਜ ਵਾਲਾ, ਰਿਸ਼ਤੇਦਾਰਾਂ ਸਨੇਹੀਆਂ ਤੋਂ ਦੂਰ, ਘਰ ਵਿਚ ਹੀ ਕੈਦ ਅਤੇ ਪਰ-ਨਿਰਭਰਤਾ ਤੋਂ ਉਪਜੀ ਬੇਬਸੀ ਅਤੇ ਲਾਚਾਰੀ ਦਾ ਹੈ। ਜਿਥੇ ਨਾਰੀ ਟੁੱਟ ਰਹੀ ਹੈ, ਆਪਣੇ ਆਪ ਵਿਚ, ਆਪਣੇ ਪਤੀ ਤੋਂ, ਔਲਾਦ ਤੋਂ, ਪਿੱਛੇ ਰਹਿ ਗਏ ਰਿਸ਼ਤਿਆਂ ਤੋਂ, ਆਪਣੇ ਸੁਪਨਿਆਂ ਤੋਂ, ਸੁਪਨਿਆਂ ਦੇ ਯਥਾਰਥ ਤੋਂ। ਏਨੀ ਖੰਡ- ਖੰਡ ਹੋਣ ਦੇ ਬਾਵਜੂਦ ਵੀ ਉਹ ਸਾਰਾ ਕੁਝ ਆਪਣੇ ਮੋਢਿਆਂ ’ਤੇ ਢੋਣ ਲਈ ਮਜ਼ਬੂਰ ਹੈ।

ਮਰਦ ਹਉਂ ਦਾ ਸ਼ਿਕਾਰ ਪਰਦੇਸਾਂ ਵਿਚ ਆਪਣੇ ਹੀ ਘਰ ਰਹਿ ਰਹੀ ਨਾਰੀ ਦਾ ਸਰੀਰਕ ਅਤੇ ਮਾਨਸਿਕ ਤੌਰ ਤੇ ਸੋਸ਼ਣ ਹੋ ਰਿਹਾ ਹੈ। ਪਰਵਾਸੀ ਨਾਰੀ ਦਾ ਇਹ ਪੜਾਅ ਦੱਸਦਾ ਹੈ ਕਿ ਨਾਰੀ ਸੋਸ਼ਣ ਨੂੰ ਭਾਰਤ ਤੋਂ ਬਾਹਰ,, ਕਿਸ ਤਰ੍ਹਾਂ ਨਵਾਂ ਸਥਾਨ ਅਤੇ ਨਵੀਂ ਤਰਤੀਬ ਦਿਤੀ ਗਈ ਹੈ। ਅਜੇਹੇ ਪ੍ਰਸੰਗ ਦਰਸ਼ਨ ਧੀਰ (ਪੈੜਾਂ ਦਾ ਆਰ ਪਾਰ) (ਸੰਘਰਸ਼) ਸ਼ਵਰਨ ਚੰਦਰ (ਕੰਜਕਾਂ) ਹਰਜੀਤ ਅਟਵਾਲ (ਵਨਵੇ) ਰਘਬੀਰ ਢੰਡ ਦੀਆਂ ਕਹਾਣੀਆਂ (ਤੀਜੀ ਅੱਖ, ਉਸ ਪਾਰ), ਤਰਸੇਮ ਨੀਲਗੀਰੀ ਦਾ ਨਾਵਲਿਟ (ਗਲੋਰੀਆ), ਅਮਨਪਾਲ ਸਾਰਾ (ਕਿੱਲੇ ਬਝੀ ਗਾਂ) ਆਦਿ ਪ੍ਰਮੁੱਖ ਹਨ। ਜਿਥੇ ਔਰਤ ਪ੍ਰਸ਼ਨ ਚਿੰਨ੍ਹ ਬਣ ਕੇ ਪ੍ਰਤੱਖ ਹੁੰਦੀ ਹੈ। ਔਰਤ ਮਰਦ ਤੇ ਹੀ ਨਿਰਭਰ ਰਹੇਗੀ ਕਿ ਉਸ ਦੀ ਹੋਂਦਮੂਲਕ ਪ੍ਰਮਾਣਿਕ ਹਸਤੀ

ਹੋਵੇਗੀ ਅਜੇਹੇ ਪ੍ਰਸੰਗ ਦੱਸਦੇ ਹਨ ਕਿ ਖ਼ਪਤ ਸਭਿਆਚਾਰ ਵਿਚ ਮਾਨਵੀ ਰਿਸ਼ਤੇ ਕਿਵੇਂ ਮਕਾਨਕੀ ਰਿਸ਼ਤਿਆਂ ਵਿਚ ਪਰਿਵਰਤਿਤ ਹੋ ਰਹੇ ਹਨ ਅਤੇ ਪੂੰਜੀ ਹੀ ਰਿਸ਼ਤਿਆਂ ਨੂੰ ਨਿਰਦੇਸ਼ਿਤ ਕਰ ਰਹੀ ਹੈ।

ਨਾਰੀ ਚਿੰਤਨ ਦੀ ਦੂਸਰੀ ਅੰਤਰ ਦ੍ਰਿਸ਼ਟੀ ਬਿਲਕੁਲ ਵੱਖਰੀ ਹੈ ਜਦੋਂ ਪਰਵਾਸੀ ਔਰਤ ਆਰਥਿਕ ਤੌਰ ਤੇ ਨਿਰਭਰ ਹੁੰਦੀ ਹੈ, ਖੁਦ ਸਾਹਸ ਕਰਦੀ ਹੈ, ਪਰਵਾਸੀ ਮੁਲਕਾਂ ਦੇ ਕਾਨੂੰਨ ਅਤੇ ਸਮਾਜਿਕ ਸੁਰੱਖਿਆ ਦੇ ਸਿਸਟਮ ਨੂੰ ਵਰਤਦੀ ਹੋਈ ਆਪਣੀ ਹੋਂਦ ਨੂੰ ਮਰਦ ਦੇ ਮੁਕਾਬਲੇ ਵਧੇਰੇ ਪ੍ਰਮਾਣਿਕਤਾ ਨਾਲ ਪ੍ਰਤੱਖ ਕਰਦੀ ਹੈ। ਅਮਨਪਾਲ ਸਾਰਾ (ਮਾਰਗਰੀਤਾ) ਵੀਨਾ ਵਰਮਾ, (ਮੁੱਲ ਦੀ ਤੀਵੀਂ) (ਫਰੰਗੀਆਂ ਦੀ ਨੂੰਹ) ਰਾਣੀ ਨਗੇਂਦ੍ਰ (ਭੰਘੂੜਾ) ਕੈਲਾਸ਼ਪੁਰੀ (ਬਚਨੀ) ਜਰਨੈਲ ਸਿੰਘ (ਦੋ ਟਾਪੂ), ਮੇਜਰ ਮਾਂਗਟ (ਜਿੰਨ ਦੀ ਕੈਦ), (ਮੈਂ ਸਤੀ ਨਹੀਂ ਹੋਣਾ), (ਸ਼ਾਮਲਾਟ), ਪਰਵੇਜ਼ ਸੰਧੂ (ਤਿੰਨ ਪੀੜ੍ਹੀਆਂ), ਬਲਬੀਰ ਕੌਰ ਸੰਘੇੜਾ (ਮੁਕਤੀ) ਆਦਿ ਲਿਖਤਾਂ ਸਾਹਸੀ, ਸਵੈ-ਮਾਣ ਭਰਪੂਰ ਜਿਉਣ ਦੇ ਅਹਿਸਾਸ ਨਾਲ ਆਪਣੇ ਰਾਹ ਤਲਾਸ਼ਦੀਆਂ ਪੂਰਵ ਨਿਰਧਾਰਤ ਸਥਿਤੀ ਅਤੇ ਸੋਚ ਦੇ ਬਦਲਾਓ ਦੇ ਪਰਿਪੇਖ ਵਿਚ ਨਾਰੀ ਚੇਤਨਾ ਦੇ ਬਿੰਬ ਨੂੰ ਸਕਾਰ ਕਰਦੀਆਂ ਹਨ।

ਪਰਵਾਸੀ ਪੰਜਾਬੀ ਨਾਰੀ, ਨਵੇਂ ਸਾਹਸ, ਨਵੀਆਂ ਸਮੱਰਥਾਵਾਂ, ਨਵੀਂ ਮਨੋਬਣਤਰਾਂ, ਸਹਿਤ ਦਰਪੇਸ਼ ਅਣਮਨੁੱਖੀ ਸਥਿਤੀਆਂ ਅਤੇ ਦਬਾਵੇ ਪ੍ਰਤੀ ਆਪਣੀ ਰਿਸਸਟੈਂਸ ਦਿਖਾ ਰਹੀ ਹੈ। ਇਕ ਪਾਸੇ ਨਾਰੀ ਆਪਣੇ ਸਭਿਆਚਾਰ ਨੂੰ ਬਚਾਏ ਰੱਖਣ ਲਈ ਆਪਣੀ ਮਾਤ ਭੂਮੀ, ਮਾਂ ਬੋਲੀ ਅਤੇ ਸੰਸਕਾਰਾਂ ਨੂੰ ਆਪਣੇ ਘਰ ਵਿਚ ਲਾਗੂ ਕਰਨ ਅਤੇ ਆਪਣੇ ਬਚਿਆਂ ਨੂੰ ਪੱਛਮੀ ਪ੍ਰਭਾਵਾਂ ਤੋਂ ਬਚਾਉਂਦਿਆਂ ਪਰਿਵਾਰਕ ਤਨਾਓ ਹੇਠ ਕਈ ਪ੍ਰਕਾਰ ਦੀਆਂ ਵਿਚਾਰਧਾਰਕ ਚਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਦੂਸਰੇ ਪਾਸੇ ਆਪਣੀ ਮਾਨਵੀਂ ਹੋਂਦ ਅਤੇ ਹਸਤੀ ਲਈ ਯੁੱਧ ਕਰ ਰਹੀ ਹੈ। ਇਸਦੇ ਕੀ ਸਿੱਟੇ ਨਿਕਲਦੇ ਹਨ? ਇਹ ਅਧਿਐਨ ਲਈ ਜ਼ਰੂਰੀ ਹੈ? ਸਭਿਆਚਾਰਕ ਅਤੇ ਅੰਤਰ ਸਭਿਆਚਾਰਕ ਪੱਧਰ ਉਤੇ ਨਾਰੀ ਵਿਡੰਬਨਾ ਕਿਸ ਪ੍ਰਕਾਰ ਦ੍ਰਿਸ਼ਟੀਗੋਚਰ ਹੋ ਰਹੀ ਹੈ। ਇਸ ਨੂੰ ਗੰਭੀਰਤਾ ਸਹਿਤ ਵਿਚਾਰਿਆ ਜਾਣਾ ਚਾਹੀਦਾ ਹੈ।

ਵਿਦੇਸ਼ਾਂ ਵਿਚ ਰਹਿ ਰਹੇ ਪਰਵਾਸੀਆਂ ਲਈ ਆਰਥਿਕ ਉੱਨਤੀ ਆਰਥਿਕ ਪ੍ਰਾਪਤੀਆਂ ਵੀ ਪਰਵਾਸੀ ਬੰਦੇ ਲਈ ਵੱਡੀ ਮਾਨਸਿਕ ਸੰਤੁਸ਼ਟੀ ਅਤੇ ਆਤਮਿਕ ਸ਼ਾਂਤੀ ਦਾ ਸੋਮਾ ਨਹੀਂ ਬਣ ਸਕਦੇ ਸਗੋਂ ਇਸ ਸਥਿਤੀ ਨੂੰ ਉਸ ਦੀ ਮਾਨਸਿਕ ਤੜਫ, ਵਿਗੋਚੇ, ਦੁਵਿਧਾ ਦੀ ਇੱਕਲਤਾ ਉਦਾਸੀ ਅਤੇ ਬੇਗਾਨਗੀ ਨੂੰ ਵਧਾਇਆ ਹੀ ਹੈ।"

ਸਾਹਿਤ ਪਾਠਾਂ ਵਿਚ ਵੀ ਮਨੁੱਖੀ ਅਸਤਿੱਤਵ ਨਾਲ ਜੁੜੇ ਮਾਨਵੀ ਸਰੋਕਾਰ ਕੇਵਲ ਨਿੱਜੀ ਪੱਧਰ 'ਤੇ ਨਾ ਰਹਿ ਕੇ ਵਿਸ਼ਵ ਪੱਧਰ ਤੇ ਵਾਪਰਨ ਵਾਲੇ ਵਰਤਾਰੇ ਨੂੰ ਦਰਸਾਉਂਦੇ ਹਨ। ਰਵਿੰਦਰ ਰਵੀ, ਅਜਮੇਰ ਰੋਡੇ, ਸੁਖਿੰਦਰ, ਦਰਸ਼ਨ ਗਿੱਲ, ਸਾਧੂ ਆਦਿ ਦੀਆਂ ਰਚਨਾਵਾਂ ਵਿਚ ਵਿਸ਼ਵ ਪੱਧਰ ਤੇ ਹੋ ਰਹੇ ਜੀਵਨ-ਮੁੱਲਾਂ ਦੇ ਘਾਣ ਦੀ ਤ੍ਰਾਸਦੀ ਨੂੰ ਬਿਆਨਦੇ ਹਨ।

ਅੰਤਰ ਦ੍ਰਿਸ਼ਟੀ ਦਾ ਇਕ ਪਾਸਾ ਇਹ ਵੀ ਹੈ ਕਿ ਪਰਵਾਸੀ ਬੰਦੇ ਨੇ ਭੂਤ ਨਾਲੋਂ ਵਰਤਮਾਨ ਨੂੰ ਜਿਊਣ ਦਾ ਅਧਾਰ ਬਣਾ ਲਿਆ ਹੈ। ਅੱਜ ਦਾ ਲੇਖਕ ਭੂ-ਹੇਰਵੇ ਹਿਤ ਪੰਜਾਬ ਦੀ ਮਿੱਟੀ, ਫੁੱਲ ਪੱਤੀਆਂ, ਪਿੰਡ ਦੀਆਂ ਜੂਹਾਂ, ਯਾਰਾਂ, ਬੇਲੀਆਂ ਨੂੰ ਲਿਖਤਾਂ ਦਾ ਸ਼ਿੰਗਾਰ ਨਹੀਂ ਬਣਾਉਂਦਾ ਬਲਕਿ ਮਸ਼ੀਨੀਕਰਨ, ਕੰਪਿਊਟਰੀਕਰਨ ਅਤੇ ਉਸ ਤੋਂ ਉਪਜੇ ਮਕਾਨਕੀ ਕਲਚਰ ਨੂੰ ਬ੍ਰਹਿਮੰਡੀ ਚੇਤਨਾ ਦੀ ਅਮਲ ਵਜੋਂ ਗ੍ਰਹਿਣ ਕਰਦਾ ਹੈ। ਸਮਕਾਲੀ ਕਵੀ ਦੇਵ, ਗੁਰੂਮੇਲ ਅਤੇ ਰਵਿੰਦਰ ਰਵੀ ਦੀਆਂ ਰਚਨਾਵਾਂ ਨੂੰ ਇਸ ਪ੍ਰਥਾਇ ਵੇਖਿਆ ਜਾ ਸਕਦਾ ਹੈ। ਜਿੱਥੇ ਪਰਵਾਸੀ ਗਲੋਬਲ ਚੇਤਨਾ ਅਤੇ ਉਤਰ ਆਧੁਨਿਕ ਸੋਚ ਦੇ ਰੂ-ਬ-ਰੂ ਹੋ ਕੇ ਆਪਣੇ ਹੋਂਦਮੁਖੀ ਸਰੋਕਾਰਾਂ ਅਤੇ ਮਨੁੱਖੀ ਰਿਸ਼ਤਿਆਂ ਨੂੰ ਪੁਨਰ ਪਰਿਭਾਸ਼ਿਤ ਕਰਨ ਦਾ ਉਪਰਾਲਾ ਕਰ ਰਹੇ ਹਨ।


ਇਸ ਪ੍ਰਕਾਰ ਪੰਜਾਬੀ ਭਾਈਚਾਰਾ ਵਿਸ਼ਵ ਪਛਾਣ ਦੀਆਂ ਨਵੀਆਂ ਪੁਲਾਂਘਾਂ ਪ੍ਰਤੀ ਅਗ੍ਰਸ਼ੀਲ ਹੈ। ਜਿੱਥੇ ਅਨੇਕ ਸੰਭਾਵਨਾਵਾਂ ਵੀ ਉਤਪੰਨ ਹੋ ਰਹੀਆਂ ਹਨ ਅਤੇ ਚਣੌਤੀਆਂ ਵੀ। ਪਰਵਾਸੀ ਪੰਜਾਬੀ ਸਾਹਿਤ ਜਿਸ ਅਮੀਰ ਅਰਥ ਵਿਵਸਥਾ ਤੇ ਸਭਿਆਚਾਰਕ ਮਾਹੌਲ ਵਿਚ ਸਿਰਜਿਆ ਜਾ ਰਿਹਾ ਅਤੇ ਨਵੀਂ ਸੋਚ, ਨਵੇਂ ਜ਼ਾਵੀਏ, ਨਵੇਂ ਪ੍ਰਤਿਮਾਨਾਂ ਨੂੰ ਸਿਰਜ ਰਿਹਾ ਹੈ ਉਸ ਤੋਂ ਸਪਸ਼ਟ ਹੈ ਕਿ ਇਹਨਾਂ ਸਾਹਿਤਕਾਰਾਂ ਦੀ ਇਹ ਵੱਡੀ ਪ੍ਰਾਪਤੀ ਹੈ ਕਿ ਇਹ ਪੰਜਾਬੀ ਜਨ ਜੀਵਨ ਜਾਚ ਨੂੰ ਇਕ ਵਿਸ਼ੇਸ਼ ਨਜ਼ਰੀਏ ਤੋਂ ਪੇਸ਼ ਕਰਨ ਵਿਚ ਸਫ਼ਲ ਹੋਏ ਹਨ। ਦੂਸਰਾ ਇਹਨਾਂ ਦੁਆਰਾ ਰਚਿਆ ਸਮੁੱਚਾ ਸਾਹਿਤ ਸਮਾਜਿਕ ਦਸਤਾਵੇਜ ਵਜੋਂ ਪੰਜਾਬੀ ਸਾਹਿਤ ਦਾ ਹਾਸਿਲ ਹੈ। ਇਸ ਦੇ ਨਾਲ ਹੀ ਪਰਵਾਸ ਦੀ ਰਹਿਤਲ ਦੀ ਜਟਿਲਤਾ ਨੂੰ ਸਮਝ, ਸਮਝਾਉਣ, ਸਾਹਿਤ ਸ੍ਰੋਤ ਸਮੱਗਰੀ ਪੈਦਾ ਕਰਨ ਵਜੋਂ ਇਸ ਦਾ ਮਹੱਤਵ ਸਮਾਜਿਕ ਇਤਿਹਾਸਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਵੱਡਮੁਲਾ ਹੈ।

**ਡਾ. ਅੰਮ੍ਰਿਤਪਾਲ ਕੌਰ**
**ਪ੍ਰੋ. ਪੰਜਾਬੀ ਯੂਨੀਵਰਸਿਟੀ**
**ਪਟਿਆਲਾ**

# ਪੁਸਤਕ ਚਰਚਾ/ ਯੁੱਗ ਬੋਧ: ਪਰਵਾਸੀ ਪੰਜਾਬੀ ਸਾਹਿਤ

ਡਾ. ਤੇਜਿੰਦਰ ਕੌਰ

ਯੁੱਗ ਬੋਧ: ਪਰਵਾਸੀ ਪੰਜਾਬੀ ਸਾਹਿਤ ਪੁਸਤਕ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ 2018 ਵਿਚ ਪ੍ਰਕਾਸ਼ਿਤ ਕਰਵਾਈ ਗਈ। ਪਰਵਾਸੀ ਪੰਜਾਬੀ ਸਾਹਿਤ 'ਤੇ ਅਧਾਰਿਤ ਇਹ ਪੁਸਤਕ ਪ੍ਰੋ. ਸਰਬਜੀਤ ਸਿੰਘ ਮੁੱਖੀ, ਪੰਜਾਬੀ ਵਿਭਾਗ ਵੱਲੋਂ ਸੰਪਾਦਿਤ ਕੀਤੀ ਗਈ ਹੈ, ਇਹ ਪੁਸਤਕ ਦੋ ਭਾਗਾਂ ਵਿਚ ਵੰਡੀ ਹੋਈ ਹੈ। ਪਹਿਲਾ ਭਾਗ ਸਿਧਾਂਤਕ ਪਰਿਪੇਖ ਹੈ ਇਹ ਭਾਗ ਦੇ ਅੰਤਰਗਤ 16 ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਪੁਸਤਕ ਦਾ ਦੂਜਾ ਭਾਗ ਪਾਠਗਤ ਅਧਿਐਨ ਹੈ




ਇਸ ਹਿੱਸੇ ਵਿਚ ਕੁੱਲ 17 ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਪੁਸਤਕ ਦੇ ਪਹਿਲੇ ਹਿੱਸੇ ਵਿਚ ਪਰਵਾਸੀ ਪੰਜਾਬੀ ਸਾਹਿਤ ਦੇ ਸਿਧਾਂਤਕੀ ਪਰਿਪੇਖ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ ਅਤੇ ਆਪਣੇ ਮੁਢਲੇ ਦੌਰ ਤੋਂ ਲੈ ਕੇ ਹੁਣ ਤੱਕ ਪਰਵਾਸੀ ਪੰਜਾਬੀ ਸਾਹਿਤ ਦੇ ਸਿਧਾਂਤਕੀ ਚੌਖਟੇ ਵਿਚ ਕਿਹੜੇ ਨਵੇਂ ਸਰੋਕਾਰ ਰੂਪਮਾਨ, ਦ੍ਰਿਸ਼ਟੀਗੋਚਰ ਹੁੰਦੇ ਹਨ ਤੇ ਮੁਢਲੇ ਸਰੋਕਾਰ ਕਿਵੇਂ ਰੂਪਾਂਤਰਿਤ ਹੁੰਦੇ ਜਾਂਦੇ ਹਨ ਦਾ ਵੇਰਵਾ ਅੰਕਿਤ ਕੀਤਾ ਗਿਆ ਹੈ। ਪੁਸਤਕ ਦੇ ਪਹਿਲੇ ਖੋਜ ਪੱਤਰ ਵਿਚ ਡਾ. ਹਰਚੰਦ ਸਿੰਘ ਬੇਦੀ ਨੇ ਪਰਵਾਸੀ ਪੰਜਾਬੀ ਸਾਹਿਤ ਦੇ ਆਰੰਭ ਤੋਂ ਲੈ ਕੇ ਹੁਣ ਤਕ ਬਦਲ ਰਹੇ ਪਰਿਪੇਖਾ ਨੂੰ ਛੇ ਭਾਗਾਂ ਵਿਚ ਵੰਡ ਕੇ ਉਨ੍ਹਾਂ 'ਤੇ ਨਿੱਠ ਕੇ ਵਿਭਿੰਨ ਕੋਣਾਂ ਤੋਂ ਵਿਚਾਰ ਚਰਚਾ ਕੀਤੀ ਹੈ। ਪਹਿਲੇ ਤਿੰਨ ਪਰਿਪੇਖ ਵਿਚ ਉਨ੍ਹਾਂ ਨੇ ਗਦਰ ਲਹਿਰ ਦਾ ਇਤਿਹਾਸ, ਵਿਚਾਰਧਾਰਾ, ਗਦਰ ਲਹਿਰ ਦੇ ਸਾਹਿਤ ਪ੍ਰਤੀ ਕੌਮ ਦੀ ਅਣਦੇਖੀ ਨੂੰ ਸਾਹਿਤ ਤੇ ਇਤਿਹਾਸ ਤੇ ਹਵਾਲਿਆ ਨਾਲ ਪੇਸ਼ ਕੀਤਾ ਹੈ ਇਸ ਤੋਂ ਬਾਅਦ ਉਨ੍ਹਾਂ ਨੇ ਕ੍ਰਮਵਾਰ ਪਰਵਾਸ ਤੇ ਡਾਇਸਪੋਰਾ ਸ਼ਬਦ ਤੇ ਅੰਤਰ ਨਿਖੇੜ ਨੂੰ ਸਪੱਸ਼ਟ ਕੀਤਾ ਹੈ। ਪਰਵਾਸ ਵਿਚ ਪੰਜਾਬੀ ਔਰਤ ਦੀ ਭੂਮਿਕਾ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਹਵਾਲਿਆਂ ਨਾਲ ਰੂਪਮਾਨ ਕੀਤਾ ਹੈ। ਬਾਕੀ ਖੋਜ ਪਰਚੇ


ਨਾਰੀ ਹੋਂਦ ਦਾ ਪ੍ਰਵਚਨ, ਪਰਵਾਸੀ ਸਾਹਿਤ ਤੇ ਥੀਮਕ ਪਾਸਾਰ, ਤੇ ਸਭਿਆਚਾਰ ਰੂਪਾਂਤਰਣ ਆਦਿ ਮਸਲਿਆਂ ਵੀ ਮੁਖ਼ਾਤਿਬ ਹਨ।

ਪੁਸਤਕ ਦੇ ਦੂਸਰੇ ਭਾਗ ਪਾਠਗਤ ਅਧਿਐਨ ਵਿਚ ਆਲੋਚਕਾਂ ਨੇ ਪਰਵਾਸੀ ਲੇਖਕਾਂ ਦੇ ਪਾਠਾਂ ਨੂੰ ਵਿਭਿੰਨ ਪੂਰਬੀ ਤੇ ਪੱਛਮੀ ਆਲੋਚਨਾ ਵਿਧੀਆਂ, ਸਰੋਕਾਰਾ, ਭਾਸ਼ਾਈ ਤੇ ਰੂਪਗਤ ਦ੍ਰਿਸ਼ਟੀਕੋਣ ਤੋਂ ਅਧਿਅਨ ਵਿਸ਼ਲੇਸ਼ਣ ਦਾ ਅੰਗ ਬਣਾਇਆ ਹੈ। ਅਜੋਕਾ ਪਰਵਾਸੀ ਪੰਜਾਬੀ ਸਾਹਿਤ ਆਪਣੇ ਸੀਮਤ ਵਿਸ਼ੇਗਤ ਤੇ ਰੂਪਗਤ ਦਾਇਰਿਆਂ ਤੋਂ ਅਗਾਂਹ ਨਵੇਂ ਵਿਸ਼ਵੀ ਸਰੋਕਾਰਾਂ ਨਾਲ ਲਬਰੇਜ਼ ਹੀ ਨਹੀਂ ਹੁੰਦਾ, ਸਗੋਂ ਪਰਵਾਸੀ ਪੰਜਾਬੀ ਲੇਖਕਾਂ ਦੀ ਸਿਰਜਣਾਤਮਕਤਾ ਦੋਹਾਂ ਧਰਾਤਲਾਂ 'ਤੇ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਇਕ ਅੰਤਰਰਾਸ਼ਟਰੀ ਮੰਚ ਵੀ ਮੁਹੱਈਆ ਕਰਵਾਉਣ ਦਾ ਹੀਆ ਕਰਦੀ ਹੈ। ਅਜੋਕੇ ਦੌਰ ਦੇ ਵਿਦਵਾਨ ਸਮੀਖਿਅਕਾਂ ਨੇ ਪਰਵਾਸੀ ਜੀਵਨ ਅਤੇ ਉਹਨਾਂ ਮੁਲਕਾਂ ਦੀਆਂ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਨੂੰ ਧਿਆਨ ਗੋਚਰੇ ਰੱਖਦਿਆਂ ਹੋਇਆਂ ਨਵੇਂ ਪ੍ਰਵਚਨਾਂ ਨੂੰ ਤਲਾਸ਼ਣ ਦਾ ਯਤਨ ਕੀਤਾ ਹੈ।ਇਕੀਵੀਂ ਸਦੀ ਦੀ ਅਤਿ ਵਿਕਸਤ ਮੁਲਕਾਂ ਸੂਚਨਾਂ ਅਤੇ ਤਕਨਾਲੌਜੀ ਦੇ ਪ੍ਰਭਾਵ ਅਧੀਨ ਭਵਿੱਖਾਰਥੀ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਨੂੰ ਦਰਪੇਸ਼ ਹਨ।ਅਜਿਹੀਆਂ ਅਲਾਮਤਾਂ ਨੂੰ ਸਹਿਤਕਾਰ ਕਿਹੜੇ ਦ੍ਰਿਸ਼ਟੀਕੋਣ ਤੇ ਪੈਮਾਨਿਆਂ ਰਾਹੀਂ ਸਾਹਿਤ ਵਿਚ ਪੇਸ਼ ਕਰ ਰਿਹਾ ਹੈ, ਉਸ ਦੇ ਅਵਚੇਤਨੀ ਧਰਾਤਲ ਦੀ ਪਛਾਣ ਵੀ ਸਮੀਖਿਅਕ ਬਾਖ਼ੂਬੀ ਕਰ ਰਿਹਾ ਹੈ।ਇਸ ਸਾਹਿਤ ਸਿਰਜਣਧਾਰਾ ਨੇ ਬਦਲਦੇ ਯੁੱਗ ਬੋਧ ਅਨੁਸਾਰ ਵਿਸ਼ੇਗਤ, ਰੂਪਗਤ ਤੇ ਦ੍ਰਿਸ਼ਟੀਗਤ ਪੱਖ ਤੋਂ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਿਆ ਹੈ, ਇਹੀ ਵਿਲੱਖਣਤਾ ਪਰਵਾਸੀ ਪੰਜਾਬੀ ਸਾਹਿਤ ਨੂੰ ਮੁਖ ਧਾਰਾ ਨਾਲ ਜੁੜਨ ਦਾ ਬਲ ਬਖ਼ਸ਼ਦੀ ਹੈ।ਸੋ ਇਸ ਤਰ੍ਹਾਂ ਇਸ ਪੁਸਤਕ ਵਿਚ ਪਰਵਾਸੀ ਪੰਜਾਬੀ ਸਾਹਿਤ ਦੇ ਸਿਧਾਂਤਕੀ ਤੇ ਵਿਹਾਰਕੀ ਮਸਲਿਆਂ ਨੂੰ ਚਿੰਤਨਧਰਾਵਾਂ ਤੇ ਹਵਾਲਿਆਂ ਰਾਹੀਂ ਵਿਸ਼ਲੇਸ਼ਿਤ ਕਰਨ ਦਾ ਯਤਨ ਕੀਤਾ ਗਿਆ ਹੈ। ਨਿਰਸੰਦੇਹ ਇਹ ਪੁਸਤਕ ਭਵਿੱਖ ਵਿਚ ਪਰਵਾਸੀ ਸਾਹਿਤ ਨਾਲ ਜੁੜੇ ਨਵੇਂ ਸੰਵਾਦਾਂ ਨੂੰ ਉਭਾਰਨ ਦਾ ਯਤਨ ਕਰੇਗੀ

**ਅਸਿਸਟੈਂਟ ਪ੍ਰੋਫੈਸਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ**
**ਲੁਧਿਆਣਾ**

# ਪਰਵਾਸੀ ਪੰਜਾਬੀ ਸਾਹਿਤ ਵਿਭਿੰਨ ਸਰੋਕਾਰ

ਪਰਵਾਸੀ ਸਾਹਿਤ ਦਾ ਮਹੱਤਵ ਪਛਾਣ ਕੇਸ ਦੀ ਗੱਲ ਤੋਰਨ ਦਾ ਸਹਿਰਾ ਡਾ. ਸ. ਪ. ਸਿੰਘ ਦੇ ਸਿਰ ਹੈ ਪਹਿਲਾਂ ਪੰਜਾਬੀ ਯੂਨੀਵਰਸਿਟੀ ਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਉਸ ਨੇ ਉਸ ਨੂੰ ਅਧਿਐਨ ਅਧਿਆਪਨ ਤੇ ਖੋਜ ਦਾ ਹਿੱਸਾ ਬਣਾਇਆ ਅੰਮ੍ਰਿਤਸਰ ਵਿੱਚ ਇਸ ਲਈ ਵਿਸ਼ੇਸ਼ ਸਦਨ ਕੇਂਦਰ ਸਥਾਪਿਤ ਕੀਤਾ ਗੁੱਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਐਜੂਕੇਸ਼ਨ ਕੌਂਸਲ ਦਾ ਸਕੱਤਰ ਬਣਿਆ ਤਾਂ ਉੱਥੇ ਹੀ ਪਰਵਾਸੀ ਸਾਹਿਤ ਲਈ ਸੈਂਟਰ ਬਣਾ ਕੇ ਸੈਮੀਨਾਰਾਂ ਲੈਕਚਰਾਂ ਤੇ ਪ੍ਰਕਾਸ਼ਨਾਵਾਂ ਦਾ





ਕਾਰਜ ਸ਼ੁਰੂ ਕਰ ਦਿੱਤਾ ਰੀਵਿਊ ਅਧੀਨ ਕਿਤਾਬ ਵਿੱਚ ਕਾਲਜ ਵੱਲੋਂ ਪਰਵਾਸੀ ਸਾਹਿਤ 'ਤੇ ਕਰਵਾਈ ਗਈ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ ਪੇਸ਼ ਕੀਤੇ ਖੋਜ ਪੱਤਰਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਵਿੱਚ ਪਰਵਾਸੀ ਪੰਜਾਬੀ ਕਵਿਤਾ ਦੇ 29 ਤੇ ਪਰਵਾਸੀ ਪੰਜਾਬੀ ਨਾਟਕ ਬਾਰੇ 8 ਖੋਜ ਪੱਤਰਾਂ ਨੂੰ ਪ੍ਰੋ. ਸ਼ਰਨਜੀਤ ਕੌਰ ਤ ਪ੍ਰੋ. ਹਰਪ੍ਰੀਤ ਸਿੰਘ ਦੂਆ ਨੇ ਸੰਪਾਦਿਤ ਕੀਤਾ ਹੈ। ਡਾ. ਮੋਹਨ ਤਿਆਗੀ, ਡਾ. ਬਲਵਿੰਦਰ ਥਿੰਦ, ਡਾ. ਹਰਪ੍ਰੀਤ ਹੁੰਦਲ, ਡਾ. ਭੁਪਿੰਦਰ ਸਿੰਘ, ਡਾ. ਮਨੀਸ਼ ਕੁਮਾਰ, ਡਾ. ਸੁਖਬੀਰ ਕੌਰ ਸ਼ੇਰਗਿੱਲ, ਡਾ. ਨਰਿੰਦਰ ਜੀਤ ਕੌਰ, ਕੰਵਲਦੀਪ ਕੌਰ, ਸੋਮਪਾਲ ਹੀਰਾ, ਪ੍ਰੋ. ਵੀਨਾ ਅਰੋੜਾ ਜਿਹੇ ਨਾਂ ਸੰਕੇਤ ਕਰਦੇ ਹਨ ਕਿ ਖੋਜ ਪੱਤਰ ਲਿਖਣ ਵਿੱਚ ਬਹੁਤੀ ਰੁਚੀ ਨਵੀਂ ਪੀੜ੍ਹੀ ਦੇ ਨੌਜਵਾਨ ਅਧਿਆਪਕਾਂ ਅਤੇ ਖੋਜਾਰਥੀਆਂ ਨੇ ਲਈ ਹੈ। ਗਿਆਨ ਦੀ ਯਾਤਰਾ ਦੀ ਇਹ ਦਿਸ਼ਾ, ਇਸ ਦਾ ਆਧਾਰ ਇਸ ਨਹੀਂ ਕੀਤੇ ਯਤਨ ਅਤੇ ਪ੍ਰਾਪਤੀਆਂ ਬਾਰੇ ਪ੍ਰਸ਼ੰਸਾ ਯੋਗ ਹਨ। ਇਨ੍ਹਾਂ ਵਿੱਚ ਸਥਾਪਿਤ ਵਿਦਵਾਨਾਂ ਦੀ ਸਿੱਧੀ ਅਸਿੱਧੀ ਸਰਪ੍ਰਸਤੀ ਤੇ ਮਾਰਗ ਦਰਸ਼ਨ ਵੀ ਹੈ ਜਿਸ ਦੀ ਜ਼ਰੂਰਤ ਅਕਸਰ ਨਵੇਂ ਚਿੰਤਨ ਨੂੰ ਹੁੰਦੀ ਹੈ। ਯੂਨੀਵਰਸਿਟੀਆਂ ਤਾਂ ਇਹੋ ਜਿਹੇ ਵੱਡੇ ਖਰਚੇ ਅਤੇ ਮਿਹਨਤ ਵਾਲੇ ਪ੍ਰੋਜੈਕਟ ਹੱਥ ਵਿੱਚ ਲੈਂਦੀਆਂ ਹੀ ਹਨ। ਇਕ ਕਾਲਜ ਵੱਲੋਂ ਅਜਿਹੇ ਉੱਦਮ ਲਈ ਕਾਲਜ ਦੇ ਪ੍ਰਿੰਸੀਪਲ, ਪੰਜਾਬੀ ਵਿਭਾਗ ਦੇ ਮੁਖੀ ਤੇ ਉਸ ਦੀ ਟੀਮ ਦੀ ਪ੍ਰਸ਼ੰਸਾ ਵੀ ਕਰਨੀ ਬਣਦੀ ਹੈ। ਪ੍ਰਸੰਸਾ ਕਾਲਜ ਦੇ ਪ੍ਰਧਾਨ ਦੀ ਵੀ ਕਰਨੀ ਪਵੇਗੀ ਜਿਸ ਨੇ ਇਸ ਕਾਰਜ ਲਈ ਉਚਿੱਤ ਮਾਹੌਲ ਸਿਰਜਿਆ। ਨਿਰਸੰਦੇਹ ਇਹ ਪੁਸਤਕ ਵਿਦਵਾਨਾਂ ਤੇ ਖੋਜਾਰਥੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ।

**ਡਾ. ਕੁਲਦੀਪ ਸਿੰਘ ਧੀਰ**
**ਰਿਟਾ. ਪ੍ਰੋ. ਪੰਜਾਬੀ ਯੂਨੀਵਰਸਿਟੀ ਪਟਿਆਲਾ**

# ਇਟਲੀ ਵਿਚ ਸਿੱਖ ਫ਼ੌਜੀ
# (ਦੂਜਾ ਵਿਸ਼ਵ ਯੁੱਧ)

ਵਿਦੇਸ਼ ਦੀ ਧਰਤੀ ਉੱਪਰ ਕੰਮਾਂ ਕਾਰਾਂ ਵਿਚੋਂ ਸਮਾਂ ਕੱਢ ਕੇ ਕਿਸੇ ਅਜਿਹੇ ਕੰਮ ਨੂੰ ਕਰਨਾ ਜਿਸ ਨਾਲ ਦੇਸ਼, ਕੌਮ ਅਤੇ ਆਪਣੇ ਲੋਕਾਂ ਦਾ ਸਿਰ ਉੱਚਾ ਉੱਠਦਾ ਹੋਵੇ। ਅਜਿਹੇ ਕੰਮ ਕਰਨ ਵਾਲੇ ਲੋਕ ਉਂਗਲਾਂ 'ਤੇ ਗਿਣੇ ਜਾਂਦੇ ਹਨ। ਬਲਵਿੰਦਰ ਉਨ੍ਹਾਂ ਵਿਚੋਂ ਮੇਰੇ ਲਈ ਪਹਿਲੀ ਉਂਗਲ ਦੇ ਪਹਿਲੇ ਪੋਟੇ ਤੇ ਸਥਾਨ ਰੱਖਦਾ ਹੈ। ਕਿਉਕਿ ਇਸ ਪੰਜਾਬੀ ਪੁੱਤਰ ਨੇ ਆਪਣੇ ਨਫ਼ੇ-ਨੁਕਸਾਨ ਨਾ ਦੇਖ ਕੇ ਪਰਿਵਾਰਕ ਖੁਸ਼ੀਆਂ ਨੂੰ ਪਾਸੇ ਰੱਖਕੇ 'ਇਟਲੀ ਵਿੱਚ ਸਿੱਖ ਫ਼ੌਜੀ' ਕਿਤਾਬ ਲਿਖੀ ਅਤੇ ਉਹਨਾਂ ਸਮੂਹ ਸਿੱਖ ਫੌਜੀਆਂ ਦੇ ਇਤਿਹਾਸ ਨੂੰ ਉਜਾਗਰ ਕੀਤਾ ਜੋ ਸਾਡੇ ਇਤਿਹਾਸਕਾਰਾਂ, ਲੇਖਕਾਂ ਤੇ ਆਮ ਲੋਕਾਂ ਦੀ ਨਜ਼ਰੋਂ ਬੜਾ ਦੂਰ ਸੀ। ਇਹ ਗੱਲ ਬਲਵਿੰਦਰ ਉੱਪਰ ਬਾਖੂਬੀ ਢੁੱਕਦੀ ਹੈ ਕਿ ਜਿਹਨਾਂ ਨੇ 'ਮੁਹੱਬਤ ਦਾ ਦਰਿਆ ਤਰਨਾ ਹੋਵੇ ਉਹ ਕੱਚੇ ਪੱਕੇ ਦੇ ਚੱਕਰ ਵਿੱਚ ਨਹੀਂ ਪੈਂਦੇ।' ਇਹ ਕਿਤਾਬ ਵੀ ਕੁਝ ਅਜਿਹਾ ਕੰਮ ਹੀ ਹੈ, ਜਿਸ ਵਿਚ ਕੋਈ ਆਰਥਿਕ ਕਮਾਈ ਨਾ ਕਰਕੇ ਸਿਰਫ਼ ਵਿਸ਼ੇ ਨੂੰ ਲੈ ਕੇ ਸਮਰਪਿਤ ਭਾਵਨਾ ਹੀ ਕੰਮ ਕਰਦੀ ਹੈ।





ਬਲਵਿੰਦਰ ਨਾਲ ਪਈ ਮੇਰੀ ਸਾਂਝ ਨੂੰ ਇਸ ਕਿਤਾਬ ਨੇ ਹੋਰ ਵੀ ਪੀਡਾ ਤਾਂ ਕੀਤਾ ਹੀ ਹੈ। ਇਸਦੇ ਨਾਲ-ਨਾਲ ਉਸਨੂੰ ਨੇੜਿਉਂ ਹੋ ਕੇ ਜਾਨਣ ਦਾ ਮੌਕਾ ਵੀ ਮਿਲਿਆ ਹੈ। ਕੁੱਝ ਵੱਖਰਾ ਤੇ ਅਨੋਖਾ ਕਰਨ ਵਿੱਚ ਵਿਸ਼ਵਾਸ ਰੱਖਣ ਵਾਲਾ ਛੋਟਾ ਵੀਰ ਹਰ ਵਿਸ਼ੇ ਉੱਤਰ ਆਪਣੀ ਪਕੜ ਬਣਾ ਕੇ ਰੱਖਦਾ ਹੈ। ਉਹ ਭੀੜ ਵਿੱਚ ਵੀ ਗੁਆਚਦਾ ਨਹੀਂ, ਸਗੋਂ ਆਪਣਾ ਰਾਹ ਬਣਾ ਕੇ ਤੁਰਦਾ ਹੈ। ਤਾਂ ਹੀ ਤਾਂ ਮੈਂ ਆਖਦਾ ਹੁੰਦਾ ਹਾਂ ਕਿ 'ਜਦੋਂ ਮੁਹੱਬਤ ਦੀ ਵੇਲ ਦਿਲ ਦੇ ਦਰੱਖਤ ਉੱਤੇ ਚੜ੍ਹਦੀ ਹੈ, ਤਾਂ ਉਸਦੀ ਟਹਿਕ ਵੀ ਵੱਖਰੀ ਤੇ ਮਹਿਕ ਵੀ ਵੱਖਰੀ ਹੁੰਦੀ ਹੈ।'

ਸੋ ਹੱਥਲੀ ਕਿਤਾਬ ਦੂਸਰੇ ਅਡੀਸ਼ਨ ਦੇ ਰੂਪ ਵਿਚ ਪਾਠਕਾਂ ਦੇ ਰੂਬਰੂ ਹੈ। ਉਮੀਦ ਹੈ ਕਿ ਇਸ ਕਿਤਾਬ ਪ੍ਰਤੀ ਪਾਠਕਾਂ ਦਾ ਪਿਆਰ ਹੋਰ ਗੂੜ੍ਹਾ ਹੋ ਜਾਵੇਗਾ।

**ਮੋਤਾ ਸਿੰਘ ਸਰਾਏ**
**ਸੰਚਾਲਕ, ਯੂਰਪੀ ਪੰਜਾਬੀ ਸੱਥ, ਯੂ.ਕੇ.**

# ਸ. ਸਰਬਪ੍ਰੀਤ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ
# 'The Camel Merchant of Philadelphia'

ਸ. ਸਰਬਪ੍ਰੀਤ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ 'The Camel Merchant of Philadelphia' ਵਿਚਲੀਆਂ ਕਥਾਵਾਂ ਮਹਾਰਾਜਾ ਰਣਜੀਤ ਸਿੰਘ ਦੇ ਦੌਰ ਨੂੰ ਬਾਖ਼ੂਬੀ ਚਿਤਰਦੀਆਂ ਹਨ। ਲੇਖਕ ਦਾ ਪਿਛੋਕੜ ਗੰਗਟੋਕ (ਸਿੱਕਮ) ਨਾਲ ਹੈ। ਉਚੇਰੀ ਸਿੱਖਿਆ ਦੀ ਪੜ੍ਹਾਈ ਲਈ ਸ. ਸਰਬਪ੍ਰੀਤ ਸਿੰਘ ਯੂ.ਐਸ. ਚਲੇ ਗਏ। ਹੁਣ ਉੱਥੇ ਆਪਣੀਆਂ




ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ ਨਾਲ ਲਿਖਣ ਕਾਰਜ ਵਿਚ ਵੀ ਰੁੱਝੇ ਹੋਏ ਹਨ। ਹੱਥਲੀ ਪੁਸਤਕ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀਆਂ ਵੰਨ-ਸੁਵੰਨੀਆਂ ਕਥਾਵਾਂ ਨੂੰ ਆਧਾਰ ਬਣਾਉਦੀਂ ਹੈ। ਲੇਖਕ ਦੁਆਰਾ ਰਚਿਤ ਇਹ ਕਥਾਵਾਂ ਉਸ ਸਮੇਂ ਦੀਆਂ ਸਮਾਜ-ਸਭਿਆਚਾਰ, ਆਰਥਿਕ ਤਾਣੇ-ਬਾਣੇ, ਧਾਰਮਿਕ, ਰਾਜਨੀਤਿਕ ਜੀਵਨ, ਕਦਰਾਂ-ਕੀਮਤਾਂ ਤੇ ਤਹਿਜ਼ੀਬ ਨੂੰ ਕਥਾ ਬਿਰਤਾਂਤ ਨਾਲ ਬਾਖ਼ੂਬੀ ਉਭਾਰਨ ਦਾ ਯਤਨ ਕਰਦੀਆਂ ਹਨ। ਯੂ. ਐਸ. ਵਿਕਸਿਤ ਮੁਲਕ ਵਿੱਚ ਰਹਿੰਦਿਆਂ ਹੋਇਆਂ ਲੇਖਕ ਨੇ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ ਰਾਜ ਕਾਲ ਨੂੰ ਸਮਝਣ ਦੇ ਲਈ ਆਪਣੀ ਖ਼ਾਸ ਰੁੱਚੀ ਵਿਖਾਈ ਹੈ ਜਿਸ ਦੇ ਤਹਿਤ ਉਹ ਭਾਰਤੀ ਪੰਜਾਬ ਤੇ ਖ਼ਾਸ ਕਰਕੇ ਲਾਹੌਰ (ਪਾਕਿਸਤਾਨ) 'ਚ ਮਾਹਾਰਾਜਾ ਰਣਜੀਤ ਸਿੰਘ ਦੁਆਰਾ ਉਸਾਰੀਆਂ ਗਈਆਂ ਇਮਾਰਤਾਂ ਤੇ ਕਿਲਿਆਂ 'ਚ ਹਸਦੇ ਖੇਡਦੇ ਸੰਸਾਰ ਨੂੰ ਬੜੀ ਨੀਝ ਨਾਲ ਇਸ ਸੁਨਹਿਰੀ ਇਤਿਹਾਸ ਨੂੰ ਕਥਾ ਰੂਪ ਵਿੱਚ ਬਿਆਨ ਕੀਤਾ ਹੈ ਇਸ ਪੁਸਤਕ ਵਿਚਲੀਆਂ ਵੱਖ ਵੱਖ ਕਥਾਵਾਂ ਸਿੱਖ ਕੌਮ ਦੀ ਚੜ੍ਹਤ ਤੇ ਇਸ ਵਿੱਚ ਆਈ ਗਿਰਾਵਟ ਦੇ ਕਾਰਨਾਂ ਨੂੰ ਵੀ ਤਲਾਸ਼ਣ ਦਾ ਯਤਨ ਕਰਦੀ ਹੈ। ਇਹ ਪੁਸਤਕ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚਲੇ ਭੱਖਦੇ ਮਸਲਿਆਂ ਨੂੰ ਵੀ ਅਗਰਭੂਮਿਤ ਕਰਦੀ ਹੈ। ਨਿਰਸੰਦੇਹ ਇਹ ਪੁਸਤਕ ਪਾਠਕਾਂ ਨੂੰ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨਾਲ ਜੋੜਣ ਲਈ ਅਹਿਮ ਭੂਮਿਕਾ ਨਿਭਾਉਣ ਦਾ ਯਤਨ ਕਰੇਗੀ ਅਤੇ ਇਤਹਾਸ ਦੇ ਵਿਸ਼ੇਸ਼ ਕਾਲ ਚੋਂ ਨਵੇਂ ਸੰਵਾਦ ਉਭਾਰਨ ਦਾ ਹੀਆ ਕਰੇਗੀ।

**ਡਾ. ਗੁਰਪ੍ਰੀਤ ਸਿੰਘ**

# ਦਲਜੀਤ ਮੋਖਾ: ਅੱਗ ਦੀ ਤਾਰੀਖ਼

**ਡਾ. ਸਰਬਜੀਤ ਸਿੰਘ**



ਡਾ. ਸਰਬਜੀਤ ਸਿੰਘ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਕੂਲ ਆਫ਼ ਪੰਜਾਬੀ ਸਟੱਡੀਜ਼ ਵਿਭਾਗ ਵਿੱਚ ਬਤੌਰ ਐਸੋਸੀਏਟ ਪ੍ਰੋਫੈਸਰ ਆਪਣੀਆਂ ਸੇਵਾਵਾਂ ਬਾਖ਼ੂਬੀ ਨਿਭਾਅ ਰਹੇ ਹਨ।ਸਮਕਾਲੀ ਪੰਜਾਬੀ ਸਮੀਖਿਆ ਦੇ ਖੇਤਰ ਵਿੱਚ ਡਾ. ਸਰਬਜੀਤ ਸਿੰਘ ਬੜੇ ਹੀ ਸੁਹਿਰਦ ਅਤੇ ਗੰਭੀਰ ਚਿੰਤਕ ਹਨ, ਜਿਨ੍ਹਾਂ ਦੀਆਂ ਆਲੋਚਨਾਤਮਕ ਪੁਸਤਕਾਂ ਨੇ ਨਵੇਂ ਪ੍ਰਵਚਨਾਂ ਦੀ ਸਨਾਖ਼ਤ ਵੱਖ ਵੱਖ ਦ੍ਰਿਸ਼ਟੀਆਂ ਤੋਂ ਕਰਨ ਦਾ ਹੀਆ ਕੀਤਾ ਹੈ।

ਦਲਜੀਤ ਮੋਖਾ ਦੀ ਕਵਿਤਾ ਤੋਂ ਹੀ ਗੱਲ ਆਰੰਭ ਕਰਦੇ ਹਾਂ :

ਕੰਧਾਂ ਕਮਰੇ ਕੰਬ ਜਾਂਦੇ ਨੇ
ਘਰ ਦਾ ਜਦ ਦਰਵਾਜਾ ਖੜਕੇ।
ਤਾਰੇ ਟੁੱਟੇ ਚਾਨਣ ਮੋਇਆ,
ਚੰਨ ਰਾਤ ਦੇ ਵਿਹੜੇ ਸਿਸਕੇ।
ਮਹਿਕਾਂ ਦੀ ਇਹ ਰੁੱਤ ਹੈ ਕੈਸੀ,
ਆਈਆਂ ਹਵਾਵਾਂ ਜਹਿਰ ਭਰਕੇ।

ਇਸ ਕਵਿਤਾ ਦੇ ਭਾਵਬੋਧ ਵਿਚ ਸਹਿਮ, ਤਣਾਓ, ਹਿੰਸਾ, ਦੁੱਖ, ਡਰ, ਦਹਿਸ਼ਤ, ਸੁਪਨੇ ਦਾ ਮਰਨਾ ਆਦਿ ਦਿਖਾਈ ਦਿੰਦਾ ਹੈ। ਇਸ ਸਭ ਕੁਝ ਸਾਡੇ ਦੌਰ ਦੀ ਤਵਾਰੀਖ ਦੇ ਹਿੰਦਸੇ ਹਨ। ਦਲਜੀਤ ਮੋਖਾ ਯੁੱਗ ਦੇ ਆਰਪਾਰ ਦੇਖਣ ਵਾਲਾ ਉਹ ਬੌਧਿਕ ਸ਼ਾਇਰ ਹੈ ਜੋ ਵਰਤਾਰਿਆਂ ਨੂੰ ਕਪੋਲ ਕਲਪਿਤ ਭਾਵਨਾਤਮਕ ਰੂਪ ਵਿਚ ਨਹੀਂ ਦੇਖਦਾ ਸਗੋਂ ਬੌਧਿਕ ਅਤੇ ਚੇਤੰਨ ਰੂਪ ਵਿਚ ਦੇਖਦਾ ਹੈ।

ਦਲਜੀਤ ਮੋਖਾ ਕਵਿਤਾ ਵਿਚ ਪ੍ਰਵੇਸ਼ ਸਮੁੰਦਰੀ ਹਵਾ ਕਾਵਿ ਪੁਸਤਕ ਰਾਹੀਂ ਉਸ ਸਮੇਂ ਕਰਦਾ ਹੈ ਜਦੋਂ ਪੰਜਾਬ ਲੂਹਿਆ ਜਾ ਰਿਹਾ ਸੀ। ਦਹਿਸ਼ਤਗਰਦੀ ਅਤੇ ਸੱਤਾ ਦੇ ਜਬਰ ਦਰਮਿਆਨ ਪੰਜਾਬ ਕਾਲੇਸਿਆਹ ਸਮਿਆਂ ਵਿਚੋਂ ਗੁਜਰ ਰਿਹਾ ਸੀ। ਉਸ ਸਮੇਂ ਉਹ ਮਨੁੱਖੀ ਜਿਕਰ ਨਾਲ ਲਬਰੇਜ਼ ਕਾਵਿ ਬੋਲ ਉਚਾਰ ਰਿਹਾ ਸੀ। ਉਸ ਦੀ ਕਵਿਤਾ ਦੀ ਭਾਸ਼ਾ

ਅਤੇ ਸ਼ਿਲਪ ਪਰੰਪਰਾਗਤ ਕਾਵਿ ਤੋਂ ਵਿੱਥ ਥਾਪਣ ਦੇ ਆਹਰ ਵਿਚ ਸੀ ਅਤੇ ਆਪਣੇ ਨਿਵੇਕਲੇ ਨਕਸ਼ ਸਿਰਜਣ ਪ੍ਰਤੀ ਚੇਤੰਨ ਵੀ ਸੀ। ਉਹ ਨਜ਼ਮ ਦੀ ਪਰਿਭਾਸ਼ਾ ਇਉਂ ਕਰ ਰਿਹਾ ਸੀ : –

ਨਜਮ
ਅਖਬਾਰ ਦੀ ਸੁਰਖੀ ਵਾਂਗ
ਮੱਥੇ ਇਚ ਇੱਟ ਬਣ
ਵੱਜੇਗੀ ਨਹੀਂ
ਉਹ ਆਏਗੀ ਤਾਂ
ਖੌਂਜਜਦਾ ਸਵਾਰੀਆਂ ਣਤੇ
ਆਪਣਾ ਹੱਥ ਰੱਖੇਗੀ
ਸਲੀਬ ਦੇ ਲਮਹੇ
ਲਟਕੇ ਹੋਏ ਸਦਰ ਦਾ
ਮਸੀਹਾ ਬਣੇਗੀ

ਨਜ਼ਮ ਦੇ ਸਰੋਕਾਰ ਜੋ ਸਮੁੰਦਰੀ ਹਵਾ ਪੁਸਤਕ ਵਿਚ ਆਪਣੇ ਨਕਸ਼ਾਂ ਦੀ ਪਛਾਣ ਕਰਵਾ ਰਹੇ ਹਨ, ਉਹ ਕਵਿਤਾ ਦੇ ਅਗਲੇ ਸਜਰ ਵਿਚ ਡੂੰਘੇ ਵੀ ਹੋਏ, ਸੂਖਮ ਵੀ ਬਣੇ, ਵਿਕਸਤ ਵੀ ਹੋਏ ਅਤੇ ਬਹੁਪਰਤੀ ਵੀ ਹੋਏ। ਦਲਜੀਤ ਮੋਖਾ ਨਿਰੰਤਰ ਦਾਰਸ਼ਨਿਕਤਾ ਵੱਲ ਵੱਧਦਾ ਗਿਆ ਅਤੇ ਵਿਚਾਰਧਾਰਕ ਤੌਰ ’ਤੇ ਵਧੇਰੇ ਸੁਚੇਤ ਅਤੇ ਵਿਕਸਿਤ ਵੀ ਹੁੰਦਾ ਗਿਆ। ਪਰਵਾਸ ਨੇ ਉਸਦੇ ਅਨੁਭਵ ਨੂੰ ਹੀ ਸੰਘਣਾ ਨਹੀਂ ਕੀਤਾ ਸਗੋਂ ਵਰਤਾਰਿਆਂ ਨੂੰ ਵਧੇਰੇ ਡੂੰਘੇ ਰੂਪ ਸਮਝਣ ਵਿਚ ਵੀ ਭੂਮਿਕਾ ਨਿਭਾਈ।

ਦਲਜੀਤ ਮੋਖਾ ਦੀ ਕਵਿਤਾ ਦਾ ਉੱਭਰਵਾਂ ਪੱਖ ਇਹ ਹੈ ਕਿ ਉਹ ਨਾ ਤਾਂ ਅਤੀਤ ਨੂੰ ਰੱਦ ਕਰਦਾ ਹੈ ਅਤੇ ਨਾ ਹੀ ਅਤੀਤ ਨੂੰ ਸ਼ਾਨਾਮੱਤਾ ਬਣਾਈ ਰੱਖਣ ਦਾ ਭਰਮ ਪਾਲਦਾ ਹੈ। ਉਹ ਅਤੀਤ ਪ੍ਰਤੀ ਨਾ ਬੇਲੋੜੇ ਰੂਪ ਵਿਚ ਨਿਰਮੋਹਾ ਹੈ ਅਤੇ ਨਾ ਹੀ ਅਤੀਤ ਨੂੰ ਭਾਵੁਕ ਰੋਮਾਂਸ ਬਣਨ ਦਿੰਦਾ ਹੈ। ਉਹ ਅਤੀਤ ਨੂੰ ਖੰਘਾਲਦਾ ਹੈ। ਉਸਦਾ ਵਿਸ਼ਵਾਸ਼ ਹੈ ਕਿ ਅਤੀਤ ਨੂੰ ਖੰਘਾਲੇ ਬਿਨਾਂ ਭਵਿੱਖ ਦੀ ਰਣਨੀਤੀ ਨਹੀਂ ਬਣਦੀ। ਇਉਂ ਉਹ ਆਪਣੇ ਕਾਵਿਪਾਤਰ ਨੂੰ ਸੁਚੇਤ, ਸਜੱਗ ਅਤੇ ਸੰਵੇਦਨਸ਼ੀਲ ਬਣਾ ਦਿੰਦਾ ਹੈ। ਇਹ ਪਾਤਰ ਅੰਤਰਮੁਖੀ ਨਹੀਂ ਹੈ ਜੋ ਹੋਏ ਬੀਤੇ ਪ੍ਰਤੀ ਪ੍ਰਤਿਕਰਮ ਕਰੇ ਸਗੋਂ ਇਹ ਬਾਹਰਮੁਖੀ ਰੂਪ ਵਿਚ ਉਸਦੀਆਂ ਅੰਤਰੀਵੀਂ ਪਰਤਾਂ ਇਚ ਉੱਤਰਦਾ ਹੈ। ਇਹ ਪਾਤਰ ਦੂਸਰੀ ਧਿਰ ਉੱਪਰ ਇਲਜਾਮਤਰਾਸ਼ੀ ਕਰਕੇ ਸੰਤੁਸ਼ਟ ਹੋਣ ਵਾਲਾ ਨਹੀਂ ਸਗੋਂ ਆਪਣੀ ਧਿਰ ਦੇ ਵਿਸ਼ਲੇਸ਼ਣ ਰਾਹੀਂ ਉਹਨਾਂ ਕਾਰਨਾਂ ਦੀ

ਤਲਾਸ਼ ਕਰਦਾ ਹੈ ਜਿੰਨ੍ਹਾਂ ਕਾਰਨ ਸੂਹੇ ਸੁਪਨਿਆਂ ਨੂੰ ਠੇਸ ਲੱਗੀ ਹੈ। ਇਥੇ ਦਲਜੀਤ ਮੋਖਾ ਇਕ ਗੰਭੀਰ ਪ੍ਰਸ਼ਨ ਵੀ ਉਠਾਉਂਦਾ ਹੈ ਕਿ ਹਰ ਯੁੱਗ ਦਾ ਆਪਣਾ ਇਕ ਸੁਪਨਾ ਹੁੰਦਾ ਹੈ। ਮਨੁੱਖ ਉਸ ਸੁਪਨੇ ਨਾਲ ਕਿੰਨਾ ਕੁ ਜੁੜਦਾ ਹੈ ਜਾਂ ਕਿੰਨਾ ਕੁ ਉਸ ਤੋਂ ਵਿੱਥ ਜਾਪਦਾ ਹੈ, ਇਹ ਉਸਦੀ ਸਮਾਜਕ ਸਥਿਤੀ ਉੱਪਰ ਹੀ ਨਿਰਭਰ ਨਹੀਂ ਕਰਦਾ ਸਗੋਂ ਮਨੁੱਖ ਦੇ ਮਨੁੱਖ ਹੋਣ ਦੀ ਪ੍ਰਮਾਣਿਕ ਗਵਾਹੀ ਵੀ ਬਣਦਾ ਹੈ ਜਿਸਨੂੰ ਤਵਾਰੀਖ ਤਾਈਦ ਕਰਦੀ ਹੈ। ਦਲਜੀਤ ਮੋਖਾ ਦੇ ਕਾਵਿ ਪਾਤਰ ਕੋਲ ਉਹ ਸਮਾਜਕ ਸੁਪਨਾ ਹੈ ਜੋ ਮਾਨਵੀ ਨਿਆਂਸ਼ੀਲਤਾ ਨਾਲ ਭਰਪੂਰ ਹੈ। ਇਹ ਪਾਤਰ ਸੁਪਨੇ ਨੂੰ ਆਦਰਸ਼ ਬਣਾ ਕੇ ਜਿਊਂਦਾ ਹੀ ਨਹੀਂ ਸਗੋਂ ਉਸ ਨੂੰ ਹਕੀਕੀ ਰੂਪ ਵਿਚ ਪ੍ਰਵਰਤਿਤ ਕਰਨ ਦੀ ਸੂਝ ਨਾਲ ਵੀ ਲਬਰੇਜ ਹੈ।

ਦਲਜੀਤ ਮੋਖਾ ਇਸ ਸੰਵਾਦ ਦੀ ਸਥਿਤੀ ਨੂੰ ਵਿਸਤਾਰ ਦਿੰਦਾ ਹੈ, ਜਿਨ੍ਹਾਂ ਨੇ ਅਤੀਤ ਵਿਚ ਨਕਸਲੀ ਲਹਿਰ ਨਾਲ ਹਮਦਰਦੀ ਪਾਲੀ ਅਤੇ ਬਾਅਦ ਵਿਚ ਇਸ ਲਹਿਰ ਨੂੰ ਜਾਂ ਤਾਂ ਰੱਦ ਕਰ ਦਿੱਤਾ ਜਾਂ ਇਸ ਨੂੰ ਨਾਕਾਰਾਤਮਕ ਕਿਹਾ। ਇਸ ਸੰਬੰਧ ਵਿਚ ਉਸਦੀ ਅਮਰਜੀਤ ਚੰਦਨ ਦੇ ਨਾਅ ਉਹ ਕਵਿਤਾ ਪੜ੍ਹਨ ਵਾਲੀ ਹੈ। ਨਕਸਲੀ ਲਹਿਰ ਦੀ ਰਣਨੀਤੀ ਗਲਤ ਹੋ ਸਕਦੀ ਹੈ, ਉਹ ਅੱਤ ਖੱਬੇ ਪੱਖੀ ਹੋ ਸਕਦੀ ਹੈ। ਉਸ ਵਿਚ ਵਿਚਾਰਧਾਰਕ ਦੋਸ਼ ਹੋ ਸਕਦੇ ਹਨ, ਉਸ ਨਾਲ ਅਸਹਿਮਤੀ ਹੋ ਸਕਦੀ ਹੈ ਪਰੰਤੂ ਉਹ ਲਹਿਰ ਲੋਕ ਵਿਰੋਧੀ ਨਹੀਂ ਸੀ। ਉਸ ਵਿਚ ਜਨਮੁਕਤੀ ਦਾ ਉਹ ਵਿਚਾਰਧਾਰਕ ਸੁਪਨਾ ਸੀ ਜੋ ਕਿਰਤੀ ਮਨੁੱਖ ਨੂੰ ਦਮਨਕਾਰੀ ਵਿਵਸਥਾ ਤੋਂ ਮੁਕਤੀ ਦਾ ਵਿਸ਼ਵਾਸ਼ ਦਿਵਾਉਂਦਾ ਸੀ। ਨਕਸਲੀ ਲਹਿਰ ਦੀ ਆਲੋਚਨਾ ਹੋ ਸਕਦੀ ਹੈ, ਉਸਦਾ ਵਿਸ਼ਲੇਸ਼ਣ ਹੋ ਸਕਦਾ ਹੈ ਪਰੰਤੂ ਉਸ ਨੂੰ ਜਨਵਿਰੋਧੀ ਨਹੀਂ ਕਿਹਾ ਜਾ ਸਕਦਾ। ਦਲਜੀਤ ਮੋਖਾ ਉਹ ਕਵਿਤਾ ਵਿਚ ਅਜਿਹੀਆਂ ਧਿਰਾਂ ਨਾਲ ਸੰਵਾਦ ਰਚਾਉਂਦਾ ਕਹਿੰਦਾ ਹੈ : –

ਮੈਂ ਜਿਹਨਾਂ ਦੀ ਗੱਲ ਕਰਦਾ ਹਾਂ
ਮੈਂ ਉਹਨਾਂ ਦਾ ਦਮ ਭਰਦਾ ਹਾਂ
ਉਹ ਜੋ ਹਨ ਜਾਗਦੇ, ਜਿਉਂਦੇ
ਮੱਥੇ ਅੰਦਰ ਜੋਤ ਜਗਾਈ ਬੈਠੇ

ਇਉਂ ਦਲਜੀਤ ਮੋਖਾ ਸੰਵਾਦ ਦੀ ਸਥਿਤੀ ਸਿਰਜਦਾ ਹੈ। ਇਸ ਸੰਵਾਦ ਵਿਚੋਂ ਹੀ ਉਹ ਉਸ ਸੁਪਨੇ ਦੀ ਚੇਤਨਾ ਨੂੰ ਦ੍ਰਿੜ ਕਰਦਾ ਹੈ ਜਿਹੜੀ ਚੇਤਨਾ ਇਤਿਹਾਸ ਵਿਚ ਪਈ ਹੈ। ਇਹੋ ਇਤਿਹਾਸ ਚੇਤਨਾ ਨੂੰ ਉਹ ਪ੍ਰੇਰਕ ਬਣਾਉਂਦਾ ਹੈ। ਇਥੇ ਇਕ ਪਾਸਾਰ ਬਹੁਤ ਅਹਿਮੀਅਤ ਵਾਲਾ ਹੈ ਕਿ ਜਦੋਂ ਸਮੁੱਚੇ ਵਿਸ਼ਵ ਦਾ ਦ੍ਰਿਸ਼ ਬਦਲ ਗਿਆ ਹੈ ਤਾਂ ਇਸ ਸੁਪਨੇ ਦਾ ਅਰਥ ਕੀ ਹੈ? ਸਭ ਤੋਂ ਵੱਡਾ ਮਸਲਾ ਇਹ ਸਮਝਣ ਵਾਲਾ ਹੈ ਕਿ ਇਹ ਸੁਪਨਾ ਪੂੰਜੀਵਾਦ ਦੇ ਗਰਭ ਵਿਚੋਂ ਪੈਦਾ ਹੋਇਆ ਸੀ। ਪੂੰਜੀਵਾਦ ਅੱਜ ਪਹਿਲਾਂ ਨਾਲੋਂ ਵਿਕਸਤ ਹੋਇਆ ਹੈ।

ਜਦੋਂ ਪੂੰਜੀਵਾਦ ਆਪਣੇ ਵਿਕਾਸ ਦੀਆਂ ਸੰਪੂਰਨ ਸੰਭਾਵਨਾਵਾਂ ਹੰਢਾ ਲਵੇਗਾ ਤਾਂ ਨਵਾਂ ਸਮਾਜ ਕਿਹੋ ਜਿਹਾ ਹੋਵੇਗਾ? ਇਹ ਆਪਣੇ ਆਪ ਵਿਚ ਬਹਿਸ ਤਲਬ ਮਸਲਾ ਹੈ। ਦੂਸਰਾ, ਮਸਲਾ ਇਹ ਹੈ ਕਿ ਅੱਜ ਇਹ ਸਥਾਪਤ ਕੀਤਾ ਜਾ ਰਿਹਾ ਕਿ ਮਹਾਂਬਿਰਤਾਂਤਾਂ ਦਾ ਅੰਤ ਹੋ ਗਿਆ ਹੈ। ਇਸ ਲਈ ਮੁਕਤੀ ਦੇ ਮਹਾਂ ਸਿਧਾਂਤ ਨਿਰਾਰਥਕ ਹੋ ਗਏ ਹਨ। ਪਰੰਤੂ ਇਸ ਦੇ ਸਮਾਨਾਂਤਰ ਇਹ ਚਰਚਾ ਯੋਗ ਮਸਲਾ ਹੈ ਕਿ ਪੂੰਜੀਵਾਦ ਪਹਿਲਾਂ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੋ ਕੇ ਮਹਾਂਬਿਰਤਾਂਤ ਬਣਿਆ ਹੈ। ਜੇਕਰ ਅੱਜ ਮੁਕਤੀ ਦੇ ਮਹਾਂਬਿਰਤਾਂਤ ਨਿਰਾਰਥਕ ਹੋ ਗਏ ਹਨ ਤਾਂ ਦਮਨ ਦੇ ਮਹਾਂਬਿਰਤਾਂਤ ਪਹਿਲਾਂ ਤੋਂ ਵੀ ਸ਼ਕਤੀਸ਼ਾਲੀ ਕਿਵੇਂ ਬਣ ਗਏ ਹਨ? ਅੱਜ ਵਿਸ਼ਵ ਪੂੰਜੀ ਅਤੇ ਬਾਜਾਰ ਦੇ ਆਤੰਕ ਤੋਂ ਬਿਨਾਂ ਪਛਾਣ ਵੀ ਰਾਜਨੀਤੀ ਦੇ ਨਾਅ ’ਤੇ ਮਨੁੱਖ ਨੂੰ ਫਿਰਕਿਆਂ, ਜਾਤੀਆਂ ਦੇ ਨਾਅ ਉੱਤੇ ਵੰਡਿਆ ਜਾ ਰਿਹਾ ਹੈ। ਸਮੁੱਚੀ ਲੋਕਾਈ ਦੇ ਕੁਝ ਮਸਲਿਆਂ ਨੂੰ ਉਭਾਰ ਕੇ ਖੰਡ ਖੰਡ ਕਰ ਦਿੱਤਾ ਗਿਆ ਹੈ। ਇਹ ਵਿਸ਼ਵਾਸ਼ ਸਥਾਪਤ ਕਰ ਦਿੱਤਾ ਗਿਆ ਹੈ ਕਿ ਇਹ ਪ੍ਰਤਿਯੋਗਤਾ ਦਾ ਦੌਰ ਹੈ। ਮਨੁੱਖ ਨੂੰ ਇਹ ਭੁਲਾਇਆ ਜਾ ਰਿਹਾ ਹੈ ਕਿ ਸਮਾਜ ਪ੍ਰਤਿਯੋਗਤਾ ਦਾ ਨਾਅ ਨਹੀਂ ਹੈ, ਸਹਿਭਾਗਤਾ ਦਾ ਹੈ। ਅਜਿਹੀ ਅਤਿ ਭਿਆਨਕ ਅਤੇ ਵਿਚਾਰਧਾਰਕ ਧੁੰਦਲਕੇ ਦੀ ਸਥਿਤੀ ਵਿਚ ਸਮੂਹਕ ਸੁਪਨੇ ਦੀ ਕਲਪਨਾ ਕਿਸੇ ਨੂੰ ਸਮਾਂ ਵਿਹਾ ਚੁੱਕੇ ਯੁੱਗ ਦੀ ਬਾਤ ਲੱਗ ਸਕਦੀ ਹੈ ਪਰ ਹਕੀਕਤ ਇਹ ਹੈ ਕਿ ਅਜੇ ਵੀ ਜੇ ਸਾਰਥਕ ਸਮੂਹਕ ਸੁਪਨਾ ਚਿਤਵਿਆ ਜਾਵੇ ਤਾਂ ਉਸਦਾ ਸੰਕਲਪ ਇਹੋ ਹੋਵੇਗਾ ਭਾਵੇਂ ਉਸਦੇ ਸਰੂਪ ਵਿਭਿੰਨ ਸਮਾਜਾਂ ਅਤੇ ਸਭਿਆਚਾਰਾਂ ਵਿਚ ਵਿਭਿੰਨ ਹੋਣਗੇ। ਸਮਾਜਕ ਨਿਆਂਸ਼ੀਲਤਾ ਦਾ ਸੁਪਨਾ ਦਮਿਤ ਮਨੁੱਖ ਲਈ ਪ੍ਰੇਰਕ ਬਣਿਆ ਰਹੇਗਾ। ਦਲਜੀਤ ਮੋਖਾ ਦੇ ਕਾਵਿ ਪਾਤਰ ਦਾ ਇਹ ਸੁਪਨਾ ਲੈਣਾ ਅਜੋਕੀ ਵਿਸ਼ਵ ਪਰਿਸਥਿਤੀ ਵਿਚ ਸੰਵਾਦ ਦੀ ਮੰਗ ਕਰਦਾ ਹੈ : –

ਨਿੰਦਰਾਲੇ ਨੈਣ ਰਾਤ ਭਰ
ਸੁਪਨੇ ਵੇਖਣ, ਸੂਰਜ ਸਿਰਜਣ
ਹਾਰ ਨਹੀਂ ਸੁਣੀ ਹੈ
ਹਾਰ ਨਹੀਂ ਹੈ ਮੰਨੀ
ਹਾਰ ਨਹੀਂ ਹੈ ਹੋਣੀ
ਨੇਰੂਦਾ, ਪਾਸ਼, ਲਾਲ, ਲੋਰਕਾ
ਲੱਖ ਪਵਾਬ ਉਹ ਵੇਖਣ ਸਿਰਜਣ
ਚੜ੍ਹਦੇ, ਲਹਿੰਦੇ, ਖਹਿੰਦੇ
ਉੱਤਰ, ਦੱਖਣ, ਪੂਰਬ, ਪੱਛਮ
ਗਰਮੀ, ਸਰਦੀ, ਖਿਜਾ, ਬਹਾਰ
ਪੁਤਲੀਆਂ ਦੇ ਤਹਿਖਾਨੇ ਅੰਦਰ

ਦਿਹੁੰ ਰਾਤ ਵਤ ਚੱਲਣ, ਮੌਲਣ
ਘੁੱਪ ਹਨ੍ਹੇਰੇ ਬ੍ਰਹਿਮੰਡ ਅੰਦਰ
ਲੱਖਾਂ ਜੁਗਨੂੰ ਜਗਦੇ, ਚਮਕਣ
ਕੀ ਹਾਰ ਅਸਾਡੀ ਹੋਈ !

ਦਲਜੀਤ ਮੋਖਾ ਗਹਿਰੀ ਕਿਸਮ ਦੀ ਰਾਜਨੀਤਕ ਚੇਤਨਾ ਦੀ ਨਜਮ ਦਾ ਸਿਰਜਕ ਹੈ। ਕਿਧਰੇ ਕਿਧਰੇ ਉਹ ਭਾਸ਼ਣੀ ਕਿਸਮ ਦਾ ਪ੍ਰਤੀਤ ਹੁੰਦਾ ਹੈ ਪਰੰਤੂ ਜਦੋਂ ਸਮਾਜ ਵਿਚ ਸੱਤਾ ਦਾ ਦਰਿੰਦਗੀ ਭਰਿਆ ਰੂਪ ਸਾਕਾਰ ਹੋਣ ਲੱਗਦਾ ਹੈ ਅਤੇ ਮਾਨਵੀ ਹੋਂਦ ਲਈ ਘਾਤਕ ਪਰਿਸਥਿਤੀਆਂ ਬਣ ਜਾਂਦੀਆਂ ਹਨ ਤਾਂ ਕਾਵਿ ਦਾ ਉਚਾਰ ਆਪਣੇ ਯੁੱਗ ਦੇ ਪ੍ਰਚੰਡ ਪ੍ਰਤਿਰੋਧ ਵਿਚ ਵੀ ਬਦਲ ਜਾਂਦਾ ਹੈ। ਜਦੋਂ ਸਮਾਜ ਅੰਦਰ ਦਮਨਕਾਰੀ ਧਿਰ ਦੀ ਬੋਲ ਅਬੋਲ ਹਿੰਸਾ ਚਰਮ ਸੀਮਾ ’ਤੇ ਪਹੁੰਚਦੀ ਹੈ ਤਾਂ ਕਵਿਤਾ ਸੁਹਲ ਅਤੇ ਮੁਲਾਇਮ ਰਹਿੰਦੀ ਹੀ ਨਹੀਂ ਕਿਉਂਕਿ ਸਮਾਜੀ ਜਿਕਰ ਨਾਲ ਸੰਬੰਧਿਤ ਕਵਿਤਾ ਵਿਚ ਪ੍ਰਚੰਡ ਵੇਗ ਭਾਸ਼ਣੀ ਪ੍ਰਤੀਤ ਹੋਣ ਲੱਗ ਪੈਂਦਾ ਹੈ। ਦਲਜੀਤ ਮੋਖਾ ਦੀ ਕਵਿਤਾ ਪ੍ਰਤਿਰੋਧਕ ਬਿਰਤੀ ਦੀ ਹੈ ਤੇ ਇਸਦਾ ਪਿੰਡਾ ਪ੍ਰਚੰਡ ਵੇਗ ਵਾਲਾ ਹੈ। ਉਹ ਆਪਣੇ ਯੱਗ ਦੇ ਦੁਸ਼ਮਣਾਂ ਦੀ ਸਪੱਸ਼ਟ ਪਛਾਣ ਉੱਪਰ ਜ਼ੋਰ ਦਿੰਦਾ ਹੈ, ਜਿਹੜੇ ਮਨੁੱਖ ਉੱਪਰ ਹਿੰਸਾ ਦੀਆਂ ਨਵੀਆਂ ਨਵੀਆਂ ਤਰਕੀਬਾਂ ਈਜਾਦ ਕਰਦੇ ਹਨ। ਮਨੁੱਖ ਨੂੰ ਉਸਦੇ ਮੂਲ ਮਸਲਿਆਂ ਤੋਂ ਵਿਛੁੰਨ ਕੇ ਉਹਨਾਂ ਨੂੰ ਆਪਸੀ ਵਿਰੋਧਾਂ ਵਿਚ ਗ੍ਰੱਸ ਦਿੰਦੇ ਹਨ : –

ਇਹ ਕੌਣ ਨੇ
ਜੋ ਪਾਣੀ ਦੇ ਵਸਤਰ ਪਹਿਨ
ਚੌਕ ਇਚ ਡੇਰਾ ਜਮਾਉਂਦੇ ਨੇ
ਅਣਭੋਲਾਂ ਦੇ ਕੱਪੜੇ ਲਾਹੁੰਦੇ ਨੇ
ਰੰਗਾਂ ਦੇ ਇਹ ਵਣਜਾਰੇ
ਅਣਭੋਲਾਂ ਦੀਆਂ ਢਾਣੀਆਂ ਨੂੰ
ਵੱਖ ਵੱਖ ਰੰਗਾਂ ਇਚ
ਵੱਖ ਵੱਖ ਨਸਲਾਂ ਇਚ
ਵੱਖ ਵੱਖ ਮਜਹਬਾਂ ਦਾ
ਰੰਗੀਨ ਅੰਮ੍ਰਿਤਪਾਨ ਕਰਾਉਂਦੇ ਨੇ
ਰੰਗਾਂ ਇਚੋਂ ਪੂਨ ਤ੍ਰਿਪਦਾ ਏ

ਪਿਛਲੇ ਸਮਿਆਂ ਵਿਚ ਪੂੰਜੀਵਾਦੀ ਸਿਆਸਤ ਨੇ ਮਾਨਵੀ ਸਮਾਜ ਦੇ ਸਮਾਜਕ ਅਤੇ ਸਭਿਆਚਾਰਕ ਵਖਰੇਵਿਆਂ ਨੂੰ ਵਿਰੋਧਾਂ ਵਿਚ ਪਲਟ ਦੇਣ ਦਾ ਯਤਨ ਕਰਕੇ ਮਨੁੱਖੀ ਸਮਾਜ ਅੰਦਰਲੇ ਤਣਾਵਾਂ ਦੀ ਵਿਆਕਰਨਕ ਨੂੰ ਹੀ ਬਦਲ ਦਿੱਤਾ ਹੈ। ਵਿਕਸਤ ਵਿਗਿਆਨ ਨੇ

ਜਿੱਥੇ ਵਰਣ, ਧਰਮ, ਨਸਲ ਆਦਿ ਦੇ ਵਖਰੇਵਿਆਂ ਨੂੰ ਠੱਲ ਪਾਉਣੀ ਸੀ, ਉਥੇ ਵਿਗਿਆਨਕ ਉਪਕਰਨਾਂ ਨੇ ਇਨ੍ਹਾਂ ਵਖਰੇਵਿਆਂ ਨੂੰ ਜੰਗੀ ਪੱਧਰ ਉੱਪਰ ਪ੍ਰਚਾਰ ਦੇ ਸਮਾਜਕ ਮਨੋਵਿਗਿਆਨ ਨੂੰ ਸੌੜੀਆਂ ਸੰਕੀਰਨਤਾਵਾਂ ਵਿਚ ਜਕੜ ਦਿੱਤਾ ਹੈ। ਮਸਨੂਈ ਪਛਾਣਾਂ ਨੂੰ ਮਨੁੱਖ ਦੀਆਂ ਪ੍ਰਮਾਣਿਕ ਪਛਾਣਾਂ ਵਿਚ ਤਬਦੀਲ ਕਰਕੇ ਵਿਕਸਤ ਪੂੰਜੀਵਾਦੀ ਸਿਆਸਤ ਨੇ ਸਿਆਸੀ ਜਦੋਜਹਿਦ ਨੂੰ ਜਾਤੀ, ਧਾਰਮਕ, ਨਸਲੀ, ਖੇਤਰੀ ਆਦਿ ਸਿਆਸਤ ਵਿਚ ਤਬਦੀਲ ਕਰ ਦਿੱਤਾ ਹੈ। ਇਸ ਨਾਲ ਖੁੱਲ੍ਹੀ ਮੰਡੀ ਦਾ ਦਨਦਨਾਉਂਦਾ ਸ਼ੇਰ ਸਮੁੱਚੇ ਮਨੁੱਖੀ ਸੰਸਾਧਨਾਂ ਨੂੰ ਹੜੱਪ ਕਰ ਜਾਣਾ ਚਾਹੁੰਦਾ ਹੈ। ਖੁੱਲ੍ਹੀ ਮੰਡੀ ਦਾ ਸੰਕਲਪ ਦੋ ਧਾਰਾ ਹੈ। ਇਕ ਪਾਸੇ ਤਾਂ ਪੂੰਜੀਵਾਦ ਸਸਤੀ ਮਜਦੂਰੀ ਅਤੇ ਪ੍ਰਕਿਰਤਕ ਸੰਸਾਧਨਾਂ ਨੂੰ ਕਬਜ਼ੇ ਵਿਚ ਲੈਂਦਾ ਹੈ ਅਤੇ ਉਲਟੇ ਰੁਪ ਮਨੁੱਖ ਨੂੰ ਸਿਰਜਣਾਤਮਕ ਪ੍ਰਾਣੀ ਦੀ ਥਾਂ ਉਪਭੋਗੀ ਪਸ਼ੂ ਵਿਚ ਤਬਦੀਲ ਕਰ ਦਿੰਦਾ ਹੈ।ਦਲਜੀਤ ਮੋਖਾ ਇਸ ਵਰਤਾਰੇ ਪ੍ਰਤੀ ਨਾ ਤਾਂ ਉਲਾਰ ਹੈ ਅਤੇ ਨਾ ਹੀ ਭਰਮ ਚੇਤਨਾ ਦਾ ਸ਼ਿਕਾਰ ਹੈ। ਉਹ ਪੂੰਜੀਵਾਦੀ ਸਿਆਸਤ ਅਤੇ ਪੂੰਜੀਵਾਦ ਦੇ ਕਿਰਦਾਰ ਨੂੰ ਸਮਝਦਾ ਹੋਇਆ ਬੌਧਿਕ ਅੰਦਾਜ ਵਿਚ ਹੀ ਕਵਿਤਾ ਨੂੰ ਸਿਰਜਦਾ ਹੈ :-

ਖੁੱਲ੍ਹੀ ਮੰਡੀ ਇਚ ਜੋ
ਘੁੰਮਦਾ ਹੈ ਕਾਲਾ ਨਕਾਬਪੋਸ਼
ਉਹ ਹੋਰ ਕੋਈ ਨਹੀਂ
ਹਥਿਆਰ ਹੀ ਹੈ
ਜਿਸਨੂੰ ਨਾ ਦਿਲ ਦੀ ਖਲਿਸ਼ ਹੈ
ਨਾ ਦਿਮਾਗ ਦੀ ਜਰੂਰਤ
ਉਹ ਸਾਨੂੰ ਖੋਜ ਰਿਹਾ ਹੈ
ਸਾਡੀ ਨਿਸ਼ਾਨਦੇਹੀ ਕਰ ਰਿਹਾ ਹੈ
ਹੌਲੀ ਹੌਲੀ ਸਾਨੂੰ ਕਾਬੂ ਕਰਨਾ ਲੋਚੇ
ਜਮਾ ਲਏਗਾ ਸਰਦਾਰੀ ਕੁੱਲੀਆਂ ਤੇ
ਨਿਗਲ ਲਵੇਗਾ
ਸਮੁੱਚੀ ਸਾਡੇ ਹਿੱਸੇ ਦੀ
ਧੁੱਪ, ਹਯਾਤੀ, ਪੌਣ ਪਾਣੀ, ਸਪੇਸ
ਬਦਲ ਦਏਗਾ ਰੁੱਤਾਂ ਦੇ ਗੇੜ
ਤਿੱਥ, ਵਾਰ, ਮਹੀਨੇ, ਸਾਲ
ਨਾਚ ਗਿੱਧੇ, ਬੋਲੀ, ਰੰਗਢੰਗ
ਪੁਸ਼ਾਕ, ਸੋਚ, ਸਰਵ ਸਭਿਆਚਾਰ

ਦਲਜੀਤ ਮੋਖਾ ਦੀ ਕਵਿਤਾ ਵਿਚ ਮਹੱਤਵਪੂਰਨ ਪਾਸਾਰ ਪਰਵਾਸ ਨਾਲ ਵੀ ਸੰਬੰਧਿਤ ਹੈ। ਪਰਵਾਸ ਸੰਬੰਧੀ ਉਹ ਵੇਦਨਾ, ਵਿਰਲਾਪ, ਭੂਹੇਰਵਾ ਆਦਿਕ ਤੋਂ ਲਗਭਗ ਮੁਕਤ ਸ਼ਾਇਰ ਹੈ। ਉਹ ਪਰਵਾਸ ਨੂੰ ਸੰਤਾਪ ਵਜੋਂ ਨਹੀਂ ਲੈਂਦਾ ਸਗੋਂ ਸਗਲੀ ਦੁਨੀਆਂ ਨੂੰ ਆਪਣੀ ਸਵੀਕਾਰ ਕਰਦਾ ਹੈ। ਇਸ ਕਰਕੇ ਪਰਵਾਸ ਸਦਕਾ ਉਤਪੰਨ ਹੋਣ ਵਾਲੇ ਬਾਹਰੀ ਜਾਂ ਘਰੇਲੂ ਵਿਰੋਧਾਂ ਨੂੰ ਹਰ ਤਰ੍ਹਾਂ ਜਾਤੀ, ਧਾਰਮਿਕ ਜਾਂ ਸਭਿਆਚਾਰਕ ਵਲਗਣ ਤੋਂ ਉੱਪਰ ਉੱਠਕੇ ਦੇਖਦਾ ਹੈ। ਪਰਵਾਸ ਨਾਲ ਸੰਬੰਧਿਤ ਉਸ ਦੀ ਮਾਰਮਿਕ ਅਤੇ ਸੰਵਾਦੀ ਨਜ਼ਮ ਨੰਦੂ ਹੈ। ਇਹ ਸੁਰਜੀਤ ਪਾਤਰ ਦੀ ਕਵਿਤਾ ਆਇਆ ਨੰਦ ਕਿਸ਼ੋਰ ਨਾਲ ਸੰਵਾਦ ਰਚਾਉਂਦੀ ਹੈ। ਸੁਰਜੀਤ ਪਾਤਰ ਜਿੱਥੇ ਨੰਦ ਕਿਸ਼ੋਰ ਨੂੰ ਰੋਜੀ-ਰੋਟੀ ਸਦਕਾ ਪਰਵਾਸ ਦਾ ਸੰਤਾਪ ਸਹਿੰਦਾ ਦਿਖਾਉਂਦਾ ਹੈ, ਉਥੇ ਜੈਲਦਾਰ ਦਾ ਆਪਣੇ ਪੋਤਿਆਂ ਨੂੰ ਅੰਗਰੇਜੀ ਪੜ੍ਹਾਉਣਾ ਅਕਾਂਖਿਆ ਦੇ ਰੂਪ ਵਿਚ ਚਿਤਵਦਾ ਹੈ। ਦਲਜੀਤ ਮੋਖਾ ਨੰਦੂ ਨੂੰ ਪੂਰੇ ਵਿਸ਼ਵ ਦੇ ਪਰਿਪੇਖ ਵਿਚ ਅਤੇ ਇਤਿਹਾਸਕ ਵਰਤਾਰੇ ਵਿਚ ਫੈਲਾ ਦਿੰਦਾ ਹੈ। ਦਲਜੀਤ ਮੋਖਾ ਸੁਰਜੀਤ ਪਾਤਰ ਦੀ ਨਜਮ ਨੂੰ ਰੱਦ ਨਹੀਂ ਕਰਦਾ ਪਰੰਤੂ ਉਸ ਨੂੰ ਵਿਚਾਰਧਾਰਕ ਡੂੰਘਾਈ ਪ੍ਰਦਾਨ ਕਰ ਦਿੰਦਾ ਹੈ। ਪੰਜਾਬ ਤੋਂ ਪਰਵਾਸ ਕਰਨ ਵਾਲੇ ਇੰਗਲੈਂਡ, ਕਨੇਡਾ, ਅਮਰੀਕਾ ਵਿਚ ਜਾ ਵਸਣ ਵਾਲੇ ਨੰਦ ਸਿੰਘ ਕਿਵੇਂ ਨੰਦੂ ਬਣ ਜਾਂਦੇ ਹਨ। ਇਸ ਪੂਰੀ ਕਸ਼ਮਕਸ਼ ਦਲਜੀਤ ਮੋਖਾ ਇਕ ਸਾਰਥਕ ਸੰਵਾਦ ਸਿਰਜਦਾ ਹੈ। ਇਹ ਸੰਵਾਦ ਬਹੁਤ ਧਿਆਨ ਦੀ ਮੰਗ ਕਰਦਾ ਹੈ:-

ਨੰਦ ਸਿਹਾਂ ਕੀ ਹਾਂ
ਮੈਂ ਵੀ ਨੰਦ ਕੋਈ ਨੰਦ ਕਿਸ਼ੋਰ?
ਅਸੰਖ ਯੁੱਗ ਪਹਿਲਾਂ ਆਦਮ
ਵਿਗਸ ਕੇ ਤੁਰਿਆ ਅਜਰੀਕਾ ਤੋਂ
ਤੁਰਦਾ, ਲੜਦਾ, ਮਰਦਾ
ਚਹੁੰ ਕੂੰਟਾਂ ਵਿਚ ਵਸਿਆ
ਫਿਰ ਉਜੜ ਕੇ ਉਹ ਤੁਰਦਾ ਕਿਧਰੇ
ਵਸ ਜਾਵੇ ਪਰਦੇਸ
ਕਦੇ ਨਾ ਪਰਤਣ ਹੋਵੇ
ਕੀ ਅਸੀਂ ਹਾਂ ਸਾਰੇ ਨੰਦ ਕਿਸ਼ੋਰ
ਕੀ ਨੰਦੂ ਨੰਦ ਕਿਸ਼ੋਰ ਰਲਗੱਡ ਹੋਏ?
ਜਾਪੇ ਕੋਈ ਨਹੀਂ ਪਰਦੇਸ਼

ਦਲਜੀਤ ਮੋਖਾ ਇਉਂ ਪੱਛਮੀ ਜੀਵਨ ਸ਼ੈਲੀ ਨੂੰ ਨਕਾਰਦਾ ਨਹੀਂ ਉਸ ਅੰਦਰ ਪ੍ਰਵੇਸ਼ ਕਰਨ ਦੀ ਚੇਤਨਾ ਦਾ ਪੱਖੀ ਹੈ। ਇਸੇ ਕਰਕੇ ਪਰਵਾਸੀ ਉਸ ਲਈ ਹੱਦਾਂ-ਸਰਹੱਦਾਂ 'ਚ ਵੰਡਿਆ ਮਨੁੱਖ ਨਹੀਂ ਹੈ। ਸਗੋਂ ਸਗਲ ਲੋਕਾਈ ਨੂੰ ਮਨੁੱਖ ਜਾਤੀ ਦੇ ਰੂਪ ਵਿਚ ਹੀ ਪਰਿਭਾਸ਼ਤ

ਕਰਦਾ ਹੈ। ਇਉਂ ਪਰਵਾਸੀ ਜੀਵਨ ਦਾ ਪਾਸਾਰ ਜਿਵੇਂ ਉਸ ਦੀ ਕਵਿਤਾ ਵਿਚ ਉਦੈ ਹੁੰਦਾ ਹੈ, ਨਾ ਤਾਂ ਉਹ ਪਰੰਪਰਕ ਪਰਵਾਸ ਹੈ ਅਤੇ ਨਾ ਹੀ ਪਰਵਾਸ ਓਪਰਾ ਅਤੇ ਅਵੈੜਾ ਹੈ। ਪਰਵਾਸੀ ਪੰਜਾਬੀ ਕਵਿਤਾ ਵਿਚ ਦਲਜੀਤ ਮੋਖਾ ਦੀ ਕਵਿਤਾ ਦਾ ਇਹ ਪਾਸਾਰ ਸੰਵਾਦ ਭਰਪੂਰ ਹੈ ਜਿਹੜਾ ਵਿਦੇਸ਼ਾਂ 'ਚ ਲਿਖੀ ਜਾ ਰਹੀ ਕਵਿਤਾ ਵਿਚ ਨਵਾਂ ਥੀਮ, ਚੇਤਨਾ ਅਤੇ ਦ੍ਰਿਸ਼ਟੀ ਜੋੜਦਾ ਹੈ।

ਦਲਜੀਤ ਮੋਖਾ ਦੀ ਕਵਿਤਾ ਦੇ ਕੇਂਦਰੀ ਸੋਰਕਾਰਾਂ ਵਿਚ ਔਰਤ ਦੇ ਸਰੋਕਾਰ ਬਹੁਤ ਧਿਆਨ ਦੀ ਮੰਗ ਕਰਦੇ ਹਨ। ਉਸ ਦੀ ਕਵਿਤਾ ਵਿਚ ਔਰਤ ਮਨੁੱਖੀ ਹੋਂਦ ਵਜੋਂ ਸਾਹਮਣੇ ਆਉਂਦੀ ਹੈ। ਉਹ ਪਿਤਰਕੀ ਦੀਆਂ ਸਾਰੀਆਂ ਸਮੀਕਰਨਾਂ ਨੂੰ ਉਖਾੜ ਦਿੰਦਾ ਹੈ। ਉਸਦੀ ਕਵਿਤਾ ਵਿਚ ਔਰਤ ਦੇਹ ਨਹੀਂ, ਸਬੂਤੀ ਹੋਂਦ ਹੈ। ਮਨੁੱਖ ਔਰਤ ਨੂੰ ਸ਼ਾਦੀ ਰੰਗੇ ਪਿੰਜਰੇ ਵਿਚ ਕੈਦ ਕਰਕੇ ਉਸ ਦੀ ਦੇਹ ਦੇ ਸੋਸ਼ਣ ਨੂੰ ਨੈਤਿਕ ਅਤੇ ਜਾਇਜ ਬਣਾਉਂਦਾ ਹੈ। ਪਿਤਰਕੀ ਦਾ ਦਾਬਾ ਇਸ ਤਰ੍ਹਾਂ ਅਵਚੇਤਨ ਦਾ ਹਿੱਸਾ ਬਣਾ ਦਿੰਦਾ ਹੈ ਕਿ ਔਰਤ ਵੀ ਪਿਤਰਕੀ ਦੀ ਸਰਦਾਰੀ ਨੂੰ ਸਵੀਕਾਰ ਕਰ ਲੈਂਦੀ ਹੈ। 'ਬੀਵੀ' ਕਵਿਤਾ ਵਿਚ ਪਤਨੀ ਬਾਰ ਬਾਰ ਪਤੀ ਨੂੰ ਉਸਦੀ ਪਿਤਰਕੀ ਸੱਤਾ ਬਾਰੇ ਯਾਦ ਕਰਾਉਂਦੀ ਹੈ ਤਾਂ ਜੋ ਧੀਆਂ ਪੂਰਬੀ ਕਦਰ-ਪ੍ਰਬੰਧ ਅਤੇ ਮਰਦਾਵੇਂ ਦਾਬੇ ਹੇਠ ਹੀ ਰਹਿਣ। ਪਿਤਰਕੀ ਦਾ ਹਿੰਸਕ ਕਿਰਦਾਰ ਅਤੇ ਵਿਧੀ-ਵਿਧਾਨ ਮਨੁੱਖੀ ਜੀਵਨ-ਜਾਚ ਦਾ ਅੰਗ ਬਣਾ ਕੇ ਉਸ ਨੂੰ ਐਨਾ ਜਾਇਜ਼ ਬਣਾ ਦਿੱਤਾ ਗਿਆ ਹੈ ਕਿ ਔਰਤ ਆਪਣੀ ਹੋਂਦ ਅਤੇ ਹਸਤੀ ਨੂੰ ਉਸੇ ਵਿਚ ਸਵੀਕਾਰ ਹੋਇਆ ਦੇਖਣਾ ਚਾਹੁੰਦੀ ਹੈ। 'ਬੀਵੀ' ਕਵਿਤਾ ਵਿਚ ਪਿਤਰਕੀ ਦਾਬਾ ਔਰਤ ਨੂੰ ਬਾਰ ਬਾਰ ਘਰ ਅਤੇ ਰਿਸ਼ਤਿਆਂ ਨੂੰ ਬਚਾਈ ਰੱਖਣ ਦਾ ਹੀਲਾ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ 'ਗੁਜਤਗੂ' ਕਵਿਤਾ ਦੀ ਪਾਤਰ ਪੱਛਮੀ ਜੀਵਨ ਸ਼ੈਲੀ ਦੀ ਝੰਬੀ ਹੋਈ 'ਕਾਸ਼। ਮੇਰੀ ਵੀ ਇਕ ਧੀ ਹੁੰਦੀ' ਦੀ ਇੱਛਾ ਕਰਦੀ ਹੈ। ਇਹ ਇੱਛਾ ਔਰਤ ਦੇ ਮਹੱਤਵ ਨੂੰ ਦ੍ਰਿੜ ਕਰਨ ਦੀ ਚੇਸ਼ਟਾ ਨਹੀਂ ਕਰਤੀ ਸਗੋਂ ਉਸਦੇ ਲਾਚਾਰ ਹੋਣ ਕਰਕੇ ਛੇਤੀ ਕਾਬੂ ਵਿਚ ਆ ਜਾਣ ਦੀ ਚਾਹਤ 'ਚੋਂ ਉਦੈ ਹੁੰਦੀ ਹੈ। ਉਹ ਜਾਣਦੀ ਹੈ ਕਿ 'ਧੀ ਧਿਆਣੀ' ਨੂੰ ਸੌਖ ਨਾਲ ਦਾਬੇ ਹੇਠ ਰੱਖਿਆ ਜਾ ਸਕਦਾ ਹੈ। ਪਿਤਰਕੀ ਦਾ ਛਾਪਾ ਐਨਾ ਸਖ਼ਤ ਹੈ ਕਿ ਔਰਤ ਆਪਣੀ ਗੁਲਾਮੀ ਨੂੰ ਮੁਕਤੀ ਅਤੇ ਜਸ਼ਨ ਦੇ ਰੂਪ ਵਿਚ ਸਵੀਕਾਰ ਕਰਨ ਲੱਗ ਜਾਂਦੀ ਹੈ। ਦੂਸਰੀ ਅਹਿਮ ਗੱਲ ਇਹ ਹੈ ਕਿ ਪਿਤਰਕੀ ਜਦੋਂ ਔਰਤ ਰਾਹੀਂ ਔਰਤ ਨੂੰ ਦਾਬੇ ਅਤੇ ਗੁਲਾਮੀ ਦਾ ਬਿੰਦੂ ਬਣਾਉਂਦੀ ਹੈ ਤਾਂ ਪਿਤਰਕੀ ਉਦੋਂ ਆਪਣੇ ਸ਼ਕਤੀਸ਼ਾਲੀ ਰੂਪ ਵਿਚ ਹੁੰਦੀ ਹੈ। ਜਦੋਂ ਗੁਲਾਮ ਹੀ ਗੁਲਾਮੀ ਨੂੰ ਪ੍ਰਪੱਕ ਕਰ ਰਿਹਾ ਹੋਵੇ ਤਾਂ ਮੁਕਤੀ ਦਾ ਮਸਲਾ ਅਗਰਭੂਮੀ 'ਤੇ ਆ ਹੀ ਨਹੀਂ ਸਕਦਾ। ਦਲਜੀਤ ਮੋਖਾ ਪਿਤਰਕੀ ਸੱਤਾ ਅਤੇ ਪਿਤਰਕੀ ਸੰਸਥਾਵਾਂ ਦੀਆਂ ਮਹੀਨ ਪਰਤਾਂ ਨੂੰ ਆਪਣੀ ਕਵਿਤਾ ਦਾ ਅੰਗ ਬਣਾਉਂਦਾ ਹੈ। ਇਨ੍ਹਾਂ ਕਵਿਤਾਵਾਂ ਵਿਚੋਂ ਉਸ ਦੀ ਆਪਣੀ ਵਿਚਾਰਧਾਰਕ ਪੁਜੀਸ਼ਨ ਵੀ ਸਪੱਸ਼ਟ ਹੋ ਜਾਂਦੀ ਹੈ।

ਕਿਉਂ ਨਹੀਂ ਲਗਦੀਆਂ ਚਿੜੀਆਂ-
ਚੰਬੇ ਦੀਆ ਚਿੜੀਆਂ
ਜੋ ਟਹਿਣਾਂ 'ਤੇ ਚਹਿਕਦੀਆਂ......
ਹਵਾਵਾਂ 'ਚ ਰੁਮਕਦੀਆਂ....
ਪਰ ਰੌਸ਼ਨ ਚਿਰਾਂਈ ਕੁੜੀਆਂ
ਉਲੀਕੇ ਰਾਹਾਂ ਨੂੰ ਕੱਟਣ
ਆਪਣੇ ਪੰਧਾਂ 'ਤੇ ਮੱਚਣ
ਆਪਣੇ ਹਾਸਿਲ ਨੂੰ ਚੱਖਣ....
ਉਸ ਵੇਲੇ ਬਹੁਤ ਮੈਨੂੰ
ਮਨ-ਭਾਉਂਦੀਆਂ ਨੇ ਕੁੜੀਆਂ
ਵਿਸ਼ ਦੀ ਉਮਰੇ ਜਦ
ਡੰਗ ਵੀ ਮਾਰਨ ਕੁੜੀਆਂ
ਤੇ ਹੋ ਨਿਬੜਨ
ਸ਼ਹਿਦ ਦੀਆਂ ਪੁੜੀਆਂ!

ਦਲਜੀਤ ਮੋਖਾ ਦੀ ਕਵਿਤਾ ਆਪਣੀ ਸੀਰਤ ਅਤੇ ਸਰੂਪ ਵਿਚ ਬੌਧਿਕ ਅੰਦਾਜ਼ ਵਾਲੀ ਅਤੇ ਮਾਨਵੀ ਸਰੋਕਾਰਾਂ ਵਾਲੀ ਡੂੰਘੀ ਅਤੇ ਸੰਜੀਦਾ ਕਵਿਤਾ ਹੈ। ਇਸ ਕਵਿਤਾ ਦੀ ਕਾਵਿ ਭਾਸ਼ਾ ਅਤੇ ਕਾਵਿ ਵਿਵੇਕ ਆਧੁਨਿਕਤਾ ਵਾਲਾ ਹੈ ਜਿਹੜਾ ਕਵਿਤਾ ਨੂੰ ਅਲੰਕ੍ਰਿਤ ਰੂਪ ਨਹੀਂ ਸਗੋਂ ਸੰਵਾਦੀ ਰੂਪ ਪ੍ਰਦਾਨ ਕਰਦਾ ਹੈ। ਵਾਧੂ ਵੇਰਵੇ ਅਤੇ ਬਿਰਤਾਂਤ ਦੀ ਦੀ ਥਾਵੇਂ ਕਵਿਤਾ ਦੀ ਇਕਾਗਰ ਹੋਂਦ ਪ੍ਰਤੀ ਚੇਤੰਨ ਉਹ ਅਜਿਹਾ ਸ਼ਾਇਰ ਹੈ ਜਿਹੜਾ ਪਰੰਪਰਾ ਅਤੇ ਯਥਾਰਥ ਦੀ ਸਿੱਧ-ਪੁੱਠ ਵਿਚੋਂ ਨਵੇਂ ਅਰਥ ਅਤੇ ਨਵੀਂ ਰੌਸ਼ਨੀ ਪੈਦਾ ਕਰਦਾ ਹੈ। ਇਸੇ ਕਰਕੇ ਨਾ ਉਹ ਵਿਚਾਰ ਪੱਖੋਂ ਪਰੰਪਰਾਵਾਦੀ ਹੈ ਅਤੇ ਨਾ ਹੀ ਕਾਵਿ ਭਾਸ਼ਾ ਅਤੇ ਕਾਵਿ ਸ਼ਿਲਪ ਪੱਖੋਂ ਰੂੜ੍ਹੀਵਾਦੀ ਹੈ। ਉਸ ਦੀ ਕਵਿਤਾ ਆਧੁਨਿਕ ਮਨੁੱਖ ਦੀ ਆਧੁਨਿਕ ਚੇਤਨਾ ਵਾਲੀ ਹੈ ਜਿਹੜੀ ਆਪਣੇ ਯੁੱਗ ਦੇ ਵਰਤਾਰਿਆਂ ਨਾਲ ਦਸਤਪੰਜਾ ਲੈਂਦੀ ਹੈ।

**ਡਾ. ਸਰਬਜੀਤ ਸਿੰਘ**
**ਪੰਜਾਬ ਯੂਨੀਵਰਸਿਟੀ**
**ਚੰਡੀਗੜ੍ਹ**
**9815574144**

# ਹਰਕੀਰਤ ਕੌਰ ਚਹਿਲ ਰਚਿਤ ਨਾਵਲ: ਆਦਮ ਗ੍ਰਹਿਣ

ਪ੍ਰੋ. ਸੋਨੀਆ

ਅਜੋਕੇ ਸਮੇਂ ਪਰਵਾਸੀ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਸਥਾਨਕ ਵਿਸ਼ੇਸ਼ ਦੇ ਮਸਲਿਆਂ ਦੇ ਨਾਲ-ਨਾਲ ਵਿਸ਼ਵ ਦੇ ਵਿਭਿੰਨ ਸਰੋਕਾਰਾਂ ਨੂੰ ਪ੍ਰਸਤੁਤ ਹੀ ਨਹੀਂ ਕਰ ਰਹੀਆਂ ਸਗੋਂ ਮਨੁੱਖੀ ਅਸਤਿੱਤਵ ਦੇ ਸੰਕਟ ਦੀ ਪਛਾਣ ਕਰਦਿਆਂ ਨਵੇਂ ਚਿੰਤਨ ਨੂੰ ਵੀ ਮੁਖਾਤਿਬ ਹੁੰਦੀਆਂ ਹਨ। ਇਨ੍ਹਾਂ ਵੱਖ-ਵੱਖ ਵੰਨਗੀਆਂ 'ਚੋਂ ਨਾਵਲ ਇਕ ਅਜਿਹਾ ਰੂਪਾਕਾਰ ਹੈ, ਜਿਸ ਨੇ ਪਰਵਾਸੀ ਜੀਵਨ ਨੂੰ ਦਰਪੇਸ਼ ਹਰ ਸਮੱਸਿਆ, ਸੰਭਾਵਨਾਵਾਂ ਤੇ ਵਿਸ਼ਵੀ ਵਰਤਾਰਿਆਂ ਨੂੰ ਪਾਠਕਾਂ ਸਨਮੁੱਖ ਕੀਤਾ ਹੈ। ਪਰਵਾਸੀ ਪੰਜਾਬੀ ਨਾਵਲ ਦੇ ਖੇਤਰ ਵਿਚ ਹਰਕੀਰਤ ਕੌਰ ਚਹਿਲ ਵਿਲੱਖਣ ਤੇ ਬਹੁਪੱਖੀ ਲੇਖਿਕਾ ਹੈ, ਜਿਸ ਨੇ ਵਿਸ਼ਵ ਦੇ ਸਨਮੁੱਖ ਅਜਿਹੇ ਵਿਸ਼ਿਆਂ ਨੂੰ ਪੁਨਰ ਸਿਰਜਿਤ ਕੀਤਾ ਹੈ, ਜਿਸ ਪ੍ਰਤੀ ਹਰ ਸਮਾਜ-ਸਭਿਆਚਾਰ ਦਾ ਰਵੱਈਆ ਮੂਕ ਦ੍ਰਿਸ਼ਟੀ ਵਾਲਾ ਹੀ ਰਿਹਾ ਹੈ।





ਹਰਕੀਰਤ ਕੌਰ ਚਹਿਲ ਦਾ ਨਵ-ਪ੍ਰਕਾਸ਼ਿਤ ਨਾਵਲ 'ਆਦਮ ਗ੍ਰਹਿਣ' (2019) (ਪੁਸਤਕ ਮੁੱਲ 250 ਰੁਪਏ; ਰਹਾਓ ਪਬਲੀਕੇਸ਼ਨ, ਨਿਹਾਲ ਸਿੰਘ ਵਾਲਾ) ਉਪਰੋਕਤ ਮਸਲਿਆਂ ਨਾਲ ਸਰੋਕਾਰਿਤ ਹੈ। ਇਸ ਨਾਵਲ ਦੇ ਕੁਲ 16 ਕਾਂਡ ਹਨ। ਜਿਸ ਵਿਚ ਕਿਨ੍ਹਰ ਸਮਾਜ ਪ੍ਰਤੀ ਸਾਡੇ ਸਮਾਜ ਦਾ ਬੇਰੁਖੀ ਤੇ ਬੇਮੁਖੀ ਵਾਲਾ ਰਵੱਈਆ ਅਤੇ ਕਿਨ੍ਹਰਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਬੜੀ ਹੀ ਬੇਬਾਕੀ ਨਾਲ ਬਿਰਤਾਂਤ ਸਿਰਜਣ ਦਾ ਆਹਰ ਕੀਤਾ ਹੈ। ਇਸ ਤੋਂ ਪਹਿਲਾਂ ਵੀ ਲੇਖਿਕਾ ਦੇ ਦੋ ਨਾਵਲ 'ਤੇਰੇ ਬਾਝੋਂ' ਤੇ 'ਥੋਹਰਾਂ ਦੇ ਫੁੱਲ' ਪ੍ਰਕਾਸ਼ਿਤ ਹੋ ਚੁੱਕੇ ਹਨ।ਇਹ ਨਾਵਲ ਇੱਕੀਵੀਂ ਸਦੀ ਦੀ ਵਿਕਸਤ ਪੂੰਜੀਵਾਦੀ ਵਿਵਸਥਾ 'ਚ ਇਕ ਅਜਿਹੇ ਸਮਾਜ ਨੂੰ ਕੇਂਦਰ ਵਿਚ ਲੈ ਕੇ ਆਉਂਦਾ ਹੈ, ਜੋ ਹੁਣ ਤੱਕ ਹਾਸ਼ੀਏ 'ਤੇ ਸੀ। ਲੇਖਿਕਾ ਦੀ ਇਹੀ ਵਿਲੱਖਣਤਾ ਹੈ ਕਿ ਉਸ ਨੇ ਸਮਾਜਕ ਤਾਣੇ-ਬਾਣੇ ਦੇ ਨੈਤਿਕ ਮੁੱਲਾਂ ਤੇ ਵਿਸ਼ਵੀ ਭਾਈਚਾਰੇ 'ਤੇ ਕਟਾਖ਼ਸ਼ ਕਰਦਿਆਂ ਹੋਇਆ ਸਮਾਜ ਦੇ ਉਹਲੇ 'ਚ ਪਏ ਉਸ ਸਮਾਜ ਨੂੰ ਮੁੱਖ ਧਾਰਾ ਨਾਲ ਜੋੜਨ ਦਾ ਹੀਆ ਕੀਤਾ ਹੈ, ਜੋ ਆਪਣੀ ਹੋਂਦ, ਅਸਤਿੱਤਵ ਤੇ ਪਛਾਣ ਨੂੰ ਸਰਾਪਿਆ ਹੋਇਆ ਸਮਝਦਾ ਸੀ।

**ਪਟੇਲ ਮੈਮੋਰੀਅਲ ਨੈਸ਼ਨਲ ਕਾਲਜ**
**ਰਾਜਪੁਰਾ**

# ਸੁਰਿੰਦਰ ਸਿਦਕ ਦਾ ਗ਼ਜ਼ਲ ਸੰਗ੍ਰਹਿ 'ਕੁਝ ਤਾਂ ਕਹਿ'

ਡਾ. ਮੁਨੀਸ਼ ਕੁਮਾਰ

ਪਰਵਾਸੀ ਪੰਜਾਬੀ ਗ਼ਜ਼ਲ ਦੇ ਖੇਤਰ 'ਚ ਸੁਰਿੰਦਰ ਸਿਦਕ 'ਰੂਹ ਦੀ ਗਾਨੀ' (2018) ਰਾਹੀਂ ਪ੍ਰਵੇਸ਼ ਕਰਦੀ ਹੈ। ਉਸ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਕੁਝ ਤਾਂ ਕਹਿ'(2019) ਨਵੇਂ ਸਰੋਕਾਰਾਂ ਦੇ ਪ੍ਰਸਤੁਤੀਕਰਨ ਦੇ ਨਾਲ-ਨਾਲ ਉਸ ਦੀ ਪ੍ਰੋੜ ਸਿਰਜਣਾਤਮਕਤਾ ਨੂੰ ਵੀ ਦਰਸਾਉਂਦਾ ਹੈ। ਗ਼ਜ਼ਲ ਸੰਗ੍ਰਹਿ 'ਕੁਝ ਤਾਂ ਕਹਿ' (ਕੀਮਤ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਰਾਹੀਂ ਸਿਦਕ ਨੇ ਬੜੇ ਹੀ ਸਰਲ ਤੇ ਸਪਾਟ ਢੰਗ




ਨਾਲ ਆਪਣੇ ਨਿੱਘੇ ਮਨੋਭਾਵਾਂ, ਚਾਵਾਂ, ਉਮੰਗਾਂ ਤੇ ਜਜ਼ਬਿਆਂ ਨੂੰ ਬੜੇ ਹੀ ਸੁਹਿਰਦਤਾ ਨਾਲ ਚਿਤਰਨ ਦਾ ਯਤਨ ਕੀਤਾ ਹੈ। ਇਸ ਸੰਗ੍ਰਹਿ ਵਿਚ ਲਗਭਗ 95 ਦੇ ਕਰੀਬ ਗ਼ਜ਼ਲਾਂ ਹਨ। ਉਸ ਦੀਆਂ ਗ਼ਜ਼ਲਾਂ ਵਿਚਲੇ ਸ਼ਿਅਰ ਵਿਕਸਤ ਪੂੰਜੀਵਾਦੀ, ਸੂਚਨਾ ਤੇ ਤਕਨਾਲੌਜੀ ਦੇ ਯੁੱਗ ਵਿਚ ਬਦਲਦੇ ਯੁੱਗ ਬੋਧ ਤੇ ਬਦਲਦੇ ਸਭਿਆਚਾਰਕ ਕਿਰਦਾਰ ਦੀ ਪੁਣ-ਛਾਣ ਕਰਦੇ ਨਜ਼ਰ ਆਉਂਦੇ ਹਨ। ਉਸ ਦਾ ਵਿਸ਼ੇਗਤ, ਰੂਪਗਤ ਤੇ ਭਾਸ਼ਾਗਤ ਨਿਭਾਉ ਉਸ ਦੀ ਸ਼ਾਇਰੀ ਨੂੰ ਵਿਲੱਖਣਤਾ ਪ੍ਰਦਾਨ ਕਰਦਾ ਹੈ ।ਉਸ ਦੀ ਗ਼ਜ਼ਲ ਯੋਗਤਾ ਇਹ ਹੈ ਕਿ ਨਾਰੀ ਹੋਂਦ, ਅਸਤਿੱਤਵ ਤੇ ਪਛਾਣ ਦੇ ਮਸਲਿਆਂ ਦੇ ਸਮਾਨਾਂਤਰ ਸਮੁੱਚੀ ਕਾਇਨਾਤ ਦੇ ਹਰ ਵਰਤਾਰੇ ਨੂੰ ਟੁੰਬਦੀ, ਕਟਾਖ਼ਸ ਕਰਦੀ ਅਤੇ ਵੰਗਾਰਦੀ ਹੈ। ਨਿਰਸੰਦੇਹ ਉਸ ਦਾ ਇਹ ਗ਼ਜ਼ਲ ਸੰਗ੍ਰਹਿ ਮਾਨਵੀ ਸਮਾਜ-ਸਭਿਆਚਾਰ ਦੇ ਬਦਲਦੇ ਸਰੋਕਾਰਾਂ ਦੀ ਕਨਸੋਅ ਲੈਂਦਾ ਹੋਇਆ ਆਪਣਾ ਪਰਿਪੇਖ ਸਿਰਜਦਾ ਹੈ, ਜਿਥੇ ਅਨੇਕਤਾ 'ਚ ਏਕਤਾ ਦਾ ਪ੍ਰਵਚਨ ਗੂੰਜਦਾ ਹੈ। ਸਥਾਨਕ ਵਿਸ਼ੇਸ਼ ਨਾਲ ਜੁੜਿਆ ਇਹ ਸੰਗ੍ਰਹਿ ਵਿਸ਼ਵੀ ਮਨੁੱਖ ਦੀ ਹੋਣੀ ਨੂੰ ਸਰੋਕਾਰਿਤ ਹੁੰਦਾ ਕਿਹਾ ਜਾ ਸਕਦਾ ਹੈ।ਸ਼ਾਇਰਾ ਰਵਾਇਤੀ ਕਦਰਾਂ-ਕੀਮਤਾਂ ਨੂੰ ਆਪਣੀ ਸੀਮਾ-ਰੇਖਾ ਬਣਾਉਣ ਦੀ ਥਾਂ ਇਸ ਤੋਂ ਅਗਾਂਹ ਇਸ ਨੂੰ ਅਜੋਕੇ ਸੰਦਰਭਾਂ ਤੇ ਪ੍ਰਸੰਗਾਂ ਦੇ ਨਵੇਂ ਜਾਵੀਏ ਤੋਂ ਵਿਸਤਾਰਦੀ ਨਜ਼ਰ ਆਉਂਦੀ ਹੈ।

**ਅਸਿਸਟੈਂਟ ਪ੍ਰੋਫੈਸਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**

# ਸਾਹਿਤਕ ਸਰਗਰਮੀਆਂ

## ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ
## ਪਰਵਾਸੀ ਪੰਜਾਬੀ ਸਾਹਿਤ ਅਧਿਅਨ ਕੇਂਦਰ




## ਸਾਲਾਨਾ ਕਾਨਫਰੰਸ-2019

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪਰਵਾਸੀ ਪੰਜਾਬੀ ਸਾਹਿਤ: ਗਲੋਬਲੀ ਪਰਿਪੇਖ ਵਿਸ਼ੇ 'ਤੇ 21-22 ਫਰਵਰੀ 2019 ਨੂੰ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਇਹ ਕਾਨਫਰੰਸ ਪੰਜਾਬ ਭਵਨ, ਸਰੀ (ਕੈਨੇਡਾ), ਸ਼ਾਸਤਰੀ ਇੰਡੋ ਕੈਨੇਡੀਅਨ ਇੰਸਟੀਚਿਊਟ ਦਿੱਲੀ, ਇੰਡੋਜ਼ ਪੰਜਾਬੀ ਸਾਹਿਤ ਅਕੈਡਮੀ, ਆਸਟਰੇਲੀਆ, ਸਾਹਿਤ ਸੁਰ ਸੰਗਮ ਸਭਾ ਇਟਲੀ ਤੇ ਪ੍ਰਾਈਮ ਏਸ਼ੀਆ ਮੀਡੀਆ ਕੈਨੇਡਾ ਦੇ ਸਹਿਯੋਗ ਨਾਲ ਕਰਵਾਈ ਗਈ, ਇਸ ਕਾਨਫਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਪ੍ਰੋ. ਗੁਰਭਜਨ ਸਿੰਘ ਗਿੱਲ, ਕੋਆਰਡੀਨੇਟਰ ਪੰਜਾਬ

ਭਵਨ ਸਰੀ, ਕੈਨੇਡਾ ਵੱਲੋਂ ਉਦਘਾਟਨੀ ਭਾਸ਼ਣ ਦਿੱਤਾ ਗਿਆ ਪ੍ਰਧਾਨਗੀ ਭਾਸ਼ਣ ਸ. ਰਵਨੀਤ ਸਿੰਘ ਬਿੱਟੂ, ਮਾਨਯੋਗ ਮੈਂਬਰ,ਲੋਕ ਸਭਾ ਵੱਲੋਂ ਅਤੇ ਕੁੰਜੀਵਤ ਭਾਸ਼ਣ ਡਾ. ਰਾਣਾ ਨਈਅਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਦਿੱਤਾ ਗਿਆ। ਕਾਨਫਰੰਸ ਦੇ ਪਹਿਲੇ ਦਿਨ ਪ੍ਰੋ. ਜੌਹਨ ਰੀਡ ਵਾਈਸ ਪ੍ਰੈਜ਼ੀਡੈਂਟ ਸ਼ਾਸਤਰੀ ਇੰਡੋ ਕੈਨੇਡੀਅਨ ਇੰਸਟੀਚਿਊਟ ਸੇਂਟ ਮੈਰੀ ਯੂਨੀਵਰਸਿਟੀ ਹੈਲੀਫੈਕਸ, ਕੈਨੇਡਾ, ਡਾਕਟਰ ਪ੍ਰਾਚੀ ਕੋਲ ਡਾਇਰੈਕਟਰ ਸ਼ਾਸਤਰੀ ਇੰਡੋ ਕੈਨੇਡੀਅਨ ਇੰਸਟੀਚਿਊਟ , ਸ. ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ, ਕੈਨੇਡਾ, ਡਾ. ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬ ਸਾਹਿਤ ਅਕੈਡਮੀ ਚੰਡੀਗੜ੍ਹ, ਸ. ਗੁਰਭੇਜ ਸਿੰਘ ਗੁਰਾਇਆ ਸਕੱਤਰ ਪੰਜਾਬੀ ਅਕੈਡਮੀ, ਦਿੱਲੀ, ਸ. ਅਮਨ ਖਟਕੜ ਸੀ.ਈ.ਓ. ਪ੍ਰਾਈਮ ਏਸ਼ੀਆ ਮੀਡੀਆ ਕੈਨੇਡਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਰਸਮੀ ਤੌਰ ਤੇ ਜੀ ਆਇਆ ਕਿਹਾ।ਡਾ. ਸ਼. ਪ. ਸਿੰਘ(ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਮਹਿਮਾਨਾਂ ਨੂੰ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ।ਉਨ੍ਹਾਂ ਨੇ ਕਿਹਾ ਕਿ 2011 ਵਿੱਚ ਸਥਾਪਿਤ ਹੋਇਆ ਪਰਵਾਸੀ ਸਾਹਿਤ ਅਧਿਅਨ ਕੇਂਦਰ ਹੁਣ ਤੱਕ ਅਨੇਕਾਂ ਹੀ ਰਾਸ਼ਟਰੀ ਅੰਤਰਰਾਸ਼ਟਰੀ /ਸੈਮੀਨਾਰਾਂ ਤੇ ਕਾਨਫਰੰਸਾਂ ਦਾ ਆਯੋਜਨ, ਪਰਵਾਸੀ ਲੇਖਕਾਂ ਦੀਆਂ ਪੁਸਤਕਾਂ ਲੋਕ ਅਰਪਣ ਸਮਾਗਮ, ਰੂ-ਬ-ਰੂ ਸਮਾਗਮਾਂ ਦਾ ਆਯੋਜਨ ਕਰਵਾ ਚੁੱਕਾ ਹੈ। ਪਰਵਾਸੀ ਪੰਜਾਬੀ ਸਾਹਿਤ 'ਤੇ ਆਧਾਰਿਤ ਹੁਣ ਤੱਕ 7 ਆਲੋਚਨਾਤਮਕ ਪੁਸਤਕਾਂ (5 ਪੰਜਾਬੀ,1 ਹਿੰਦੀ ਤੇ 1 ਅੰਗਰੇਜ਼ੀ )ਪ੍ਰਕਾਸ਼ਿਤ ਕਰਵਾਈਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਇਸ ਸਭ ਦਾ ਉਦੇਸ਼ ਪਰਵਾਸੀ ਪੰਜਾਬੀ ਸਾਹਿਤ ਨੂੰ ਸੰਜੀਦਗੀ ਨਾਲ ਅਧਿਐਨ, ਵਿਸ਼ਲੇਸ਼ਣ ਦਾ ਹਿੱਸਾ ਬਣਾਉਣਾ ਹੈ ਤੇ ਪਰਵਾਸੀ ਪੰਜਾਬੀ ਲੇਖਕਾਂ ਪਾਠਕਾਂ ਤੇ ਆਲੋਚਕਾਂ ਨੂੰ ਇੱਕ ਸਾਂਝਾ ਮੰਚ ਮੁਹੱਈਆ ਕਰਨਾ ਹੈ

ਕਾਨਫਰੰਸ ਦੇ ਦੂਸਰੇ ਦਿਨ 5 ਅਕਾਦਮਿਕ ਸੈਸ਼ਨ ਬਹੁਤ ਹੀ ਸਫਲਤਾ ਪੂਰਵਕ ਢੰਗ ਨਾਲ ਚਲਾਏ ਗਏ ਜਿਸ ਵਿੱਚ ਵੱਖ ਵੱਖ ਕਾਲਜਾਂ ਯੂਨੀਵਰਸਿਟੀਆਂ ਦੇ ਅਧਿਆਪਕਾਂ ਤੇ ਖੋਜਾਰਥੀਆਂ ਨੇ ਆਪਣੇ ਖੋਜ ਪੱਤਰ ਪੇਸ਼ ਕੀਤੇ ਅਤੇ ਵਿਚਾਰ ਚਰਚਾ ਕੀਤੀ ਗਈ। ਬਾਅਦ ਦੁਪਹਿਰ ਪਰਵਾਸੀ ਪੰਜਾਬੀ ਲੇਖਕਾਂ ਲਈ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਨਮਾਨ ਸਮਾਰੋਹ ਦੀ ਪ੍ਰਧਾਨਗੀ


ਸ੍ਰੀ ਸ. ਸ. ਚੰਨੀ (ਆਈ. ਏ. ਐਸ.) ਮੁੱਖ ਸੂਚਨਾ ਕਮਿਸ਼ਨਰ ਪੰਜਾਬ ਨੇ ਕੀਤੀ। ਇਸ ਸਮਾਰੋਹ ਵਿੱਚ ਪਰਵਾਸੀ ਲੇਖਕਾਂ ਨੇ ਆਪਣੀ ਸਾਹਿਤ ਸਿਰਜਣਾ ਦੇ ਅਨੁਭਵ ਸਰੋਤਿਆਂ ਨਾਲ ਸਾਂਝੇ ਕੀਤੇ। ਡਾ. ਸ. ਪ. ਸਿੰਘ ਨੇ ਇਸ ਮੌਕੇ ਤੇ ਇਹ ਵੀ ਐਲਾਨ ਕੀਤਾ 2020 ਨੂੰ ਹੋਣ ਵਾਲੀ ਕਾਨਫਰੰਸ ਵਿੱਚ ਪਰਵਾਸੀ ਸਾਹਿਤ ਚਿੰਤਨ, ਖੋਜ ਕਾਰਜ ਤੇ ਪ੍ਰਕਾਸ਼ਨਾਵਾਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਨੂੰ ਪਰਵਾਸੀ ਕੇਂਦਰ ਵੱਲੋਂ ਸਨਮਾਨਿਤ ਕੀਤਾ ਜਾਵੇਗਾ ਇਸ ਮੌਕੇ ਤੇ 40 ਪਰਵਾਸੀ ਪੰਜਾਬੀ ਲੇਖਕਾਂ ਨੂੰ ਕੇਂਦਰ ਵੱਲੋਂ ਸਨਮਾਨਿਤ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਕਾਨਫਰੰਸ ਵਿੱਚ ਸ਼ਿਰਕਤ ਕਰਨ ਵਾਲੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸਾਡੀ ਦਿਲੀ ਇੱਛਾ ਹੈ ਕਿ ਵੱਧ ਤੋਂ ਵੱਧ ਪਰਵਾਸੀ ਪੰਜਾਬੀ ਲੇਖਕ ਤੇ ਸਾਹਿਤ ਸਭਾਵਾਂ ਸਾਡੇ ਇਸ ਕੇਂਦਰ ਨਾਲ ਜੁੜਨ ਤਾਂ ਜੋ ਅਸੀਂ ਭਵਿੱਖ ਵਿੱਚ ਹੋਰ ਸਾਰਥਕ ਯਤਨ ਕਰ ਸਕੀਏ।



**ਸਮਾਪਨ ਸਮਾਰੋਹ ਸਮੇਂ ਸ੍ਰੀ ਸ. ਸ. ਚੰਨੀ (ਆਈ. ਏ. ਐਸ.)**
**ਮੁੱਖ ਸੂਚਨਾ ਕਮਿਸ਼ਨਰ ਪੰਜਾਬ ਨੂੰ ਸਨਮਾਨਤ ਕਰਦੇ ਹੋਏ**

# ਅਜਾਇਬ ਸਿੰਘ ਸੰਧੂ ਦੀ ਪੁਸਤਕ 'ਯਾਰ ਪਰਦੇਸੀਆਂ' ਲੋਕ ਅਰਪਨ



ਕੈਨੇਡਾ ਵਾਸੀ ਸ਼ਾਇਰ ਅਜਾਇਬ ਸਿੰਘ ਸੰਧੂ ਦੀ ਨਵ ਪ੍ਰਕਾਸ਼ਿਤ ਕਾਵਿ ਪੁਸਤਕ 'ਯਾਰ ਪਰਦੇਸੀਆਂ' ਲੋਕ ਅਰਪਨ ਕੀਤੀ ਗਈ। ਇਸ ਮੋਕੇ ਤੇ ਨਾਮਵਰ ਸ਼ਾਇਰ ਗੁਰਭਜਨ ਗਿੱਲ ਤੇ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਪੁਸਤਕ ਦੇ ਵਿਭਿੰਨ ਪਹਿਲੂਆਂ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ।

# ਪੰਜਾਬ ਭਵਨ ਸਰੀ ਵੱਲੋਂ ਸਾਲਾਨਾ ਸਮਾਗਮ




ਪੰਜਾਬ ਭਵਨ ਸਰੀ ਵੱਲੋਂ ਦੋ ਰੋਜ਼ਾ ਤੀਜਾ ਸਾਲਾਨਾ ਸੰਮੇਲਨ 27-28 ਅਕਤੂਬਰ 2018 ਨੂੰ ਕਰਵਾਇਆ ਗਿਆ। ਇਸ ਸਮਾਗਮ ਵਿੱਚ ਗੁਜਰਾਂਵਾਲਾ ਗੁਰੁ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋ. ਸਰਬਜੀਤ ਸਿੰਘ ਅਤੇ ਡਾ. ਸੁਸ਼ਮਿੰਦਰਜੀਤ ਕੌਰ ਵੱਲੋਂ ਇਸ ਅੰਤਰਰਾਸ਼ਟਰੀ ਕਾਨਫਰੰਸ ਵਿਚ ਖੋਜ ਪੱਤਰ ਪ੍ਰਸਤੁਤ ਕੀਤੇ ਗਏ। ਪੰਜਾਬੀ ਵਿਭਾਗ ਦੇ ਮੁੱਖੀ ਪ੍ਰੋਫੈਸਰ ਸਰਬਜੀਤ ਸਿੰਘ ਨੇ ਗੁਰਬਾਣੀ ਨੂੰ ਆਧਾਰ ਬਣਾ ਕੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾ ਨੇ ਕਿਹਾ ਕਿ ਅੱਜ ਸਾਡੇ ਸਮਾਜ ਵਿਚ ਨਸ਼ਿਆਂ ਸਮੇਤ ਫੈਲੀਆਂ ਹੋਰ ਅਨੇਕਾਂ ਅਲਾਮਤਾਂ ਦਾ ਕਾਰਨ ਇਹ ਹੈ ਕਿ ਅੱਜ ਅਸੀਂ ਗੁਰਮਤ ਵਿਚਾਰਧਾਰਾ ਨੂੰ ਅੱਖੋਂ ਪਰੋਖੇ ਕਰ ਦਿਤਾ ਹੈ। ਸਾਡੀ ਕਹਿਣੀ ਅਤੇ ਕਰਨੀ ਇਕ ਨਹੀਂ ਰਹੀ। ਉਹਨਾਂ ਨੇ ਇਸ ਗੱਲ ਉੱਤੇ ਵਿਸ਼ੇਸ਼ ਜੋਰ ਦਿੱਤਾ ਕਿ ਨਸ਼ਿਆਂ ਦੀ ਅਲਾਮਤ ਸਮਾਜ ਵਿਚ ਉਨੀ ਦੇਰ ਸਮਾਜ ਵਿਚੋਂ ਖਤਮ ਨਹੀਂ ਹੋ ਸਕਦੀ ਜਿਨੀ ਦੇਰ ਤੱਕ ਅਸੀਂ ਸ਼ਰਾਬ ਨੂੰ ਨਸ਼ਾ ਨਹੀਂ ਮੰਨਦੇ। ਸ਼ਰਾਬ ਹੀ ਸਭ ਨਸ਼ਿਆਂ ਦੀ ਜਨਮਦਾਤੀ ਹੈ ਅਤੇ ਇਸਦੀ ਸਾਡੇ ਘਰਾਂ ਵਿਚ ਬੱਚਿਆਂ ਸਾਹਮਣੇ ਵਰਤੋਂ ਏਨੀ ਘਾਤਕ ਹੈ ਕਿ ਜਿਸ ਦਾ ਸਾਨੂੰ ਅੰਦਾਜਾ ਵੀ ਨਹੀਂ। ਉਹਨਾਂ ਨੇ ਕਿਹਾ ਕਿ ਅਧਿਆਪਕ ਵਰਗ ਨੂੰ ਵੀ ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ ਉਹ ਆਪਣੇ ਵਿਦਿਆਰਥੀਆਂ ਲਈ ਰੋਲ ਮਾਡਲ ਬਣਨ ਅਤੇ ਵਿਦਿਆਰਥੀਆਂ ਨੂੰ ਨੇਕ ਮਨੁੱਖ ਬਣਨ ਲਈ ਪ੍ਰੇਰਨਾ ਦੇਣ। ਇਸੇ ਹੀ ਕਾਲਜ ਦੇ ਅੰਗਰੇਜੀ ਵਿਭਾਗ ਦੇ ਮੁੱਖੀ ਡਾ. ਸੁਸ਼ਮਿੰਦਰ ਕੌਰ

ਨੇ ਗੁਰਪ੍ਰੀਤ ਸਿੰਘ ਤੂਰ ਦੀ ਨਵ ਪ੍ਰਕਾਸ਼ਿਤ ਪੁਸਤਕ 'ਸੰਭਲੋ ਪੰਜਾਬ' ਆਧਾਰ ਬਣਾ ਕੇ ਆਪਣਾ ਖੋਜ ਪੱਤਰ ਪ੍ਰਸਤੁਤ ਕੀਤਾ। ਇਸ ਪੁਸਤਕ ਦੀ ਕੇਂਦਰੀ ਸੁਰ ਨਸ਼ਿਆਂ 'ਚ ਪੰਜਾਬ ਦੀ ਗਰਕ ਹੁੰਦੀ ਜਾ ਰਹੀ ਜਵਾਨੀ ਨੂੰ ਆਪਣੇ ਕਲਾਵੇ ਵਿੱਚ ਲੈਂਦੀ ਹੈ ਉਨ੍ਹਾਂ ਨੇ ਪੁਸਤਕ ਦੇ ਹਵਾਲਿਆਂ ਨਾਲ ਪੰਜਾਬ ਦੀ ਤ੍ਰਾਸਦਿਕ ਤਸਵੀਰ ਨੂੰ ਪੇਸ਼ ਕੀਤਾ ਅਤੇ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿਚ ਧਕੇਲਣ ਵਿਚ ਸਰਕਾਰਾਂ, ਪੰਜਾਬ ਪੁਲਿਸ ਦੇ ਰੋਲ ਅਤੇ ਨਸ਼ਿਆਂ ਰਾਹੀਂ ਚੰਦ ਪੈਸੇ ਕਮਾਉਣ ਦੀ ਲਾਲਸਾ ਨੂੰ ਅਗਰਸਰ ਕੀਤਾ। ਸਮਾਗਮ ਦੇ ਅੰਤ ਵਿਚ ਪੰਜਾਬ ਭਵਨ ਦੇ ਪ੍ਰਤੀਨਿਧਾਂ ਵਲੋਂ ਪ੍ਰੋ. ਸਰਬਜੀਤ ਸਿੰਘ ਅਤੇ ਡਾ. ਸੁਸ਼ਮਿੰਦਰਜੀਤ ਕੌਰ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।



**ਪੰਜਾਬ ਭਵਨ, ਸਰੀ (ਕੈਨੇਡਾ) ਵਿਖੇ 26-27 ਅਕਤੂਬਰ 2018 ਨੂੰ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸਰਬਜੀਤ ਸਿੰਘ ਤੇ ਅੰਗਰੇਜੀ ਵਿਭਾਗ ਦੇ ਮੁਖੀ ਡਾ. ਸੁਸ਼ਮਿੰਦਰ ਕੌਰ ਨੇ ਆਪਣੇ ਖੋਜ-ਪੱਤਰ ਪ੍ਰਸਤੁਤ ਕੀਤੇ।**

# ਦੇਸ਼/ਵਿਦੇਸ਼ ਦੀਆਂ ਸਾਹਿਤਕ ਸਰਗਰਮੀਆਂ

## ਲਾਇਬ੍ਰੇਰੀ ਡੈਲਟਾ (ਕੈਨੇਡਾ) ਵਿਖੇ ਸਾਹਿਤਕ ਸਮਾਗਮ




ਜਾਰਜ ਮੈਕੀ ਲਾਇਬਰੇਰੀ ਡੈਲਟਾ ਵਲੋਂ ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸਮਰਪਤ ਕੀਤੀ ਹੋਈ ਹੈ। ਇਸ ਸ਼ਾਮ ਦੇ ਪ੍ਰੋਗਰਾਮ ਵਿਚ ਦੋ ਸਾਹਿਤਕ ਸ਼ਖਸੀਅਤਾਂ ਨੂੰ ਸਰੋਤਿਆਂ ਦੇ ਰੂਬਰੂ ਕੀਤਾ ਜਾਂਦਾ ਹੈ।ਇਸ ਵਾਰ ਬਾਲ ਗੀਤ ਕਾਰ ਬਹਾਦਰ ਡਾਲਵੀ ਤੇ ਅਦਾਕਾਰ ਬੀ ਕੇ ਸਿੰਘ ਰੱਖੜਾ ਸਰੋਤਿਆਂ ਦੇ ਰੂਬਰੂ ਹੋਏ।

ਸਭ ਤੋਂ ਪਹਿਲਾਂ ਇਸ ਸ਼ਾਮ ਦੇ ਸੰਚਾਲਕ ਮੋਹਨ ਗਿੱਲ ਨੇ ਸਮੂਹ ਸਾਹਿਤਕ ਸੰਸਥਾਵਾਂ ਤੇ ਸਾਹਿਤਕਾਰਾਂ ਦੇ ਸਹਿਯੋਗ ਨਾਲ ਚਲਾਏ ਜਾ ਰਹੇ ਇਸ ਪ੍ਰੋਗਰਾਮ ਬਾਰੇ ਸੰਖੇਪ ਜਾਣਕਾਰੀ ਦੇ ਕੇ ਸਮਾਗਮ ਵਿਚ ਆਏ ਸਰੋਤਿਆਂ ਨੂੰ 'ਜੀ ਆਇਆਂ' ਕਿਹਾ ਅਤੇ ਅਜੇਹੇ ਠੰਡੇ ਮੌਸਮ ਵਿਚ ਉਹਨਾਂ ਦੇ ਇਸ ਸਾਹਿਤਕ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ। ਉਸ ਉਪਰੰਤ ਉਹਨਾਂ ਬਹਾਦਰ ਡਾਲਵੀ ਨੂੰ ਸਰੋਤਿਆਂ ਸਨਮੁਖ ਕੀਤਾ। ਬਹਾਦਰ ਡਾਲਵੀ ਨੇ ਗੱਲਬਾਤ ਸ਼ੁਰੂ ਕਰਦਿਆਂ ਦਸਿਆ ਕਿ ਬਚਪਨ ਵਿਚ ਹੁੰਦੀ ਬਾਲ ਸਭਾ ਤੋਂ ਉਹਨਾਂ ਨੂੰ ਤੁਕਬੰਦੀ ਦਾ ਸ਼ੌਕ ਪਿਆ ਤੇ ਫਿਰ ਪ੍ਰੌੜ ਲਿਖਾਰੀਆਂ ਨਾਲ ਮੇਲ ਜੋਲ ਰਾਹੀਂ ਉਹ ਗੀਤਕਾਰੀ ਦੇ ਖੇਤਰ ਵਿਚ ਆਏ। ਉਹਨਾਂ ਦੱਸਿਆ ਕਿ ਅਨੇਕਾਂ ਗੀਤ ਰੀਕਾਰਡ ਵੀ ਹੋ ਚੁੱਕੇ ਹਨ ।

# ਐੱਨ. ਆਰ. ਆਈ. ਕਮਿਸ਼ਨ



ਸ: ਗੁਰਬਚਨ ਸਿੰਘ ਗਰੇਵਾਲ (ਅਮਰੀਕਾ) ਪੰਜਾਬ ਰਾਜ ਐੱਨ. ਆਰ. ਆਈ. ਕਮਿਸ਼ਨ ਦੇ ਮੈਂਬਰ ਵਜੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਤੇ ਖੇਡ ਮੰਤਰੀ ਰਾਣਾ ਸੋਢੀ ਮੌਜੂਦਗੀ ਵਿਚ ਅਹੁਦਾ ਸੰਭਾਲਦੇ ਹੋਏ




ਪਰਗਟ ਸਿੰਘ ਰੰਧਾਵਾ ਦੀ ਨਵ ਪ੍ਰਕਾਸ਼ਿਤ ਪੁਸਤਕ 'ਸਧਰਾਂ ਦਾ ਗੁਲਦਸਤਾ'




ਹਰਮਨਦੀਪ ਗਿੱਲ ਦੀ ਨਵ ਪ੍ਰਕਾਸ਼ਿਤ ਪੁਸਤਕ 'ਸਨਦ ਰਹੇ ਯਾਰੋ'

# ਜਰਮਨ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਸਾਂਝਾ ਸਮਾਗਮ



ਜੁਲਾਈ ਨੂੰ ਫਰੈਂਕਫਰਟ ਜਰਮਨ ਵਿੱਚ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਂਝਾ ਸਮਾਗਮ ਸਫ਼ਲਤਾ ਪੂਰਵਕ ਸੰਪੰਨ ਹੋਇਆ ਪੰਜਾਬ ਭਵਨ ਸਰੀ ਕੈਨੇਡਾ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸੁੱਖੀ ਬਾਠ ਨੇ ਯੂਰਪ ਦੇ ਸਮੂਹ ਪੰਜਾਬੀ ਭਾਈਚਾਰੇ ਨੂੰ ਇਕਜੁੱਟ ਹੋ ਕੇ ਕਾਫ਼ਲੇ ਦੇ ਰੂਪ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਮਿਲ ਕੇ ਕਾਰਜਸ਼ੀਲ ਹੋਣ ਦਾ ਸੱਦਾ ਦਿੱਤਾ। ਪ੍ਰੋ. ਅਜੀਤ ਸਿੰਘ ਜਰਮਨ ਨੇ ਯੂਰਪ ਵਿੱਚ ਪੰਜਾਬੀਆਂ ਦੀਆਂ ਮੌਜੂਦਾ ਤੇ ਭਵਿੱਖੀ ਸਮੀਖਿਆਵਾਂ ਤੇ ਚਾਨਣਾ ਪਾ ਕੇ ਭਵਿੱਖ ਲਈ ਚੰਗੇ ਸੁਝਾਅ ਦਿੰਦਿਆਂ ਬਾਖੂਬ ਹਾਜ਼ਰੀ ਲਗਵਾਈ। ਸ਼ਾਕਿਰ ਅਲੀ ਅਮਜਦ (ਪ੍ਰਧਾਨ ਅਦਬੀ ਤਨਜੀਮ ਪੰਚਨਾਦ ਜਰਮਨ) ਵੱਲੋਂ ਦੋਵਾਂ ਪੰਜਾਬਾਂ ਦੀ ਸਾਂਝੀਵਾਲਤਾ ਤੇ ਸਾਂਝੇ ਸੱਭਿਆਚਾਰ ਦਾ ਜ਼ਿਕਰ ਕਰਦਿਆਂ ਭਵਿੱਖ ਵਿੱਚ ਦੋਹਾਂ ਪੰਜਾਬਾਂ ਦੇ ਸ਼ੁਭ ਚਿੰਤਕਾਂ ਨੂੰ ਮਿਲ ਕੇ ਕੰਮ ਕਰਨ ਦਾ ਭਰੋਸਾ ਦਿਵਾਇਆ। ਮੰਚ ਸੰਚਾਲਕਾ ਅੰਜੂਜੀਤ ਸ਼ਰਮਾ ਨੇ ਜਿੱਥੇ ਸਾਰੇ ਬੁਲਾਰਿਆਂ ਦੀ ਜਾਣ ਪਛਾਣ ਕਰਵਾਈ ਉੱਥੇ ਇਹ ਵੀ ਕਿਹਾ ਕਿ ਅੱਜ ਸਾਨੂੰ ਦਰਿਆਵਾਂ ਤੋਂ ਪਾਰ ਸਾਗਰਾਂ ਵਿੱਚ ਵੱਸੇ ਇਸ ਤੀਜੇ ਪੰਜਾਬ ਨੂੰ ਵੀ ਸਾਂਝੇ ਤੌਰ ਤੇ ਸੋਚਣ ਸਮਝਣ ਤੇ ਵਿਚਾਰਨ ਦੀ ਲੋੜ ਹੈ।

**ਦਲਜਿੰਦਰ ਰਹਿਲ (ਇਟਲੀ)**

# ਪੰਜਾਬ ਭਵਨ ਸਰੀ ਦਾ ਸਾਲਾਨਾ ਸਮਾਗਮ




**ਸ੍ਰੀ ਸੁੱਖੀ ਬਾਠ 21-22 ਸਤੰਬਰ 2019 ਨੂੰ ਹੋਣ ਜਾ ਰਹੀ ਦੋ ਰੋਜ਼ਾ ਸਾਲਾਨਾ ਕਾਨਫਰੰਸ ਸਬੰਧੀ ਜਾਣਕਾਰੀ ਦਿੰਦੇ ਹੋਏ**

ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਕੈਨੇਡਾ ਦੇ ਉੱਘੇ ਬਿਜ਼ਨਸਮੈਨ ਸੁੱਖੀ ਬਾਠ ਵੱਲੋਂ ਸਰੀ ਕੈਨੇਡਾ 'ਚ ਪੰਜਾਬ ਭਵਨ ਦਾ ਬੀਜਿਆ ਗਿਆ ਬੀਜ 21 ਸਤੰਬਰ ਨੂੰ ਚੌਥੇ ਸਾਲ 'ਚ ਪ੍ਰਵੇਸ਼ ਕਰ ਜਾਵੇਗਾ। ਜਿਸ ਦੀ ਤੀਸਰੀ ਵਰ੍ਹੇਗੰਢ 21-22 ਸਤੰਬਰ ਨੂੰ ਸਰੀ 'ਚ ਬੜੇ ਉਤਸ਼ਾਹ ਨਾਲ ਮਨਾਈ ਜਾਵੇਗੀ।ਪੰਜਾਬ ਭਵਨ ਸਰੀ ਦੇ ਸੰਸਥਾਪਕ ਸੁੱਖੀ ਬਾਠ ਨੇ ਦੱਸਿਆ ਕਿ ਪੰਜਾਬ ਭਵਨ ਦੀ ਤੀਸਰੀ ਵਰੇਗੰਢ ਨੂੰ ਸਮਰਪਿਤ ਕਰਵਾਇਆ ਜਾ ਰਿਹਾ ਇਹ ਸੰਮੇਲਨ ਦੁਨੀਆਂ ਭਰ 'ਚ ਵੱਸਦੇ ਪੰਜਾਬੀ ਭਾਈਚਾਰੇ ਦੀ ਤੰਦਾਂ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਮਾਂ ਬੋਲੀ ਨੂੰ ਸਮਰਪਿਤ ਹੋਵੇਗਾ। ਉਨ੍ਹਾਂ ਦੱਸਿਆ ਕਿ ਯੂਰਪ ਦੇਸ਼ਾਂ ਦੇ ਨਾਲ ਨਾਲ ਪੂਰੀ ਦੁਨੀਆ 'ਚ ਵੱਸਦੇ ਪੰਜਾਬੀ ਭਾਈਚਾਰੇ ਨੂੰ ਆ ਰਹੀਆਂ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਵੱਖ ਵੱਖ ਬੁੱਧੀਜੀਵੀਆਂ ਵੱਲੋਂ ਵਿਚਾਰ ਚਰਚਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸੰਮੇਲਨ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ, ਜਿਸ ਸਬੰਧੀ ਕਵਿੰਦਰ ਚਾਂਦ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੰਮਾਂ ਦੀਆਂ ਡਿਊਟੀਆਂ ਦੀ ਵੰਡ ਹੋ ਚੁੱਕੀ ਹੈ। ਸੁੱਖੀ ਬਾਠ ਵੱਲੋਂ ਸੰਮੇਲਨ ਚ ਸ਼ਿਰਕਤ ਕਰਨ ਲਈ ਸਾਹਿਤਕ ਸਮਾਜਿਕ ਤੇ ਸੱਭਿਆਚਾਰਕ ਸ਼ਖ਼ਸੀਅਤਾਂ ਨੂੰ ਪਹੁੰਚਣ ਦਾ ਸੱਦਾ ਵੀ ਦਿੱਤਾ ਗਿਆ।

**ਮੋਹਨ ਗਿੱਲ (ਸਰੀ)**

# ਵੈਨਕੂਵਰ ਵਿਚਾਰ ਮੰਚ ਦਾ ਕਵੀ ਦਰਬਾਰ



ਅਪਰੈਲ ਮਹੀਨੇ ਵਿਚ ਵਿਸਾਖੀ ਤੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ੇਸ਼ ਕਵੀ ਦਰਬਾਰ ਵੈਨਕੂਵਰ ਵਿਚਾਰ ਮੰਚ ਵਲੋਂ 6 ਅਪਰੈਲ ਨੂੰ ਕਰਵਾਇਆ ਗਿਆ। ਜਰਨੈਲ ਆਰਟਸ ਗੈਲਰੀ ਤੇ ਗੁਰਦੀਪ ਆਰਟ ਅਕੈਡਮੀ ਦੇ ਚਿੱਤਰਾਂ ਨਾਲ ਸਜੇ ਵਿਹੜੇ ਵਿਚ ਲੋਅਰ ਮੇਨਲੈਂਡ ਦੇ ਚੋਣਵੇਂ ਕਵੀਆਂ ਤੇ ਸਾਹਿਤ ਪ੍ਰੇਮੀਆਂ ਦੇ ਭਰਵੇਂ ਇਕੱਠ ਨੂੰ ਜੀ ਆਇਆਂ ਕਹਿੰਦਿਆਂ ਹੋਇਆਂ ਮਲਵਈ ਗਿੱਧੇ ਦੇ ਨਾਮਵਰ ਕਲਾਕਾਰ ਅੰਗਰੇਜ ਬਰਾੜ ਨੇ ਵਿਸਾਖੀ ਦੀ ਮਹਤੱਤਾ ਦੇ ਨਾਲ ਨਾਲ ਦੱਸਿਆ ਕਿ ਇਸ ਪ੍ਰੋਗਰਾਮ ਦਾ ਵਿਚਾਰ ਕਿਵੇਂ ਬਣਿਆ 'ਤੇ ਜਾਣਕਾਰੀ ਦਿੱਤੀ ਕਿ ਇਹ ਸਲਾਨਾ ਪ੍ਰੋਗਰਾਮ ਭਵਿੱਖ ਵਿਚ ਲਗਾਤਾਰ ਕਰਵਾਇਆ ਜਾਵੇਗਾ ਤੇ ਇਸਨੂੰ ਵਡੇ ਪੱਧਰ 'ਤੇ ਕਰਿਆ ਕਰਾਂਗੇ। ਉਸਤੋਂ ਬਾਦ ਉਹਨਾਂ ਸ਼ਾਇਰ ਮੋਹਨ ਗਿਲ ਨੂੰ ਮੁਸ਼ਾਇਰੇ ਦਾ ਸੰਚਾਲਨ ਕਰਨ ਦਾ ਸੱਦਾ ਦਿੱਤਾ । ਮੋਹਨ ਗਿੱਲ ਨੇ ਸਾਰੇ ਹੀ ਸ਼ਾਇਰਾਂ ਨੂੰ ਵਾਰੀ ਵਾਰੀ ਪੇਸ਼ ਕਰਦਿਆਂ ਨਾਲੋ ਨਾਲ ਦਿਲਚਸਪ ਟੋਟਕਿਆਂ ਨਾਲ ਦਿਲ ਲਵਾਈ ਰਖਿਆ। ਸ਼ੁਰੂਆਤ ਮੀਨੂੰ ਬਾਵਾ ਦੀ ਸੁਰੀਲੀ ਅਵਾਜ ਵਿਚ ਪੇਸ਼ ਇਕ ਗੀਤ ਨਾਲ ਹੋਈ। ਵਖ ਵਖ ਸ਼ਾਇਰਾਂ , ਗਜ਼ਲਕਾਰਾਂ ਨੇ ਵਿਸਾਖੀ ਦੇ ਇਤਿਹਾਸਕ, ਸਭਿਆਚਾਰਕ ਤੇ ਭਾਈਚਾਰਕ ਪਹਿਲੂਆਂ ਤੇ ਨਜ਼ਰ ਪਵਾਉਂਦੀਆਂ ਰਚਨਾਵਾਂ ਦੇ ਨਾਲ ਨਾਲ ਮੌਜੂਦਾ ਰਾਜਨੀਤਕ ਤੇ ਸਮਾਜਕ ਵਿਸ਼ਿਆਂ ਨੂੰ ਪੇਸ਼ ਕਰਦੀਆਂ ਰਚਨਾਵਾਂ ਵੀ ਸਾਂਝੀਆਂ

ਕੀਤੀਆਂ।ਸ਼ਾਇਰਾਂ ਵਿਚ ਜਸਵਿੰਦਰ, ਕਵਿੰਦਰ ਚਾਂਦ, ਡਾ. ਗੁਰਮਿੰਦਰ ਸਿੱਧੂ, ਡਾ. ਬਲਦੇਵ ਸਿੰਘ ਖਹਿਰਾ, ਪ੍ਰਿਥੀਪਾਲ ਸਿੰਘ ਸੋਹੀ, ਦਵਿੰਦਰ ਕੌਰ ਜੌਹਲ, ਹਰਦਮ ਸਿੰਘ ਮਾਨ, ਗੁਰਵਿੰਦਰ ਸਿੰਘ ਧਾਲੀਵਾਲ, ਕ੍ਰਿਸ਼ਨ ਭਨੋਟ, ਇੰਦਰਜੀਤ ਸਿੰਘ ਧਾਮੀ, ਖੁਸ਼ਹਾਲ ਸਿੰਘ ਘਲੋਟੀ, ਗੁਰਮੀਤ ਸਿੰਘ ਸਿੱਧੂ, ਪਰਮਿੰਦਰ ਸਵੈਚ, ਨਰਿੰਦਰ ਬਾਹੀਆ, ਨਦੀਮ ਪਰਮਾਰ, ਬਹਾਦਰ ਡਾਲਵੀ, ਮਿਸ਼ਨ ਤੋਂ ਪਹੁੰਚੇ ਹਰੀ ਸਿੰਘ ਤਾਤਲਾ ਤੇ ਮਹਿਮਾ ਸਿੰਘ ਤੂਰ, ਸਿਆਟਲ ਤੋਂ ਬਲਿਹਾਰ ਸਿੰਘ ਲੇਹਲ, ਸੁਰਜੀਤ ਕਲਸੀ, ਸੋਹਨ ਸਿੰਘ ਪੂਨੀ, ਸੁੱਖ ਗੋਹਲਵੜ, ਹਰਦੇਵ ਸੋਢੀ ਅਸ਼ਕ ਤੋਂ ਇਲਾਵਾ ਬੀ. ਕੇ. ਸਿੰਘ ਰੱਖੜਾ ਵੀ ਸ਼ਾਮਲ ਸਨ। ਅਖੀਰ ਵਿਚ ਚਿਤਰਕਾਰ ਜਰਨੈਲ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਵੈਨਕੂਵਰ ਵਿਚਾਰ ਮੰਚ ਗੁਰੂ ਸਾਹਿਬਾਂ ਵਲੋਂ ਦਰਸਾਈ ਗੋਸ਼ਟੀ ਦੀ ਪਰੰਪਰਾ ਨੂੰ ਸਮਰਪਿਤ ਹੈ।

## ਗੁਲਸ਼ਨ ਦਿਆਲ ਦੀ ਪੁਸਤਕ ਲੋਕ ਅਰਪਨ




ਵੈਨਕੂਵਰ ਵਿਚਾਰ ਮੰਚ ਵੱਲੋਂ ਪੰਜਾਬ ਭਵਨ ਸਰੀ ਵਿਖੇ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਦੌਰਾਨ ਅਮਰੀਕਾ ਵਸਦੀ ਲੇਖਕਾ ਗੁਲਸ਼ਨ ਦਿਆਲ ਦੀ ਵਾਰਤਕ ਪੁਸਤਕ ਵਿਸ਼ਵ ਪਰਿਕਰਮਾ ਉੱਪਰ ਵਿਚਾਰ ਚਰਚਾ ਕੀਤੀ ਗਈ ਪ੍ਰਮੁੱਖ ਬੁਲਾਰਿਆਂ ਵਿੱਚੋਂ ਇੰਦਰਜੀਤ ਕੌਰ ਸਿੱਧੂ ਜਰਨੈਲ ਸਿੰਘ ਸੇਖਾ ਜਰਨੈਲ ਸਿੰਘ ਆਰਟਿਸਟ ਮੋਹਨ ਗਿੱਲ ਸ਼ਾਮਿਲ ਸਨ।

# ਕੈਨੇਡਾ ਦੀਆਂ ਸਾਹਿਤਕ ਸਰਗਰਮੀਆਂ




ਪੰਜਾਬੀ ਹੈਰੀਟੇਜ ਫ਼ਾਊਡੇਸ਼ਨ, ਕੈਨੇਡਾ ਵਲੋਂ ਕਾਨਫਰੰਸ ਵਿਚ ਗੁਰੂ ਨਾਨਕ ਬਾਣੀ 'ਤੇ ਗੰਭੀਰ ਵਿਚਾਰ ਚਰਚਾ



ਐਡਮਿੰਟਨ (ਕੈਨੇਡਾ) ਵਿਚ ਡਾ. ਅਗਨੀ ਸ਼ੇਖਰ ਦੀ ਕਾਵਿ ਪੁਸਤਕ 'ਜਵਾਹਰ ਟਨਲ' ਤੇ ਬਲਦੇਵ ਰਾਜ ਦੀ ਪੁਸਤਕ 'ਦ ਪਾਵਰ ਆਫ ਪੌਜ਼ੀਟਿਵ ਥਿੰਕਿੰਗ ਐਂਡ ਐਟੀਚਿਊਟ' ਲੋਕ ਅਰਪਨ

# ਸ਼ਰਧਾਂਜਲੀ
# ਪੂਰਨ ਸਿੰਘ ਯੂ.ਕੇ.

ਪ੍ਰਸਿੱਧ ਪੰਜਾਬੀ ਵਿਦਵਾਨ ਪੂਰਨ ਸਿੰਘ ਯੂ.ਕੇ. ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਹੁਣ ਤੱਕ ਉਹ ਪੰਜਾਬੀ ਵਿੱਚ ਉੱਨੀ ਤੇ ਹਿੰਦੀ ਵਿੱਚ ਚਾਰ ਪੁਸਤਕਾਂ



ਪ੍ਰਕਾਸ਼ਿਤ ਕਰਵਾ ਚੁੱਕੇ ਸਨ। ਇਸ ਤੋਂ ਇਲਾਵਾ ਪੰਜਾਬੀ ਸਾਹਿਤ ਜਗਤ ਵਿਚ ਜੀਵਨ ਦਾ ਆਚਾਰ, ਵਿਹਾਰ, ਕਿਰਦਾਰ ਉਸਾਰੀ ਤੇ ਸਵੈ ਵਿਕਾਸ ਮਾਰਗ ਬਾਰੇ ਉਨ੍ਹਾਂ ਦੀਆਂ ਲਗਭੱਗ ਦੋ ਦਰਜਨ ਪੁਸਤਕਾਂ ਛੱਪ ਚੁਕੀਆਂ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਘਰ ਸੁਖ ਵਸਿਆ ਬਾਹਰ ਸੁਖ ਪਾਇਆ,ਸ਼ਕਤੀ: ਇਕ ਦਾਰਸ਼ਨਿਕ ਅਧਿਐਨ,ਸੰਘਰਸ਼:ਇਕ ਸਮਾਜਿਕ ਅਧਿਐਨ, ਮਨੋਵਿਕਾਸ: ਕੁਝ ਸੰਕੇਤ ਕੁਝ ਸੁਝਾਉ,ਸੁੰਦਰਤਾ ਅਤੇ ਆਨੰਦ,ਬਾਬਾ ਰੂੜਾ ਅਤੇ ਹੋਰ ਕਹਾਣੀਆਂ,ਅੱਠਵਾਂ ਅਜੂਬਾ ਅਤੇ ਹੋਰ ਕਹਾਣੀਆ ਅਤੇ ਸਾਇੰਸ ਦਾ ਸੰਸਾਰ ਪ੍ਰਮੁੱਖ ਹਨ। ਉਹਨਾਂ ਦਾ ਚਿੰਤਨ ਸਤੇਹੀ ਪੱਧਰ ਤੇ ਸਮਝਣਾ ਔਖਾ ਹੈ। ਉਹਨਾ ਦੇ ਚਿੰਤਨ ਨੂੰ ਸਮਝਣ ਲਈ ਪਾਠਕ ਕੋਲ ਦਾਰਸ਼ਨਿਕ ਸੂਝ ਦਾ ਹੋਣਾ ਬੇਹੱਦ ਜ਼ਰੂਰੀ ਹੈ

ਦੀਨਾਨਗਰ (ਗੁਰਦਾਸਪੁਰ) ਤੋਂ ਛਪਦੇ ਰੂਪਾਂਤਰ ਮੈਗਜ਼ੀਨ ਦਾ ਸੰਪਾਦਨ ਉਨ੍ਹਾਂ ਨੇ ਆਪਣੇ ਵੀਰ ਪ੍ਰੋ:,ਵਰਿੰਦਰ ਸਿੰਘ ਨਾਲ ਰਲ ਕੇ ਆਰੰਭਿਆ ਸੀ ਅਤੇ ਉਨ੍ਹਾਂ ਦੀ ਮੌਤ ਮਗਰੋਂ ਹੁਣ ਦੀਨਾਨਗਰ ਵੱਸਦੇ ਕਵੀ ਸ. ਧਿਆਨ ਸਿੰਘ ਸ਼ਾਹ ਸਿਕੰਦਰ ਇਹ ਜ਼ੁੰਮੇਵਾਰੀ ਨਿਭਾ ਰਹੇ ਹਨ। ਨਿਰਸੰਦੇਹ ਉਨ੍ਹਾਂ ਦਾ ਇਹ ਸਦੀਵੀ ਵਿਛੋੜਾ ਪੰਜਾਬੀ ਚਿੰਤਨ ਦੇ ਖੇਤਰ ਵਿੱਚ ਨਾ ਭਰਨ ਵਾਲਾ ਘਾਟਾ ਹੋਵੇਗਾ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਦੀ ਪੁਸਤਕ 'ਮਨੁੱਖਤਾ ਦਾ ਭਵਿੱਖ: ਸਾਡੇ ਬੱਚੇ' ਛਪ ਕੇ ਆਈ ਸੀ ਜੋ ਮੈਨੂੰ ਉਨ੍ਹਾਂ ਦੇ ਸ਼ੁਭਚਿੰਤਕਾਂ ਨੇ ਭੇਜੀ ਸੀ।


ਪੂਰਨ ਸਿੰਘ ਜੀ ਦੇ ਸਦੀਵੀਂ ਵਿਛੋੜਾ ਦੇਣ ਤੇ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦਾ ਪਰਵਾਸੀ ਸਾਹਿਤ ਅਧਿਅਨ ਕੇਂਦਰ ਸੋਗ ਪ੍ਰਗਟ ਕਰਦਾ ਹੈ।


**ਪ੍ਰੋ. ਗੁਰਭਜਨ ਸਿੰਘ ਗਿੱਲ**


# ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ
# ਲੁਧਿਆਣਾ

## ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ

## ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪ੍ਰਕਾਸ਼ਿਤ ਪੁਸਤਕਾਂ

















## ਪੁਸਤਕ ਵਿਕਰੀ ਕੇਂਦਰ
## ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

# ਸਨਮਾਨਿਤ ਪਰਵਾਸੀ ਪੰਜਾਬੀ ਸਾਹਿਤਕਾਰ






ਪਰਵਾਸੀ ਪੰਜਾਬੀ ਸਾਹਿਤ ਕਾਨਫ਼ਰੰਸ 2019